ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 36 | 13 September to 19 September 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਭਾਰਤ ਨੂੰ ਵੰਡ ਰਹੀ ਹੈ ਨਫ਼ਰਤ ਦੀ ਸਿਆਸਤ : ਰਾਹੁਲ ਗਾਂਧੀ

- ਧਰੁਵੀਕਰਨ ਦੀ ਸਿਆਸਤ ਚੁੱਕ ਰਹੀ ਹੈ ਸਿਰ
- ਮੋਦੀ ਨੇ ਹੀ ਕਸ਼ਮੀਰ 'ਚ ਪੈਦਾ ਕੀਤੀ ਅਤਿਵਾਦੀਆਂ ਲਈ ਥਾਂ
- ਨੋਟਬੰਦੀ ਵੇਲੇ ਮੋਦੀ ਨੇ ਸੰਸਦ ਨੂੰ ਵੀ ਹਨੇਰੇ 'ਚ ਰੱਖਿਆ
- ਖੇਤੀ ਸੰਕਟ 'ਚ, ਕਿਸਾਨ ਕਰ ਰਹੇ ਨੇ ਖ਼ੁਦਕੁਸ਼ੀਆਂ
- ਜੋ ਕੁਝ ਹਾਸਲ ਹੋਇਆ, ਉਸ ਦੇ ਖ਼ਤਮ ਹੋਣ ਦਾ ਖ਼ਤਰਾ
- ਜ਼ੋਰ-ਜ਼ਬਰਦਸਤੀ ਵਾਲਾ ਚੀਨੀ ਤਰੀਕਾ ਨਹੀਂ ਚੱਲ ਸਕਦਾ
- ਮੋਹਰੀ 100 ਕੰਪਨੀਆਂ 'ਤੇ ਹੈ ਸਾਰਾ ਧਿਆਨ
- 2012 'ਚ ਕਾਂਗਰਸ ਅੰਦਰ ਹੰਕਾਰ ਆ ਗਿਆ ਸੀ
- ਮੈਂ ਪ੍ਰਧਾਨ ਮੰਤਰੀ ਬਣਨ ਲਈ ਤਿਆਰ
- ਪੂਰਾ ਭਾਰਤ ਹੀ ਪਰਿਵਾਰਵਾਦ ਨਾਲ ਚਲਦੈ"




ਬਰਕਲੇ/ਬਿਊਰੋ ਨਿਊਜ਼ :
ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਯੂਨੀਵਰਸਿਟੀ ਆਫ਼ ਕੈਲੇਫੋਰਨੀਆ ਵਿਚ ਸਮਕਾਲੀਨ ਭਾਰਤ ਅਤੇ ਵਿਸ਼ਵ ਦੇ ਇਸ ਸਭ ਤੋਂ ਵੱਡੇ ਲੋਕਤੰਤਰ ਦੇ ਭਵਿੱਖ 'ਤੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਭਾਜਪਾ 'ਤੇ ਧਰੁਵੀਕਰਨ ਦੀ ਸਿਆਸਤ ਕਰਨ ਦਾ ਦੋਸ਼ ਲਾਉਂਦਿਆਂ ਉਨ੍ਹਾਂ ਇਸ਼ਾਰਿਆਂ ਵਿਚ ਹੀ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਬਾਰੇ ਕਿਹਾ ਕਿ ਭਾਰਤ ਵਿਚ ਧਰੁਵੀਕਰਨ ਦੀ ਸਿਆਸਤ ਸਿਰ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਦਲਿਤ ਹੋਣ ਕਾਰਨ ਮਾਰਿਆ ਜਾ ਰਿਹਾ ਹੈ। ਮੁਸਲਮਾਨਾਂ ਨੂੰ ਗਊ ਮਾਸ ਖਾਣ ਦੇ ਸ਼ੱਕ 'ਤੇ ਮਾਰ ਦਿੱਤਾ ਜਾਂਦਾ ਹੈ। ਇਹ ਸਭ ਭਾਰਤ ਵਿਚ ਨਵਾਂ ਹੈ ਤੇ ਇਸ ਨੇ ਭਾਰਤ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਨਫ਼ਰਤ ਦੀ ਸਿਆਸਤ ਭਾਰਤ ਨੂੰ ਵੰਡ ਰਹੀ ਹੈ ਤੇ ਲੱਖਾਂ ਲੋਕਾਂ ਨੂੰ ਅਜਿਹਾ ਮਹਿਸੂਸ ਹੋਣ ਲੱਗਾ ਹੈ ਕਿ ਆਪਣੇ ਮੁਲਕ ਵਿਚ ਉਨ੍ਹਾਂ ਦਾ ਕੋਈ ਭਵਿੱਖ ਨਹੀਂ ਹੈ। ਅੱਜ ਦੀ ਆਪਸ ਵਿਚ ਜੁੜੀ ਦੁਨੀਆ ਵਿਚ ਇਹ ਬੇਹੱਦ ਖ਼ਤਰਨਾਕ ਹੈ।

ਰਾਹੁਲ ਨੇ ਕਸ਼ਮੀਰ ਹਿੰਸਾ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿਚ ਅਤਿਵਾਦੀਆਂ ਦੇ ਵਧਦੇ ਹੌਸਲਿਆਂ ਲਈ ਕੇਂਦਰ ਦੀ ਮੋਦੀ ਸਰਕਾਰ ਜ਼ਿੰਮੇਵਾਰ ਹੈ। ਰਾਹੁਲ ਨੇ ਕਿਹਾ ਕਿ ਕਸ਼ਮੀਰ ਦੀ ਸਿਆਸਤ ਵਿਚ ਨੌਜਵਾਨਾਂ ਨੂੰ ਲਿਆਉਣ ਦੇ ਮਾਮਲੇ ਵਿਚ

ਬਾਕੀ ਸਫ਼ਾ 33 'ਤੇ

## ਗੁਰਦਾਸਪੁਰ ਜ਼ਿਮਨੀ ਚੋਣ ਲਈ 11 ਅਕਤੂਬਰ ਨੂੰ ਵੋਟਾਂ

**ਚੰਡੀਗੜ੍ਹ/ਬਿਊਰੋ ਨਿਊਜ਼** : ਪੰਜਾਬ ਦੇ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਾਂ 11 ਅਕਤੂਬਰ ਨੂੰ ਪੈਣਗੀਆਂ। ਫਿਲਮ ਅਦਾਕਾਰ ਵਿਨੋਦ ਖੰਨਾ ਦੀ ਮੌਤ ਕਾਰਨ ਇਸ ਹਲਕੇ ਦੀ ਚੋਣ ਕਰਾਈ ਜਾ ਰਹੀ ਹੈ। ਚੋਣ ਕਮਿਸ਼ਨ ਨੇ ਇਸ ਹਲਕੇ ਲਈ ਵੋਟਾਂ ਦੀ ਤਰੀਕ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਭਾਵੇਂ ਉਮੀਦਵਾਰਾਂ ਦੇ ਨਾਮ ਅਜੇ ਤੈਅ ਨਹੀਂ ਕੀਤੇ, ਪਰ ਨਾਮਜ਼ਦਗੀ ਦਾਖ਼ਲ ਕਰਨ ਦਾ ਅਮਲ 15 ਸਤੰਬਰ ਤੋਂ ਆਰੰਭ ਹੋ ਜਾਵੇਗਾ। 22 ਸਤੰਬਰ ਤੱਕ ਕਾਗਜ਼ ਦਾਖਲ ਕੀਤੇ ਜਾ ਸਕਣਗੇ ਅਤੇ ਨਤੀਜਾ 15 ਅਕਤੂਬਰ ਨੂੰ ਐਲਾਨਿਆ ਆਵੇਗਾ। ਚੋਣ ਦਾ ਐਲਾਨ ਹੁੰਦਿਆਂ ਹੀ ਗੁਰਦਾਸਪੁਰ ਜ਼ਿਲ੍ਹੇ ਵਿਚ ਚੋਣ ਜ਼ਾਬਤਾ ਲੱਗ ਗਿਆ ਹੈ। ਇਸ ਸੰਸਦੀ ਹਲਕੇ ਤੋਂ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਦਰਮਿਆਨ ਤਿਕੋਣੀ ਟੱਕਰ ਹੋਣ ਦੇ ਆਸਾਰ ਹਨ। ਭਾਜਪਾ ਵੱਲੋਂ ਮਰਹੂਮ ਵਿਨੋਦ ਖੰਨਾ ਦੀ ਪਤਨੀ ਸ੍ਰੀਮਤੀ ਕਵਿਤਾ ਖੰਨਾ, ਸੀਨੀਅਰ ਆਗੂ ਅਵਿਨਾਸ਼ ਖੰਨਾ, ਸਾਬਕਾ ਵਿਧਾਇਕ ਅਸ਼ਵਨੀ ਸ਼ਰਮਾ ਅਤੇ ਸਵਰਨ ਸਲਾਰੀਆ ਦਾਅਵੇਦਾਰਾਂ ਵਿੱਚ ਸ਼ਾਮਲ ਹਨ। ਕਾਂਗਰਸ ਦੇ ਸਥਾਨਕ ਆਗੂਆਂ

ਬਾਕੀ ਸਫ਼ਾ 33 'ਤੇ

## ਸਿੱਖ ਕਤਲੇਆਮ 'ਤੇ ਬੋਲੇ ਰਾਹੁਲ
### *'ਮੈਂ ਨਿਆਂ ਲਈ ਉਨ੍ਹਾਂ ਦੇ ਨਾਲ'*

ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਹੋਏ ਸਿੱਖ ਕਤਲੇਆਮ ਦੀ ਨਿੰਦਾ ਕਰਦੇ ਹੋਏ ਕਿਹਾ, "ਮੈਂ ਉਨ੍ਹਾਂ ਦੇ ਨਿਆਂ ਲਈ ਉਨ੍ਹਾਂ ਦੇ ਨਾਲ ਹਾਂ।" ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਹਿੰਸਾ ਦੀ ਉਹ ਨਿੰਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਮੇਰੀ ਦਾਦੀ ਸਿੱਖਾਂ ਨੂੰ ਆਪਣਾ ਮੰਨਦੀ ਸੀ। ਜਦੋਂ ਉਹ ਚੋਣ ਹਾਰ ਗਈ, ਤਾਂ ਵੀ ਸਾਡੇ ਘਰ ਦੇ ਚਾਰੇ ਪਾਸੇ ਸਿੱਖ ਲੋਕ ਹੀ ਸਨ। ਰਾਹੁਲ ਨੇ ਕਿਹਾ, "ਮੈਂ ਬਚਪਨ ਤੋਂ ਹੀ ਹਿੰਸਾ ਦੀ ਤਾਰਸਦੀ ਝੱਲੀ ਹੈ। ਮੇਰੇ ਪਿਤਾ ਤੇ ਦਾਦੀ ਨੂੰ ਮਾਰ ਦਿੱਤਾ ਗਿਆ। ਮੈਨੂੰ ਜ਼ਿਆਦਾ ਹਿੰਸਾ ਝਲਣੀ ਪਈ ਹੈ। ਇਨ੍ਹੀਂ ਦਿਨੀਂ ਭਾਰਤ ਵਿਚ ਮੁਸਲਮਾਨਾਂ ਖ਼ਿਲਾਫ਼ ਹਿੰਸਾ ਹੋ ਰਹੀ ਹੈ। ਉਨ੍ਹਾਂ ਨੂੰ ਬੀਫ਼ ਖਾਣ ਦੇ ਸ਼ੱਕ 'ਤੇ ਮਾਰਿਆ ਜਾ ਰਿਹਾ ਹੈ ਤੇ ਨਾਲ ਹੀ ਦਲਿਤਾਂ ਦਾ ਵੀ ਸ਼ੋਸ਼ਣ ਕੀਤਾ ਜਾ ਰਿਹਾ ਹੈ।" ਰਾਹੁਲ ਨੇ ਕਿਹਾ, "ਜਿਨ੍ਹਾਂ ਲੋਕਾਂ ਨੇ ਮੇਰੀ ਦਾਦੀ ਨੂੰ ਗੋਲੀ ਮਾਰੀ, ਮੈਂ ਉਨ੍ਹਾਂ ਲੋਕਾਂ ਨਾਲ ਬੈਡਮਿੰਟਨ ਖੇਡਦਾ ਸੀ। ਮੈਨੂੰ ਪਤਾ ਹੈ ਕਿ ਹਿੰਸਾ ਨਾਲ ਕੀ ਨੁਕਸਾਨ ਹੁੰਦਾ ਹੈ। ਕਿਸੇ ਵੀ ਵਿਅਕਤੀ ਖ਼ਿਲਾਫ਼ ਹਿੰਸਾ ਹੋਣੀ ਗ਼ਲਤ ਗੱਲ ਹੈ।" ਉਨ੍ਹਾਂ ਕਿਹਾ ਕਿ ਜਦੋਂ ਤੁਸੀਂ ਆਪਣੇ ਲੋਕਾਂ ਨੂੰ ਖੋ ਬੈਠਦੇ ਹੋ, ਤਾਂ ਤੁਹਾਨੂੰ ਡੂੰਘੀ ਸੱਟ ਵੱਜਦੀ ਹੈ। ਹਿੰਸਾ ਨਾਲ ਕਿਸੇ ਦਾ ਭਲਾ ਨਹੀਂ ਹੋਣ ਵਾਲਾ।

# ਰੋਹਿੰਗਯਾ ਮੁਸਲਮਾਨਾਂ ਨੂੰ ਭਾਰਤ 'ਚੋਂ ਕੱਢਣ ਦੀਆਂ ਕੋਸ਼ਿਸ਼ਾਂ ਦੀ ਸੰਯੁਕਤ ਰਾਸ਼ਟਰ ਵਲੋਂ ਨਿੰਦਾ

## ਖਾਲਸਾ ਏਡ ਨੇ ਪੀੜਤਾਂ ਲਈ ਲਾਏ ਲੰਗਰ

**ਨਿਊ ਯਾਰਕ/ਬਿਊਰੋ ਨਿਊਜ਼ :**
ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਮੁਖੀ ਜੈਦ ਰਾਦ ਅਲ ਹੁਸੈਨ ਨੇ ਰੋਹਿੰਗਯਾ ਮੁਸਲਮਾਨਾਂ ਨੂੰ ਭਾਰਤ 'ਚੋਂ ਵਾਪਸ ਭੇਜਣ ਦੀ ਮੋਦੀ ਸਰਕਾਰ ਦੀ ਕੋਸ਼ਿਸ਼ ਦੀ ਨਿੰਦਾ ਕੀਤੀ ਹੈ। ਅਲ ਹੁਸੈਨ ਨੇ ਕਿਹਾ ਕਿ ਭਾਰਤ ਦੇ ਗ੍ਰਹਿ ਰਾਜ ਮੰਤਰੀ ਨੇ ਕਥਿਤ ਤੌਰ 'ਤੇ ਬਿਆਨ ਦਿੱਤਾ ਹੈ ਕਿ ਕਿਉਂਕਿ ਭਾਰਤ 'ਤੇ ਰਫਿਊਜੀ ਕਨਵੈਸ਼ਨ 'ਤੇ ਹਸਤਾਖ਼ਰ ਕਰਨ ਵਾਲਾ ਦੇਸ਼ ਨਹੀਂ ਹੈ, ਇਸ ਲਈ ਭਾਰਤ ਇਸ ਮਾਮਲੇ 'ਤੇ ਕੌਮਾਂਤਰੀ ਕਾਨੂੰਨ ਤੋਂ ਹਟ ਕੇ ਕੰਮ ਕਰ ਸਕਦਾ ਹੈ ਪਰ ਬੁਨਿਆਦੀ ਮਨੁੱਖੀ ਤਰਸ ਦੇ ਨਾਲ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਮੁਖੀ ਮੁਤਾਬਕ ਭਾਰਤ ਦਾ ਇਹ ਕਦਮ ਕੌਮਾਂਤਰੀ ਕਾਨੂੰਨਾਂ ਅਤੇ ਪ੍ਰਬੰਧਾਂ ਦੇ ਅਨੁਕੂਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਹਾਲਾਂਕਿ ਪ੍ਰਚੱਲਤ ਕਾਨੂੰਨ ਦੇ ਆਧਾਰ 'ਤੇ ਭਾਰਤ ਰੋਹਿੰਗਯਾ ਮੁਸਲਮਾਨਾਂ ਦਾ ਉਨ੍ਹਾਂ ਦੇਸ਼ਾਂ ਜਾਂ ਉਨ੍ਹਾਂ ਇਲਾਕਿਆਂ ਵਿਚ ਸਮੂਹਕ ਨਿਕਾਲਾ ਨਹੀਂ ਕਰ ਸਕਦਾ,



ਜਿੱਥੇ ਉਨ੍ਹਾਂ 'ਤੇ ਜ਼ੁਲਮ ਹੋਣ ਦਾ ਖ਼ਦਸ਼ਾ ਹੈ ਜਾਂ ਫਿਰ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਇਸ ਵਕਤ ਭਾਰਤ ਵਿਚ 40 ਹਜ਼ਾਰ ਰੋਹਿੰਗਯਾ ਮੁਸਲਮਾਨ ਰਹਿੰਦੇ ਹਨ, ਇਨ੍ਹਾਂ ਵਿਚੋਂ 16 ਹਜ਼ਾਰ ਲੋਕਾਂ ਨੇ ਸ਼ਰਨਾਰਥੀ ਦਸਤਾਵੇਜ਼ ਵੀ ਹਾਸਲ ਕਰ ਲਏ ਹਨ।

ਉਧਰ ਮਿਆਂਮਾਰ ਦੇ ਰਖਾਈਨ ਵਿਚ ਜਾਰੀ ਹਿੰਸਾ ਮਗਰੋਂ ਉਥੋਂ ਭੱਜੇ ਹਜ਼ਾਰਾਂ ਰੋਹਿੰਗਯਾ ਮੁਸਲਮਾਨ ਸ਼ਰਨਾਰਥੀਆਂ

ਬਾਕੀ ਸਫ਼ਾ 33 'ਤੇ

# ਸਿੱਖ ਭਾਈਚਾਰੇ ਵਲੋਂ ਰਾਹੁਲ ਖ਼ਿਲਾਫ਼ ਰੋਸ ਮੁਜ਼ਾਹਰਾ

### *'ਰਾਹੁਲ ਗਾਂਧੀ ਦੀ ਕਾਂਗਰਸ 1984 ਸਿੱਖ ਕਤਲੇਆਮ ਦੀ ਦੋਸ਼ੀ ਹੈ'*

**ਬਾਰਕਲੇ/ਬਿਊਰੋ ਨਿਊਜ਼:**
ਭਾਰਤ ਵਿੱਚ ਸਿੱਖ ਉੱਤੇ ਜ਼ੁਲਮ ਢਾਹੁਣ ਵਾਲੀ ਤੇ ਅਪਰੇਸ਼ਨ ਬਲਿਊ ਸਟਾਰ ਦੀ ਕਰਤਾ ਧਰਤਾ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਪੋਤਰੇ ਅਤੇ ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਰਹੁਲ ਗਾਂਧੀ ਨੂੰ ਬੀਤੇ ਦਿਨ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ 'ਚ 1984 'ਚ ਸਿੱਖ ਵਿਰੋਧੀ ਦੰਗਿਆਂ ਦੇ ਪੀੜ੍ਹਤਾਂ ਅਤੇ ਸਿੱਖ ਭਾਈਚਾਰੇ ਵਲੋਂ ਜਬਰਦਸਤ ਰੋਸ ਮੁਜ਼ਾਹਰਾ ਕੀਤਾ ਗਿਆ। ਯੂਨੀਵਰਸਿਟੀ ਵਲੋਂ ਭਾਸ਼ਨ ਕਰਨ ਲਈ ਬੁਲਾਏ ਗਏ ਰਾਹੁਲ ਗਾਂਧੀ ਨੂੰ ਸਿੱਖਾਂ ਵਲੋਂ ਉਸ ਵਿਰੁਧ ਕੀਤੇ ਰੋਸ ਪ੍ਰਿਦਰਸ਼ਨ ਦੇ ਨਾਲ ਅਪਣੇ ਭਾਸ਼ਨ ਦੌਰਾਨ ਦੋਸ਼ੀ ਕਾਂਗਰਸੀ ਆਗੂਆਂ ਨੂੰ ਬਚਾਉਣ ਦੇ ਦੋਸ਼ਾਂ ਦਾ ਵੀ ਸਾਹਮਣਾ ਕਰਨਾ ਪਿਆ ।

ਬਾਕੀ ਸਫ਼ਾ 33 'ਤੇ




For Advertisements in Quomantry Amritsar Times Please Call :
Jai Singh
510-677-2777













UNITED SPORTS CLUB CALIFORNIA, AMERICA
13th World Kabaddi Cup
17 Sep 2017, Sunday
(9:00am-6:00pm)
James Logan High School 1800 H Street,
Union City, California 94587
UNITED SPORTS CLUB, CALIFORNIA AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆਂ ਅਮਰੀਕਾ
Amolak Singh Gakhal
Patron
United Sports Club
ਰੰਗ ਕਬੱਡੀ ਦੇ
Teerath Gakhal
Makhan Singh Bains Chairman
Iqbal Singh Gakhal V. Chairman
Balvir Singh Bhatia President
Palwinder Singh Gakhal Director
Jugraj Singh Sahota v. President
Gurdawar Singh Maheru G. Secretary
S. Ashok Bhaura G. Secretary Media Incharge
Pinki Atwal Director
Sadhu Singh Advisor
Narinder Singh Sahota Treasurer
Dalvinder Singh Padda Director
Natha Singh Gakha Advisor
Debi Sohal Sidhwa Dona Director
Bakhtawar Singh Gakhal Director
Jasvir Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulvinder Singh Gakhal Director
Karamjit Singh Talwandi Director
Harjinder Ladhar Advisor
Late. Paramjit Singh Pammi
(Kabaddi Coach)
United Sports Club
Offers flowers of devotion
Chief Guest
Makhan Singh Dhaliwal
Opening
Surjit Singh Tutt
Sewa Singh Randhawa
Sponsor of 1st Prize
DIAMOND TRANSPORTATION
From Gulvinder Gakhal, Neki Atwal and Pinki Atwal of Diamond Trucking
Sponsor of 2nd Prize
Sahota family's
Jugraj Singh Sahota & Narinder Singh Sahota
Dedicated to Loving Memory of Father Late. S. Kashmir Singh Sahota
Sponsor of Under-25 First Prize
sponsored byTakhar faimly in memory of late santokh s TakharApna punjab&
Special Guest of World Kabaddi Cup
Raj Grewal MP Canada
Pamma Deol Sarbjit Deol
Jagir Singh New York
Kashmir Singh Dhoot
Harjinder Khehra
Nick Gakhal
Happy Heer
Jaspreet Singh Attorney
Malkiat Singh (Mike Boparai)
Dr. Baljinder Singh Grewal
Rana Dhillon
Special Support Form
IKKI International Entertainment Inc. GB Entertainment, Central Velly Sports Club, Shaheed Udham Singh Sports Club Fresno, Shaheed Bhagat Singh Sports Club Fresno, Bay Area Sports Club, Santa Clara Sports Club, Miri Piri Sports Club, Golden State Sports Club, Sher E Punjab Sports Club Los Banos, Guru Gobind Singh Sports Club, Shaheed Baba Deep Singh Sports Club Sacramento, Baba Sewa Das Kabddi Club North Caroline, King Sports Club Sacramento, Punjab Sports Club Seattle, Fateh Sports Club Turlock, Gurwara San Jose Sports Club, Dashmesh Sports Club Tracy, Bhagat Singh Cricket Club.
Our Proud
TUTT BROTHERS, JOHAN SINGH GILL, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR, SIKH PANCHYAT, SANTOKH S. JUDGE, BOB DHILLON, MANN INSURANCE BROKERS, SURINDER S. ATWAL, S. HARWINDER SINGH ATWAL, RANDHIR S. NIJJAR, JASWANT SINGH HOTHI, KASHMIR S DHOOT, CHICAGO PIZZA, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR, MANJIT SINGH, MEHNGA S. SARPANCH, AVTAR S BAINS, RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL, AMARITPAL S. DHILLON.
MIKE BOPARAI,TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH, PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH, SARBJIT SABHI.
RSI INSURANCE, NATOMOUS LIQUOR, GURNAM SINGH, PUNJAB TENT HOUSE, JAGTAR SINGH, AVTAR S SRA, HARBHAJAN S GAKHAL, ALVARADO B P SERVICE, LACHHMAN S MANGAT, BILL BAINS CPA, MAJOR S GAKHAL, SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA,CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA.
Star Kabaddi Players of World Kabaddi Cup
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Kamal Nawan Pind
Yaad Kotli
Gurpreet
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Kevin Sandhu Rurka Kalan
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Johny Gill
International Kabaddi Rules will be apply.
United Sports Club has right of last Decision
Spectators have to reach on the time in James Logan High School
Charda Punjab Club Sacramento will Special honor to Best Stoper and Best Raider
Kabaddi Clubs
* United Sports Club USA
* Bay area Sports Club
* Punjab Sports Club Seattle
* Baba Sewa Dass Kabaddi Club North Carolina
SPECIAL HONOUR
Pritam Singh Samaspur
Former
kabaddi Player and
IndianTeam Captain
Will Honor with Gold Medal
Under-25 Teams
2. Chardi Kala Sports Club Yuba City
2. Sacramento Sports Club
3. Fateh Sports Club Turluk
4. Sanjose Gurdwara Sports Club
5. Dashmesh Sports Club Tracy
Sports event is organize with support of sponsors and supports
All are invited to join this sports event
Media In charge of World Kabaddi Cup
S. Ashok Bhaura
Phone: 510 415 3315,
Email: ashokbhaura@gmail.com
Guru Ka Langar Will be served with the support of Fremont, San Jose, Stockton Gurdwaras, United Sports Club and Raja Sweets Fremont
Commentators
Asha Sharma, Rajwinder Randiala, Iqbal Galib, Makhan Ali, Surjit Kakrali, Jodhvir Singh

# ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਭਾਵਭਿੰਨੀ ਯਾਦ 'ਚ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸ਼ਰਧਾਂਜਲੀ ਸਮਾਗਮ

**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ:** ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਖ਼ਾਸ ਮੁਕਾਮ ਰੱਖਣ ਵਾਲੇ ਅਤੇ ਪੰਜਾਬ ਵਿੱਚ ਸਰਕਾਰੀ ਜ਼ੁਲਮਾਂ ਦਾ ਪਰਦਾਫ਼ਾਸ਼ ਕਰਨ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਿੱਜਦਾ ਕਰਨ ਲਈ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸ਼ਹੀਦੀ ਸਮਾਗਮ ਕੀਤਾ ਗਿਆ।

ਉਨਾਂ ਦੀ ਯਾਦ ਵਿਚ ਤਿੰਨ ਦਿਨ ਗੁਰਬਾਣੀ ਦੇ ਨਿਰੰਤਰ ਜਾਪ ਹੋਏ। ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੀ ਸੰਪੂਰਨਤਾ ਹਫਤਾਵਾਰੀ ਦੀਵਾਨ ਦੌਰਾਨ ਸਵੇਰੇ ਹੋਈ। ਖਾਲਸਾ ਸਕੂਲ ਦੇ ਬਚਿਆਂ ਨੇ ਗੁਰਬਾਣੀ ਗਾਇਨ ਕੀਤਾ ਤੇ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਦਿਲਬਾਗ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਪੰਥ ਦੇ ਪ੍ਰਸਿੱਧ ਕਥਾਕਾਰ ਭਾਈ ਹਰਦੇਵ ਸਿੰਘ ਨੇ ਕਥਾ ਕਰਦਿਆਂ ਭਾਈ ਖਾਲੜਾ ਨੂੰ ਸਿੱਖ ਇਤਿਹਾਸ ਦੀ ਕਸਵੱਟੀ ਉਤੇ ਇਕ ਮਹਾਨ ਸ਼ਹੀਦ ਸਾਬਤ ਕਰਦਿਆਂ ਕਿਹਾ ਕਿ ਉਨਾਂ ਦੀ ਸ਼ਹਾਦਤ ਨਿੱਜੀ ਰੰਜਸ਼ਾਂ ਤੋਂ ਉਪਰ ਉਠ ਕੇ ਏਨੀ ਮਹਾਨ ਹੋ ਗਈ ਸੀ ਕਿ ਉਸ ਦੀ ਸਿਫਤ ਵਿਚ ਬੋਲ ਮਿਲਣੇ ਔਖੇ ਹੋ ਜਾਂਦੇ ਹਨ। ਡਰ ਤੇ ਦਹਿਸ਼ਤ ਨਾਂ ਦੇ ਲਫਜ਼ ਉਨਾਂ ਲਈ ਕੋਈ ਮਹੱਤਵ ਨਹੀਂ ਸਨ ਰਖਦੇ। ਉਨਾਂ ਨੂੰ ਮੌਤ ਤੇ ਜੀਵਨ ਇਕ ਸਮਾਨ ਹੀ ਲਗਦਾ ਸੀ। ਉਹ ਡੋਲੇ ਵੀ ਨਹੀਂ......ਕੰਬੇ ਵੀ ਨਹੀਂ ਤੇ ਆਪਣੇ ਆਦਰਸ਼ ਤੋਂ ਪਿੱਛੇ ਵੀ ਨਹੀਂ ਹਟੇ ਤੇ ਅੰਤਲੇ ਸਾਹ ਤੱਕ ਅਡੋਲ ਰਹੇ।

ਭਾਈ ਜਸਵੰਤ ਸਿੰਘ ਖਾਲੜਾ ਦੀ ਧੀ ਬੀਬੀ ਨਵਕਿਰਨ ਕੌਰ ਖਾਲੜਾ ਨੇ ਸੰਗਤਾਂ ਨਾਲ ਆਪਣੇ ਪਿਤਾ ਦੇ ਜੀਵਨ, ਨਿਸ਼ਾਨੇ ਤੇ ਉਦੇਸ਼ ਬਾਰੇ ਸੰਗਤਾ ਨਾਲ ਵੀਚਾਰ ਸਾਂਝੇ ਕਰਦਿਆਂ ਕਿਹਾ ਕਿ ਖਾਲਸਾ ਪੰਥ ਦੀ ਸੇਵਾ ਕਰਦਿਆਂ ਉਨਾਂ ਦੇ ਪਿਤਾ ਨੇ ਜਾਨ ਦੀ ਬਾਜ਼ੀ ਲਾਈ। ਆਪਣੇ ਆਦਰਸ਼ ਨਾਲ ਉਨਾਂ ਨੂੰ ਏਨਾ ਪਿਆਰ ਸੀ ਕਿ ਉਹ ਕੈਨੇਡਾ ਵੀ ਨਹੀਂ ਰੁਕੇ ਤੇ ਵਾਪਸ ਪੰਜਾਬ ਚਲੇ ਗਏ ਤਾਂ ਕਿ ਸਿੱਖਾਂ ਨੂੰ ਪੁਲੀਸ ਦੁਆਰਾ





ਝੂਠੇ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਕਰਨ ਤੋਂ ਬਾਅਦ ਲਾਵਾਰਸ ਕਹਿ ਸਾੜ ਦੇਣ ਦੇ ਵਡੇ ਅਪਰਾਧ ਦੀ ਖੋਜ ਦੇ ਆਪਣੇ ਅਧੂਰੇ ਕਾਰਜ ਨੂੰ ਪੂਰਾ ਕਰ ਸਕਣ। ਜਦ ਕਿ ਇਹ ਖਦਸ਼ਾ ਪੂਰਾ ਸਹੀ ਸੀ ਕਿ ਭਾਰਤੀ ਹਕੂਮਤ ਉਨਾਂ ਨੂੰ ਗਾਇਬ ਕਰਵਾ ਸਕਦੀ ਸੀ। ਪਰ ਮੌਤ ਦਾ ਖੌਫਨਾਕ ਮੰਜ਼ਰ ਵੀ ਉਨਾਂ ਨੂੰ ਮੋੜ ਨਹੀਂ ਸਕਿਆ ਤੇ ਉਹ ਮੌਤ ਨੂੰ ਵੰਗਾਰਨ ਲਈ ਵਾਪਸ ਚਲੇ ਪੰਜਾਬ ਦੀ ਧਰਤੀ ਤੇ ਚਲੇ ਗਏ। ਪੁਲੀਸ ਦੁਆਰਾ ਪੱਚੀ ਹਜ਼ਾਰ ਸਿੱਖਾਂ ਨੂੰ ਲਾਵਾਰਸ ਕਹਿ ਕੇ ਸਾੜ ਦੇਣ ਦੇ ਵੱਡੇ ਅਪਰਾਧ ਦੇ ਦੋਸ਼ੀਆਂ ਨੂੰ ਉਨਾਂ ਨੰਗਾ ਕੀਤਾ। ਕੈਨੇਡਾ ਦੀ ਪਾਰਲੀਮੈਂਟ ਵਿਚ ਇਹ ਸਾਬਤ ਕੀਤਾ ਕਿ ਪੰਜਾਬ ਵਿਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ ਤੇ ਇਸ ਢੰਗ ਨਾਲ ਕੀਤੀ ਜਾਂ ਰਹੀ ਹੈ ਕਿ ਸੰਸਾਰ ਨੂੰ ਪਤਾ ਨਾ ਲੱਗ ਸਕੇ। ਪਰ ਖਾਲੜਾ ਸਾਹਿਬ ਨੇ ਵੀ ਪੂਰੀ ਮੇਹਨਤ ਤੇ ਲਗਨ ਨਾਲ ਜੁਰਮ ਦਾ ਖੁਰਾ ਖੋਜ ਲਭਿਆਂ ਤੇ ਸੰਸਾਰ ਦੇ ਸਾਹਮਣੇ ਲਿਆਦਾਂ। ਉਨਾਂ ਦੀ ਦੇਣ ਬਹੁਤ ਵੱਡੀ ਹੈ ਤੇ ਉਸਨੂੰ ਖਾਲੜਾ ਸਾਹਿਬ ਦੀ ਬੇਟੀ ਹੋਣ ਤੇ ਮਾਣ ਮਹਿਸੂਸ ਹੁੰਦਾ ਹੈ। ਇਹ ਵੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਉਨਾਂ ਦੇ ਕਾਤਲ ਹੁਣ ਸਲਾਖਾਂ ਪਿੱਛੇ ਹਨ, ਜਿਸ ਲਈ ਪਰਿਵਾਰ ਨੂੰ ਬਹੁਤ ਮੇਹਨਤ ਕਰਨੀ ਪਈ ਤੇ ਸਰਕਾਰ ਦੁਆਰਾ ਮਾਨਸਿਕ ਤਸ਼ਦੱਦ ਦਾ ਸਾਹਮਣਾ ਕਰਨਾ ਪਿਆ।

ਬੀਬੀ ਨਵਕਿਰਨ ਕੌਰ ਖਾਲੜਾ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਮਾਗਮ ਕਰਵਾਉਣ ਲਈ ਧੰਨਵਾਦ ਕੀਤਾ। ਸਕੱਤਰ ਭਾਈ ਦਵਿੰਦਰ ਸਿੰਘ ਨੇ ਸਮਾਗਮ ਦੀ ਰੂਪ ਰੇਖਾ ਨੂੰ ਸਾਦਗੀ ਤੇ ਸ਼ਹਾਦਤ ਦੇ ਰੰਗ ਵਿਚ ਰੰਗਣ ਵਿਚ ਪੂਰੀ ਮੇਹਨਤ ਕੀਤੀ। ਭਾਈ ਖਾਲੜਾ ਦੀ ਸ਼ਹਾਦਤ ਏਨੀ ਬੇਨਜ਼ੀਰ ਹੈ ਕਿ ਉਨਾਂ ਦੇ ਸਿਦਕ, ਭਰੋਸੇ ਤੇ ਸਿਰੜ ਤੋਂ ਕੁਰਬਾਨ ਹੋਣ ਨੂੰ ਦਿਲ ਕਰਦਾ ਹੈ। ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਹਰ ਸਾਲ ਭਾਈ ਖਾਲੜਾ ਦੀ ਸ਼ਹਾਦਤ ਨੂੰ ਬੜੀ ਸ਼ਰਧਾ, ਸਤਿਕਾਰ ਤੇ ਮੁਹਬੱਤ ਨਾਲ ਯਾਦ ਕੀਤਾ ਜਾਂਦਾ ਹੈ। ਹਰ ਸਾਲ ਜਦ 6 ਸਤੰਬਰ ਆਉਂਦਾ ਹੈ ਤਾਂ ਆਪਣੇ ਆਪ ਉਨਾਂ ਦੀ ਯਾਦ ਦਿਲ ਵਿਚ ਉਸੱਲਵਟੇ ਲੈਣ ਲਗਦੀ ਹੈ। ਸਿੱਖ ਇਤਿਹਾਸ ਉਨ੍ਹਾਂ ਦੀ ਉਚੀ ਸੁੱਚੀ ਕੁਰਬਾਨੀ ਨਾਲ ਹੋਰ ਅਮੀਰ ਹੋਇਆ ਹੈ।

## ਔਰਤ ਦੇ ਨਸਲੀ ਹਮਲਿਆਂ ਦਾ ਐਨ.ਡੀ.ਪੀ. ਦੇ ਸਿੱਖ ਆਗੂ ਜਗਮੀਤ ਸਿੰਘ ਨੇ ਦਿੱਤਾ ਠਰੰਮ੍ਹੇ ਨਾਲ ਜਵਾਬ

**ਬਰੈਂਪਟਨ/ਬਿਊਰੋ ਨਿਊਜ਼ :** ਕੈਨੇਡਾ ਵਿਚ ਇਕ ਸਿੱਖ ਸਿਆਸਤਦਾਨ ਜਗਮੀਤ ਸਿੰਘ 'ਤੇ ਉੱਥੋਂ ਦੀ ਇਕ ਔਰਤ ਵਲੋਂ ਕੀਤੇ ਜਾ ਰਹੇ ਜ਼ੁਬਾਨੀ ਤੌਰ 'ਤੇ ਨਸਲੀ ਹਮਲੇ ਦਾ ਜਵਾਬ ਜਗਮੀਤ ਸਿੰਘ ਨੇ ਬੜੀ ਹੀ ਹਾਜ਼ਰ ਜਵਾਬੀ ਨਾਲ ਦਿੱਤਾ, ਜਿਸ ਤੋਂ ਲੋਕ ਕਾਫ਼ੀ ਪ੍ਰਭਾਵਿਤ ਹੋਏ ਹਨ। ਦਰਅਸਲ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਇਕ ਸਮਾਗਮ ਦੌਰਾਨ ਉਕਤ ਔਰਤ ਗੁੱਸੇ ਵਿਚ ਜਗਮੀਤ ਸਿੰਘ 'ਤੇ ਨਸਲੀ ਟਿੱਪਣੀਆਂ ਕਰਨ ਲੱਗ ਪਈ, ਪਰ ਜਗਮੀਤ ਸਿੰਘ ਨੇ ਉਸ ਦਾ ਜਵਾਬ ਇਹ ਕਹਿੰਦੇ ਹੋਏ ਦਿੱਤਾ ਕਿ ਅਸੀਂ ਤੁਹਾਨੂੰ ਜੀ ਆਇਆਂ ਕਹਿੰਦੇ ਹਾਂ, ਅਸੀਂ ਤੁਹਾਨੂੰ ਪਿਆਰ ਕਰਦੇ ਹਾਂ, ਅਸੀਂ ਤੁਹਾਡਾ ਸਮਰਥਨ ਕਰਦੇ ਹਾਂ। ਇਸ ਦੌਰਾਨ ਹੀ ਜਗਮੀਤ ਸਿੰਘ ਦੇ ਸਮਰਥਕਾਂ ਉਸ



ਦੀ ਮੁਹਿੰਮ ਦਾ ਨਾਅਰਾ 'ਪਿਆਰ ਅਤੇ ਹਿੰਮਤ' ਗਾਉਣ ਲੱਗ ਪਏ। ਜ਼ਿਕਰਯੋਗ ਹੈ ਕਿ 38 ਸਾਲਾ ਜਗਮੀਤ ਸਿੰਘ ਕੈਨੇਡਾ ਦੀ ਤੀਜੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਐਨ.ਡੀ.ਪੀ. ਦੀ ਅਗਵਾਈ ਕਰ ਰਹੇ ਹਨ। ਜਗਮੀਤ ਸਿੰਘ ਜਦੋਂ ਸਮਾਗਮ ਵਿਚ ਉੱਥੇ ਮੌਜੂਦ ਲੋਕਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ ਤਾਂ ਉਕਤ ਜੈਨੀਫ਼ਰ ਨਾਂਅ ਦੀ ਔਰਤ ਜਗਮੀਤ ਸਿੰਘ ਨੇੜੇ ਆਈ ਅਤੇ ਕਹਿਣ ਲੱਗੀ ਕਿ ਅਸੀਂ ਜਾਣਦੇ ਹਾਂ ਤੁਸੀਂ ਸ਼ਰੀਆ ਨੂੰ ਮੰਨਦੇ ਹੋ ਅਤੇ ਤੁਹਾਡਾ ਭਾਈਚਾਰਾ ਮੁਸਲਿਮ ਭਾਈਚਾਰਾ ਹੈ। ਜਗਮੀਤ ਸਿੰਘ ਨੇ ਸਪਸ਼ਟ ਰੂਪ ਵਿਚ ਉਸ ਨੂੰ ਜਵਾਬ ਦੇਣ ਦੀ ਜਗ੍ਹਾ ਸਮਰਥਕਾਂ ਨੂੰ ਕਿਹਾ ਕਿ ਅਸੀਂ ਪਿਆਰ ਅਤੇ ਹਿੰਮਤ ਵਿਚ ਵਿਸ਼ਵਾਸ ਰੱਖਦੇ ਹਾਂ, ਅਸੀਂ ਨਫ਼ਰਤ ਕਰ ਕੇ ਕਿਸੇ ਡਰ ਵਿਚ ਨਹੀਂ ਰਹਿਣਾ ਤੇ ਅਸੀਂ ਇਸ ਸਕਾਰਾਤਮਕ ਪ੍ਰੋਗਰਾਮ ਨੂੰ ਨਫ਼ਰਤ ਕਰ ਕੇ ਖ਼ਰਾਬ ਨਹੀਂ ਕਰਨਾ ਚਾਹੁੰਦੇ। ਇਸ ਤੋਂ ਬਾਅਦ ਉਕਤ ਔਰਤ ਚੁੱਪ ਕਰ ਕੇ ਸਮਾਗਮ ਨੂੰ ਛੱਡ ਕੇ ਬਾਹਰ ਚਲੀ ਗਈ।

CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY

ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700
WWW.CHAATBHAVAN.COM

# ਭਾਰੀ ਸ਼ਰਧਾ ਨਾਲ ਮਨਾਇਆ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਉਤਸਵ

## ਗੁਰਦੁਆਰਾ ਸਾਹਿਬ ਲੈਂਕਰਸ਼ਿਮ ਵਿਖੇ ਸਾਲਾਨਾ ਸਮਾਗਮ ਦੌਰਾਨ ਸੰਗਤਾਂ ਨੇ ਗੁਰਬਾਣੀ ਤੇ ਕੀਰਤਨ ਦਾ ਆਨੰਦ ਮਾਣਿਆ







**ਲਾਸ ਏਂਜਲਸ/ਬਿਊਰੋ ਨਿਊਜ਼:** ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਉਤਸਵ ਲੈਂਕਰਸ਼ਿਮ ਗੁਰਦੁਆਰਾ ਸਾਹਿਬ ਵਿਖੇ ਬਹੁਤ ਹੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਇਆ ।ਵਰਣਨਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਪੁਰਬ ਗੁਰੂ ਘਰ ਵਿਖੇ ਪਿਛਲੇ ਗਿਆਰਾਂ ਸਾਲਾਂ ਤੋਂ ਹਮੇਸ਼ਾ ਲੇਬਰ ਡੇ ਵਾਲੇ ਦਿਨ ਹੀ ਮਨਇਆ ਜਾਂਦਾ ਹੈ ਕਉਂਕਿ ਇਸ ਦਿਨ ਅਮੈਰਿਕਾ ਵਿਚ ਨੈਸ਼ਨਲ ਹੋਲੀਡੇ ਹੁੰਦਾ ਹੈ ।ਇਸ ਨੂੰ ਮੁੱਖ ਰਖਦਿਆਂ ਲਾਸ ਏਂਜਲਸ ਇਲਾਕੇ ਦੇ ਸਾਰੇ ਗੁਰੂ ਘਰਾਂ ਤੋਂ ਕੀਰਤਨੀ ਜਥਿਆਂ ਨੂੰ ਸੱਦਾ ਪੱਤਰ ਦੇ ਕੇ ਬੁਲਾਇਆ ਜਾਂਦਾ ਹੈ ਅਤੇ ਗੁਰੂ ਘਰ ਕੀਰਤਨ ਪਿਛੋਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

ਇਸ ਵਾਰ ਵੀ ਸਤੰਬਰ 4 , 2017 ਸੋਮਵਾਰ ਵਾਲੇ ਦਿਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਉਤਸਵ ਬਹੁਤ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਇਆ। ਇਸ ਸਾਲ ਵੀ ਗਿਆਰਵੀ ਸ਼ਤਾਬਦੀ ਵਾਲੇ ਦਿਨ ਪ੍ਰਥਮ ਪ੍ਰਕਾਸ਼ ਪੁਰਬ ਮਨਾਉਂਦੇ ਹੋਏ ਮਹਾਰਾਜ ਜੀ ਦੇ ਨਮਿਤ ਗੁਰੂ ਘਰ ਵਿਚ ਅਖੰਡ ਸਾਹਿਬ 2 ਸਤੰਬਰ ਤੋਂ ਆਰੰਭ ਹੋ ਕੇ 4 ਸਤੰਬਰ ਨੂੰ ਭੋਗ ਪਾਏ ਗਏ ।ਅਖੰਡ ਪਾਠ ਸਾਹਿਬ ਦੀ ਸੇਵਾ ਸੁਖਵੰਤ ਸਿੰਘ ਸੰਧੂ ਦੇ ਪਰਿਵਾਰ ਵਲੋ ਕਰਵਾਈ ਗਈ ।ਇਹ ਪ੍ਰੋਗ੍ਰਾਮ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਸੰਪੂਰਨ ਕੀਤਾ ਗਇਆ । ਪ੍ਰੋਗਰਾਮ ਦੀ ਆਰੰਭਤਾ ਗੁਰਮਤਿ ਗਿਆਨ ਸਕੂਲ ਲੈਂਕਰਸ਼ਿਮ ਦੇ ਬਚਿਆਂ ਨੇ ਕੀਤੀ। ਇਸ ਤੋਂ ਬਾਅਦ ਬਚਿਆਂ ਨੇ ਦਸਾਂ ਗੁਰੂਆਂ ਦੇ ਨਾਮ ਉਚਾਰੇ ਅਤੇ ਦੇਹ ਸ਼ਿਵਾ ਵਰ ਮੋਹਿ ਏਹੈ ਸ਼ਬਦ ਦਾ ਗੁਣਗਾਨ ਕੀਤਾ ਅੰਤ ਵਿਚ ਬਚਿਆ ਨੇ ਜੀਵਤ ਜੀਵਤ ਜੀਵਤ ਰਹੁ ਸ਼ਬਦ ਬੀਬੀ ਸਪਨਾ ਦੇ ਨਾਲ ਉਚਾਰਨ ਕੀਤਾ। ਕੀਰਤਨ ਦੀ ਸੇਵਾ ਗੁਰੂਘਰ ਵਾਲਨੱਟ ਵਲੋਂ ਭਾਈ ਰਘਬੀਰ ਸਿੰਘ ਜੀ ਨੇ ਨਿਭਾਈ । ਇਸ ਉਪਰੰਤ ਭਾਈ ਕੀਰਤਨ ਸਿੰਘ ਜੀ (ਗੁਰੂ ਰਾਮਦਾਸ ਆਸ਼੍ਰਮ ਗੁਰੂਘਰ ਤੋਂ ), ਸੰਤ ਅਨੂਪ ਸਿੰਘ (ਊਨਾ ਵਾਲੇ ), ਭਾਈ ਦਲਵੀਰ ਸਿੰਘ ਜੀ (ਤਰਮਾਲਾ ਵਾਲੇ), ਭਾਈ ਰਵਿੰਦਰ ਸਿੰਘ ਜੀ ਰਸੀਆ, ਭਾਈ ਗਗਨਦੀਪ ਸਿੰਘ (ਨਾਨਕ ਸਦਨ ਗੁਰੂ ਘਰ ਤੋ) ਦੇ ਜਥੇ ਵਲੋਂ ਨਿਭਾਈ ਕੀਰਤਨ ਦੀ ਸੇਵਾ ਨਿਭਾਈ ਗਈ।

ਪ੍ਰੋਗਰਾਮ ਦੇ ਅੰਤ ਵਿਚ ਭਾਈ ਸਾਹਿਬ ਭਾਈ ਜਤਿੰਦਰ ਸਿੰਘ ਜੋਤ ਨੇ ਬਹੁਤ ਹੀ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਅਨੰਦੁ ਸਾਹਿਬ ਤੋਂ ਬਾਅਦ ਮਹਾਰਾਜ ਜੀ ਦਾ ਵਾਕ ਲਿਆ ਗਇਆ। ਇਸ ਪ੍ਰੋਗਰਾਮ ਦੀ ਸਫਲਤਾ ਲਈ ਭਾਈ ਪਵਨਦੀਪ ਸਿੰਘ ਅਤੇ ਸਟਾਫ਼ ਨੇ ਭਰਵਾਂ ਯੋਗਦਾਨ ਪਾਉਂਦਿਆਂ ਬਹੁਤ ਹੀ ਉਚੇਚੇ ਢੰਗ ਨਾਲ ਡੇਢ ਮਹੀਨੇ ਵਿਚ ਸਕੂਲ ਦੇ ਸ਼ੁਰੂ ਹੋਣ ਨਾਲ ਕੀਤੀ ।ਇਸ ਸਾਰੇ ਪ੍ਰੋਗਰਾਮ ਦੌਰਾਨ ਸਟੇਜ ਦੀ ਸੇਵਾ ਗੁਰੂ ਘਰ ਦੇ ਪਰਧਾਨ ਭਾਈ ਸਾਹਿਬ ਗੁਰਚਰਨ ਸਿੰਘ ਬੈਂਸ ਨੇ ਬਹੁਤ ਹੀ ਸੁਚਾਰੂ ਢੰਗ ਨਾਲ ਨਿਭਾਈ ।ਉਨ੍ਹਾਂ ਨੇ ਸਮੁੱਚੀ ਸੰਗਤ ਦਾ ਧੰਨਵਾਦ ਕਰਦਿਆਂ ਆਉਣ ਵਾਲੇ ਸਮੇ ਵਿਚ ਇਸ ਨੂੰ ਹੋਰ ਸੁਚਾਰੂ ਢੰਗ ਨਾਲ ਮਨਾਉਣ ਦਾ ਵਾਅਦਾ ਕੀਤਾ। ਇਸ ਸਾਰੇ ਸਮਾਗਮ ਵਿਚ ਲੰਗਰਾਂ ਦੀ ਸੇਵਾ ਗੁਰਦਾਸ ਸਿੰਘ ਵਲੋਂ ਕਾਰਵਾਈ ਗਈ । ਛੋਲੇ-ਭਟੂਰਿਆਂ ਅਤੇ ਗੰਨੇ ਦੇ ਰਸ ਦੇ ਸੇਵਾ ਸਿਖ ਵੈਲਫ਼ੇਅਰ ਸੋਸਾਇਟੀ ਵਲੋ ਕੀਤੀ ਗਈ ।

# ਟਰੰਪ ਦਾ ਡਾਕਾ ਡੱਕਣ ਲਈ 15 ਸੂਬਿਆਂ ਵੱਲੋਂ ਮੁਕੱਦਮਾ ਦਾਇਰ

**ਨਿਊਯਾਰਕ/ਬਿਊਰੋ ਨਿਊਜ਼**

ਨੌਜਵਾਨ ਇਮੀਗਰਾਂਟਾਂ ਨੂੰ ਅਮਰੀਕਾ ਤੋਂ ਬਾਹਰ ਕੱਢਣ ਦੇ ਅਮਰੀਕੀ ਸਦਰ ਡੋਨਲਡ ਟਰੰਪ ਦੇ ਫ਼ੈਸਲੇ ਖ਼ਿਲਾਫ਼ ਮੁਲਕ ਦੇ 15 ਸੂਬਿਆਂ ਅਤੇ ਕੋਲੰਬੀਆ ਜ਼ਿਲ੍ਹੇ ਨੇ ਮੁਕੱਦਮਾ ਦਾਇਰ ਕੀਤਾ ਹੈ। ਨਿਊਯਾਰਕ ਸੂਬੇ ਦੇ ਅਟਾਰਨੀ ਜਨਰਲ ਨੇ ਇਨ੍ਹਾਂ ਪਰਵਾਸੀਆਂ ਨੂੰ 'ਅਮਰੀਕਾ ਲਈ ਬਹੁਤ ਵਧੀਆ' ਕਰਾਰ ਦਿੱਤਾ ਹੈ।



ਸ੍ਰੀ ਟਰੰਪ ਨੇ ਅਮਰੀਕਾ ਵਿੱਚ ਬੱਚਿਆਂ ਵਜੋਂ ਗ਼ੈਰਕਾਨੂੰਨੀ ਢੰਗ ਲਿਆਂਦੇ ਗਏ ਜਾਂ ਆਪਣੇ ਮਾਪਿਆਂ ਨਾਲ ਪੁੱਜੇ ਪਰਵਾਸੀਆਂ ਨੂੰ ਕਾਰਵਾਈ ਤੋਂ ਛੋਟ ਦਿੰਦੇ ਪ੍ਰੋਗਰਾਮ 'ਡੀਏਸੀਏ' ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ। ਬਰੂਕਲਿਨ ਦੀ ਫੈਡਰਲ ਅਦਾਲਤ ਵਿੱਚ ਦਾਇਰ ਮੁਕੱਦਮੇ ਵਿੱਚ ਇਸ ਗ਼ੈਰਕਾਨੂੰਨੀ ਫ਼ੈਸਲੇ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਸ੍ਰੀ ਟਰੰਪ ਦੇ 'ਪਹਿਲੇ ਐਲਾਨਾਂ ਦਾ ਸਿੱਟਾ ਹੈ ਤਾਂ ਕਿ ਮੈਕਸੀਕਨ ਪਿਛੋਕੜ ਵਾਲੇ ਲੋਕਾਂ ਨੂੰ ਸਜ਼ਾ ਦਿੱਤੀ ਜਾ ਸਕੇ।" ਇਹ ਮੁਕੱਦਮਾ ਦਾਇਰ ਕਰਨ ਵਾਲੇ ਸਾਰੇ ਸੂਬੇ ਡੈਮੋਕ੍ਰੈਟਿਕ ਪਾਰਟੀ ਦੀ ਹਕੂਮਤ ਵਾਲੇ ਹਨ, ਜਿਥੇ ਅਜਿਹੇ ਪਰਵਾਸੀਆਂ ਦੀ ਗਿਣਤੀ ਹਜ਼ਾਰਾਂ ਤੋਂ ਲੱਖਾਂ ਤੱਕ ਵਿੱਚ ਹੈ। ਨਿਊਯਾਰਕ ਦੇ ਅਟਾਰਨੀ ਜਨਰਲ ਐਰਿਕ ਟੀ. ਸ਼ਨਾਈਡਰਮੈਨ ਨੇ ਫ਼ੈਸਲੇ ਨੂੰ 'ਜ਼ਾਲਮਾਨਾ, ਕਾਹਲੀ ਵਿੱਚ ਲਿਆ ਤੇ ਗ਼ੈਰਇਨਸਾਨੀ' ਅਤੇ ਲਾਤੀਨੀ ਤੇ ਮੈਕਸੀਕਨ ਲੋਕਾਂ ਖ਼ਿਲਾਫ਼ ਸ੍ਰੀ ਟਰੰਪ ਦੀ ਨਿਜੀ ਕਿੜਬਾਜ਼ੀ ਦਾ ਸਿੱਟਾ ਕਰਾਰ ਦਿੱਤਾ ਹੈ। ਇਨ੍ਹਾਂ ਸੂਬਿਆਂ ਵਿੱਚ ਨਿਊਯਾਰਕ ਤੋਂ ਇਲਾਵਾ ਮੈਸਾਚਿਊਸੈਟਸ, ਵਾਸ਼ਿੰਗਟਨ, ਕਨੈਕਟੀਕਟ, ਡੈਲਾਵੇਅਰ, ਕੋਲੰਬੀਆ ਜ਼ਿਲ੍ਹਾ, ਹਵਾਈ, ਇਲੀਨੋਇ, ਨਿਊ ਮੈਕਸਿਕੋ, ਉਤਰੀ ਕੈਰੋਲਾਈਨਾ, ਇਓਵਾ, ਔਰੇਗੌਨ, ਪੈਨਸਿਲਵੇਨੀਆ, ਰੋਡ ਆਈਲੈਂਡ, ਵਰਮੌਂਟ ਤੇ ਵਰਜੀਨੀਆ ਸ਼ਾਮਲ ਹਨ।

**ਭਾਰਤੀ ਮੂਲ ਦੇ ਕਾਨੂੰਨਸਾਜ਼ਾਂ ਵੱਲੋਂ ਵੀ ਨਿਖੇਧੀ**

ਵਾਸ਼ਿੰਗਟਨ: ਭਾਰਤੀ-ਅਮਰੀਕੀ ਕਾਨੂੰਨਸਾਜ਼ਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਲਕ ਵਿੱਚ ਬੱਚਿਆਂ ਵਜੋਂ ਆਏ ਪਰਵਾਸੀਆਂ ਨੂੰ ਮਿਲੀ ਹੋਈ ਛੋਟ ਖ਼ਤਮ ਕੀਤੇ ਜਾਣ ਦੇ ਫ਼ੈਸਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਪੰਜ ਭਾਰਤੀ ਮੂਲ ਦੇ ਕਾਨੂੰਨਸਾਜ਼ਾਂ ਨੇ ਇਸ ਸਬੰਧੀ ਜਾਰੀ ਆਪਣੇ ਵੱਖੋ-ਵੱਖਰੇ ਬਿਆਨਾਂ ਵਿੱਚ ਇਸ ਫ਼ੈਸਲੇ ਨੂੰ 'ਘਾਤਕ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਦੇ ਸਿੱਟੇ ਬਹੁਤ ਮਾੜੇ ਨਿਕਲਣਗੇ। ਇਨ੍ਹਾਂ ਵਿੱਚ ਸੈਨੇਟਰ ਕਮਲਾ ਹੈਰਿਸ, ਪ੍ਰਤੀਨਿਧ ਸਭਾ ਮੈਂਬਰਾਨ ਪ੍ਰਮਿਲਾ ਜੈਪਾਲ, ਰਾਜਾ ਕ੍ਰਿਸ਼ਨਾਮੂਰਤੀ, ਡਾ. ਐਮੀ ਬੇਰਾ ਤੇ ਰੋ ਖੰਨਾ ਸ਼ਾਮਲ ਹਨ।

# ਟਰੰਪ ਵਲੋਂ ਭਾਰਤੀ ਮੂਲ ਦੀ ਮਨੀਸ਼ਾ ਸਿੰਘ ਉੱਚ ਕੂਟਨੀਤਕ ਅਹੁਦੇ ਲਈ ਨਾਮਜ਼ਦ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਮੂਲ ਦੀ ਅਮਰੀਕੀ ਵਕੀਲ ਮਨੀਸ਼ਾ ਸਿੰਘ ਨੂੰ ਆਰਥਿਕ ਕੂਟਨੀਤੀ ਦੀ ਮੁਖੀ ਵਜੋਂ ਵਿਦੇਸ਼ ਮੰਤਰਾਲੇ 'ਚ ਇਕ ਮਹੱਤਵਪੂਰਨ ਪ੍ਰਸ਼ਾਸਨਿਕ ਅਹੁਦੇ ਲਈ ਨਾਮਜ਼ਦ ਕੀਤਾ ਹੈ। ਫਲੋਰੀਡਾ ਦੀ 45 ਸਾਲਾ ਉਮਰ ਦੀ ਮਨੀਸ਼ਾ ਸਿੰਘ ਇਸ ਸਮੇਂ ਮੁੱਖ ਕਾਊਂਸਲਰ ਅਤੇ ਸੈਨੇਟਰ ਡੈਨ ਸੁਲੀਵਨ ਦੀ ਸੀਨੀਅਰ ਸਲਾਹਕਾਰ ਹੈ।ਜੇਕਰ ਸੈਨੇਟ 'ਚ ਉਸਦੇ ਨਾਂਅ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਉਹ ਆਰਥਿਕ ਮਾਮਲਿਆਂ ਦੀ ਸਹਾਇਕ ਵਿਦੇਸ਼ ਮੰਤਰੀ ਦੇ ਤੌਰ 'ਤੇ ਚਾਰਲਸ ਰਿਵਕਿਨ ਦਾ ਸਥਾਨ ਲਵੇਗੀ। ਰਿਵਕਿਨ ਨੇ ਜਨਵਰੀ 'ਚ ਟਰੰਪ ਦੇ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਦੇ ਤੌਰ 'ਤੇ ਸਹੁੰ ਚੁੱਕਣ 'ਤੇ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਇਹ ਅਹੁਦਾ ਖ਼ਾਲੀ ਹੋ ਗਿਆ ਸੀ।



# ਅਮਰੀਕੀ ਇਤਿਹਾਸਕਾਰ ਨੈਨਸੀ ਦੁਪਰੀ ਦਾ ਕਾਬੁਲ 'ਚ ਦੇਹਾਂਤ

**ਕਾਬੁਲ/ਬਿਊਰੋ ਨਿਊਜ਼ :** ਅਮਰੀਕੀ ਮਾਪਿਆਂ ਦੇ ਘਰ ਕੇਰਲਾ ਵਿਚ ਪੈਦਾ ਹੋਈ ਇਤਿਹਾਸਕਾਰ ਨੈਨਸੀ ਹੈਚ ਦੁਪਰੀ ਜਿਸ ਨੇ ਕਾਬੁਲ ਯੂਨੀਵਰਸਿਟੀ ਵਿਚ ਅਫਗਾਨਿਸਤਾਨ ਕੇਂਦਰ ਸਥਾਪਤ ਕਰਨ ਵਿਚ ਮਦਦ ਕੀਤੀ ਸੀ ਦਾ ਦੇਹਾਂਤ ਹੋ ਗਿਆ ਹੈ।ਉਹ 89 ਸਾਲਾਂ ਦੀ ਸੀ।ਯੂਨੀਵਰਸਿਟੀ ਨੇ ਦੁਪਰੀ ਦੇ ਦੇਹਾਂਤ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਅਫਗਾਨਿਸਤਾਨ ਦੇ ਸਭਿਆਚਾਰ ਨੂੰ ਸਾਂਭਣ ਲਈ 5 ਦਹਾਕਿਆਂ ਤੋਂ ਵੀ ਵੱਧ ਸਮਾਂ ਕੰਮ ਕੀਤਾ। ਦੁਪਰੀ 1962 ਵਿਚ ਇਕ ਕੂਟਨੀਤਕ ਦੀ ਪਤਨੀ ਵਜੋਂ ਕਾਬੁਲ ਆਈ ਸੀ ਪਰ ਛੇਤੀ ਹੀ ਉਨ੍ਹਾਂ ਦਾ ਤਲਾਕ ਹੋ ਗਿਆ ਅਤੇ ਉਨ੍ਹਾਂ ਪੁਰਾਤੱਤਵ ਵਿਗਿਆਨੀ ਲੂਈਸ ਦੁਪਰੀ ਨਾਲ ਵਿਆਹ ਕਰਵਾ ਲਿਆ ਜਿਨ੍ਹਾਂ ਨੇ ਅਫਗਾਨਿਸਤਾਨ ਦੇ ਪੁਰਾਤਨ ਔਜਾਰਾਂ ਅਤੇ ਪ੍ਰਾਚੀਨ ਕਲਾ ਕਿਰਤਾਂ ਦੀ ਖੋਜ 'ਤੇ ਚੰਗਾ ਕੰਮ ਕੀਤਾ।



# ਪਰਵਾਸੀ ਹੁਕਮਾਂ ਦੇ ਵਿਰੋਧ 'ਚ ਟਰੰਪ ਹੋਟਲ ਦੇ ਬਾਹਰ ਪ੍ਰਦਰਸ਼ਨ

**ਨਿਊ ਯਾਰਕ/ਬਿਊਰੋ ਨਿਊਜ਼ :** ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਨੌਜਵਾਨ ਪਰਵਾਸੀਆਂ ਨੂੰ ਵਾਪਸ ਉਨ੍ਹਾਂ ਦੇ ਮੁਲਕ ਨਾ ਭੇਜਣ ਦੇ ਜਾਰੀ ਪ੍ਰਸ਼ਾਸਕੀ ਹੁਕਮਾਂ ਨੂੰ ਰੱਦ ਕਰਨ ਖ਼ਿਲਾਫ਼ ਹਜ਼ਾਰਾਂ ਲੋਕਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕੌਮਾਂਤਰੀ ਹੋਟਲ ਤੇ ਟਾਵਰ ਦੇ ਬਾਹਰ ਰੈਲੀ ਕੱਢੀ ਤੇ ਪ੍ਰਦਰਸ਼ਨ ਕੀਤਾ। ਅਟਾਰਨੀ ਜਨਰਲ ਜੈੱਫ ਸੈਸ਼ਨਜ਼ ਨੇ ਲੰਘੇ ਮੰਗਲਵਾਰ ਨੂੰ ਸਾਬਕਾ ਰਾਸ਼ਟਰਪਤੀ ਵੱਲੋਂ ਜਾਰੀ ਉਪਰੋਕਤ ਹੁਕਮਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ। ਸਾਬਕਾ ਰਾਸ਼ਟਰਪਤੀ ਓਬਾਮਾ ਨੇ ਅਮਰੀਕਾ ਵਿੱਚ ਗ਼ੈਰਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਏ ਬੱਚਿਆਂ ਨੂੰ ਇਥੇ ਰਹਿਣ ਦੀ ਇਜਾਜ਼ਤ ਦਿੱਤੀ ਸੀ। ਰੈਲੀ ਵਿੱਚ ਸ਼ਾਮਲ ਵੱਡੀ ਗਿਣਤੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਪ੍ਰੋਗਰਾਮ ਡੀਏਸੀਏ (ਬੱਚਿਆਂ ਦੇ ਦਾਖ਼ਲੇ 'ਤੇ ਕੋਈ ਕਾਰਵਾਈ ਨਹੀਂ) ਦਾ ਫ਼ਾਇਦਾ ਹੋਇਆ ਹੈ। ਰੈਲੀ ਦੌਰਾਨ ਜਿੱਥੇ ਪ੍ਰਦਰਸ਼ਨਕਾਰੀਆਂ ਨੇ 'ਕੋਈ ਵੀ ਗ਼ੈਰਕਾਨੂੰਨੀ ਨਹੀਂ' ਤੇ 'ਪਰਵਾਸੀਆਂ ਦਾ ਸਵਾਗਤ' ਲਿਖੀਆਂ ਤਖ਼ਤੀਆਂ ਚੁੱਕੀਆਂ ਹੋਈਆਂ ਸੀ, ਉਥੇ ਉਨ੍ਹਾਂ 'ਡੋਨਲਡ ਟਰੰਪ ਨੂੰ ਵਾਪਸ ਭੇਜੋ' ਦੇ ਨਾਅਰੇ ਵੀ ਲਾਏ। ਰੈਲੀ ਵਿੱਚ ਸ਼ਾਮਲ ਇੰਟੀਰੀਅਰ ਡਿਜ਼ਾਇਨਰ ਸਾਂਦਰਾ ਸਿਲਵਾ (28) ਨੇ ਕਿਹਾ ਕਿ ਉਹ 12 ਸਾਲ ਦੀ ਉਮਰੇ ਮੈਕਸਿਕੋ ਤੋਂ ਅਮਰੀਕਾ ਆਈ ਸੀ ਅਤੇ ਉਦੋਂ ਤੋਂ ਅਮਰੀਕਾ ਵਿਚ ਹੈ। ਉਸ ਨੇ ਘਰਾਂ ਦੀ ਸਾਫ਼ ਸਫ਼ਾਈ ਤੇ ਰੇਸਤਰਾਂ ਵਿਚ 40 ਘੰਟੇ ਕੰਮ ਕਰਕੇ ਸਿਟੀ ਕਾਲਜ ਵਿਚੋਂ ਆਰਕੀਟੈਕਚਰ ਦੀ ਡਿਗਰੀ ਹਾਸਲ ਕੀਤੀ ਹੈ। ਉਸ ਨੇ ਕਿਹਾ ਕਿ ਡੀਏਸੀਏ ਪ੍ਰੋਗਰਾਮ ਨੇ ਉਸ ਨੂੰ ਮੌਕਾ ਦਿੱਤਾ ਹੈ। ਸਿਲਵਾ ਨੇ ਕਿਹਾ ਕਿ ਉਹ ਪ੍ਰੋਗਰਾਮ ਨੂੰ ਖ਼ਤਮ ਕੀਤੇ ਜਾਣ ਤੋਂ ਗੁੱਸੇ ਵਿਚ ਹੈ। ਉਸ ਨੇ ਕਿਹਾ, 'ਅਸੀਂ ਇਥੇ ਕਿਸੇ ਦਾ ਰੁਜ਼ਗਾਰ ਖੋਹਣ ਲਈ ਨਹੀਂ ਆਏ, ਅਸੀਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਲਿਆਂ ਵਿਚੋਂ ਹਾਂ।' ਇਸੇ ਤਰ੍ਹਾਂ ਸੁਸਨ ਪਿਓਮਾ (26) ਨੇ ਕਿਹਾ, 'ਜੇਕਰ ਮੈਨੂੰ ਵਾਪਸ ਭੇਜਿਆ ਗਿਆ ਤਾਂ ਮੇਰੀ ਪਛਾਣ ਮੈਥੋਂ ਖੁੱਸ ਜਾਵੇਗੀ।' ਪਿਓਮਾ ਨੇ 5 ਸਾਲ ਦੀ ਉਮਰੇ ਆਪਣੇ ਪਰਿਵਾਰ ਨਾਲ ਇਕੁਆਡੋਰ ਤੋਂ ਅਮਰੀਕਾ ਪਰਵਾਸ ਕੀਤਾ ਸੀ। ਉਨ੍ਹਾਂ ਆਸ ਜਤਾਈ ਕਿ ਅਮਰੀਕੀ ਸੰਸਦ ਉਨ੍ਹਾਂ ਵਰਗੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਕੰਮ ਕਰੇਗੀ।


When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

*ਅੰਤਰਰਾਸ਼ਟਰੀ ਕਬੱਡੀ ਖਿਡਾਰੀ ਕੈਲੇਫੋਰਨੀਆਂ ਪਹੁੰਚੇ*

## 13ਵਾਂ ਵਿਸ਼ਵ ਕਬੱਡੀ ਕੱਪ 17 ਸਤੰਬਰ ਐਤਵਾਰ ਨੂੰ

### ਯੂਨਾਈਟਿਡ ਸਪੋਰਟਸ ਕਲੱਬ ਵਲੋਂ ਸਭਨਾਂ ਨੂੰ ਹੁੰਮ ਹੁਮਾ ਪੁੱਜਣ ਦਾ ਖੁਲ੍ਹਾ ਸੱਦਾ

**ਫਰੀਮੌਂਟ/ਬਿਊਰੋ ਨਿਊਜ਼:** ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ 17 ਸਤੰਬਰ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ (1800 H Logan High School Union City) ਵਿਖੇ ਕਰਵਾਏ ਜਾ ਰਹੇ 13ਵੇਂ ਵਿਸ਼ਵ ਕਬੱਡੀ ਕੱਪ ਵਿਚ ਕਬੱਡੀ ਦੇ ਜੌਹਰ ਦਿਖਾਉਣ ਲਈ ਵਿਸ਼ਵ ਦੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਕੈਲੇਫੋਰਨੀਆਂ ਪਹੁੰਚ ਗਏ ਹਨ। ਕਲੱਬ ਦੇ



ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਉੱਘੇ ਕਬੱਡੀ ਪ੍ਰੋਮੋਟਰ ਸ. ਸੁਰਜੀਤ ਸਿੰਘ ਟੁੱਟ ਅਤੇ ਸੇਵਾ ਸਿੰਘ ਰੰਧਾਵਾ ਕਰਨਗੇ। ਜਦੋਂ ਕਿ ਮੁੱਖ ਮਹਿਮਾਨ ਵਜੋਂ ਸਾਬਕਾ ਕਬੱਡੀ ਖਿਡਾਰੀ ਮੱਖਣ ਸਿੰਘ ਧਾਲੀਵਾਲ ਸ਼ਿਰਕਤ ਕਰਨਗੇ। ਇਹ ਸਮੁੱਚਾ ਖੇਡ ਮੇਲਾ ਯੁਨਾਈਟਡ ਸਪੋਰਟਸ ਕਲੱਬ ਦੇ ਕੋਚ ਮਰਹੂਮ ਪਰਮਜੀਤ ਸਿੰਘ ਪੰਮੀ ਨੂੰ ਸਮਰਪਿਤ ਹੋਵੇਗਾ। ਜਿੱਥੇ ਇਸ ਖੇਡ ਮੇਲੇ ਵਿਚ ਵੱਡੀਆਂ ਕਲੱਬਾਂ ਫਸਵੇਂ ਤੇ ਦਿਲਕਸ਼ ਮੈਚਾਂ ਨੂੰ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣਾਉਣਗੀਆਂ ਉੱਥੇ ਪਹਿਲੀ ਵਾਰ ਹੈ ਕਿ ਅੰਡਰ-25 ਵਰਗ ਵਿਚ ਕਬੱਡੀ ਪ੍ਰਤੀ ਉਤਸ਼ਾਹਿਤ ਹੋਏ ਨਵੇਂ ਨੌਜਵਾਨਾਂ ਨੂੰ ਵੀ ਆਪਣੇ ਜੋਰ ਅਤੇ ਜੁੱਸੇ ਦਾ ਪ੍ਰਦਰਸ਼ਨ ਕਰਨ ਦਾ ਖੁੱਲ੍ਹਾ ਮੌਕਾ ਮਿਲੇਗਾ। ਉਹਨਾਂ ਇਸ ਵਰਗ ਦੇ ਕੋਚ ਅਤੇ ਮੈਨੇਜਰਾਂ ਨੂੰ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਕਲੱਬ ਦੇ ਫੈਸਲੇ ਅਨੁਸਾਰ ਅੰਤਰਰਾਸ਼ਟਰੀ ਜਾਂ ਆਲ ਓਪਨ ਵਰਗ ਵਿਚ ਖੇਡਣ ਵਾਲੇ ਖਿਡਾਰੀਆਂ ਨੂੰ ਅੰਡਰ-25 ਵਰਗ ਵਿਚ ਖੇਡਣ ਦੀ ਮਨਾਹੀ ਹੋਵੇਗੀ, ਇਸ ਲਈ

**ਬਾਕੀ ਸਫ਼ਾ 32 'ਤੇ**

# ਸੈਨਹੋਜ਼ੇ ਗੁਰਦੁਆਰੇ ਦਾ ਕੇਸ ਦੁਬਾਰਾ ਕਚਹਿਰੀ ਵਿਚ ਜਾਣ ਦੇ ਆਸਾਰ

## *ਬਾਬ ਢਿੱਲੋਂ ਦੇ ਤਾਨਾਸ਼ਾਹੀ ਰਵੱਈਏ ਤੋਂ ਕਈ ਕਮੇਟੀ ਮੈਂਬਰ ਵੀ ਦੁਖੀ*

### 'ਕੇਸਾਂ ਵਿੱਚ ਸਾਥ ਦੇਣ ਵਾਲੇ ਪਰੀਤਮ ਸਿੰਘ ਗਰੇਵਾਲ ਤੇ ਹੋਰਨਾਂ ਨੂੰ ਕੱਖੋਂ ਹੌਲੇ ਕੀਤਾ'

**ਸੈਨਹੋਜ਼ੇ/ਬਿਊਰੋ ਨਿਊਜ਼:**
ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦਾ ਕੇਸ ਦੁਬਾਰਾ ਕਚਹਿਰੀ ਵਿਚ ਜਾਣ ਦੇ ਆਸਾਰ ਨਜ਼ਰ ਆ ਰਹੇ ਹਨ। ਵਰਨਣਯੋਗ ਹੈ ਕਿ ਪਿਛਲੇ ਕਈ ਸਾਲਾਂ ਤੋਂ ਗੁਰਦਆਰਾ ਸਾਹਿਬ ਸੈਨਹੋਜ਼ੇ ਕਚਹਿਰੀ ਕੇਸਾਂ ਵਿਚ ਇਕ ਮਿਲੀਅਨ ਡਾਲਰ ਤੋਂ ਉਪਰ ਸੰਗਤ ਦੀ ਗੋਲਕ ਵਿਚੋਂ ਲਾ ਚੁੱਕਿਆ ਹੈ, ਜਿਸ ਦਾ ਕਾਰਨ ਸਿਰਫ਼ ਤੇ ਸਿਰਫ਼ ਬਾਬ ਢਿਲੋਂ ਦਾ ਹੈਂਕੜੀ ਰਵੱਈਆ ਅਤੇ ਕਬਜ਼ੇ ਨੂੰ ਬਰਕਰਾਰ ਰੱਖਣ ਦੀਆਂ ਚਾਲਾਂ ਹੀ ਸਨ। ਦੋ ਸਾਲ ਪਹਿਲਾਂ ਕੋਰਟ ਦੀ ਨਿਗਰਾਨੀ ਹੇਠ ਚੋਣਾਂ ਹੋਈਆਂ ਸਨ ਅਤੇ ਸੰਗਤ ਨੇ ਸਮਝਿਆ ਕਿ ਹੁਣ ਸ਼ਾਇਦ ਸੁੱਖ ਦਾ ਸਾਹ ਆਵੇ ਪਰ ਆਦਤਾਂ ਤੋਂ ਮਜਬੂਰ ਬਾਬ ਢਿਲੋਂ ਗ਼ੈਰਕਾਨੂੰਨੀ ਢੰਗ ਨਾਲ ਸੰਵਿਧਾਨ ਵਿਚੋਂ ਸੋਧਾਂ ਕਰਦਾ ਆ ਰਿਹਾ ਹੈ ਤਾਂ ਜੋ ਕਮੇਟੀ 'ਤੇ ਕਬਜ਼ਾ ਬਰਕਰਾਰ ਰੱਖਿਆ ਜਾਵੇ ਅਤੇ ਮਨਮਰਜ਼ੀ ਨਾਲ ਖਰਚਾ ਵੀ ਕੀਤਾ ਜਾਵੇ। ਪਿਛਲੇ ਸਾਲ ਬਾਬ ਢਿਲੋਂ ਨੇ ਸੰਗਤ ਵਿਚ ਹੱਥ ਖੜ੍ਹੇ ਕਰਾ ਕੇ ਕਮੇਟੀ ਵਲੋਂ ਖਰਚਾ ਕਰਨ ਦੀ ਲਿਮਟ $50,000 ਡਾਲਰ ਤੋਂ ਵਧਾ ਕੇ $2,50,000 ਡਾਲਰ ਕਰ ਲਈ ਹੈ। ਇਸਤੋਂ ਇਲਾਵਾ ਹਰੇਕ ਮੈਂਬਰ ਨੂੰ ਕਮੇਟੀ ਦੀ ਚੋਣ ਲੜਨ ਲਈ $1000 ਡਾਲਰ ਦੀ ਫੀਸ ਵੀ ਲਾ ਦਿੱਤੀ ਤਾਂ ਜੋ ਖੇਡ ਸਿਰਫ਼ ਅਮੀਰਾਂ ਦੇ ਹੱਥ ਹੀ ਰਹਿ ਸਕੇ ਅਤੇ ਆਮ ਨੌਕਰੀ ਕਰਨ ਵਾਲਾ ਬੰਦਾ ਇਲੈਕਸ਼ਨ ਵਿਚ ਖੜ੍ਹਾ ਹੀ ਨਾ ਹੋ ਸਕੇ। ਇਹ ਸੋਧਾਂ ਗ਼ੈਰ ਸੰਵਿਧਾਨਿਕ ਹਨ ਕਿਉਂਕਿ ਜਦੋਂ ਮੈਂਬਰਸ਼ਿਪ ਬਣ ਜਾਵੇ ਤਾਂ ਸੋਧਾਂ ਵੋਟਾਂ ਪਾ ਕੇ ਹੀ ਹੋ ਸਕਦੀਆਂ ਹਨ।

ਇਹਨਾਂ ਸੋਧਾਂ ਤੋਂ ਬਾਅਦ ਹੁਣ ਬਾਬ ਢਿੱਲੋਂ ਅਤੇ ਉਹਦੇ ਸਾਥੀ ਕਮੇਟੀ ਦੀ ਮਿਆਦ ਵੀ 2 ਸਾਲ ਤੋਂ ਵਧਾ ਕੇ 4 ਸਾਲ ਕਰਨਾ ਚਾਹੁੰਦੇ ਹਨ ਜਿਸ ਨਾਲ ਕੁੱਝ ਕਮੇਟੀ ਮੈਂਬਰ ਵੀ ਸਹਿਮਤ ਨਹੀਂ। ਅੰਮ੍ਰਿਤਸਰ ਟਾਈਮਜ਼ ਨਾਲ ਗੱਲਬਾਤ



ਕਰਦਿਆਂ ਇੱਕ ਕਮੇਟੀ ਨੇ ਕਿਹਾ ਕਿ "ਬਾਬ ਢਿਲੋਂ ਨੂੰ ਜੀ-ਹਜ਼ੂਰੀਏ ਚਾਹੀਦੇ ਹਨ। ਜਿਹੜਾ ਕੋਈ ਆਜ਼ਾਦਾਨਾ ਸੋਚ ਰੱਖਦੈ ਉਹਨੂੰ ਇਹ ਖੂੰਜੇ ਲਾ ਦਿੰਦਾ ਹੈ। ਸਾਡੀ ਹੁਣ ਕਮੇਟੀ ਵਿਚ ਕੋਈ ਨਹੀਂ ਚਲਦੀ ਅਤੇ ਬਾਕੀ ਦੇ ਇਹਦੇ ਚਮਚੇ ਹੀ ਹਨ। ਬੱਸ ਕਮੇਟੀ ਮਾਮਾ-ਭਾਣਜਾ (ਬਾਬ ਢਿਲੋਂ ਅਤੇ ਸੁਖਦੇਵ ਸਿੰਘ ਬੈਨੀਪਾਲ) ਹੀ ਚਲਾਉਂਦੇ ਹਨ। ਪਰੀਤਮ ਸਿੰਘ ਗਰੇਵਾਲ ਵਰਗੇ ਜਿਹਨਾਂ ਨੇ ਹਜ਼ਾਰਾਂ ਡਾਲਰ ਗੁਰੂਘਰ ਨੂੰ ਦਿੱਤਾ ਹੈ ਅਤੇ ਜਿਹੜਾ ਬਾਬ ਢਿੱਲੋਂ ਨਾਲ ਕੋਰਟ ਕੇਸਾਂ ਵਿਚ ਚਟਾਨ ਵਾਂਗ ਖੜ੍ਹਾ ਰਿਹਾ ਹੈ, ਨੂੰ ਵੀ ਇਸ ਨੇ ਕੱਖੋਂ ਹੌਲੇ ਕਰ ਦਿੱਤਾ ਹੈ।" ਉਸ ਨੇ ਇਹ ਵੀ ਦਸਿਆ ਕਿ ਕਮੇਟੀ ਵਿਚ ਬਹੁਤੇ ਮੈਂਬਰ $1000 ਡਾਲਰ ਦੀ ਫੀਸ ਅਤੇ 4 ਸਾਲ ਦੀ ਮਿਆਦ ਵਧਾਉਣ ਨਾਲ ਵੀ ਸਹਿਮਤ ਨਹੀਂ।

ਭਾਈ ਜਸਵੰਤ ਸਿੰਘ ਹੋਠੀ ਨੇ ਅੰਮ੍ਰਿਤਸਰ ਟਾਈਮਜ਼ ਨੂੰ ਦਸਿਆ ਕਿ ਉਹਨਾਂ ਦੇ ਧੜੇ ਦਾ ਇਹਨਾਂ ਇਲੈਕਸ਼ਨਾਂ ਵਿਚ ਹਿੱਸਾ ਜਾਂ ਦਖ਼ਲ ਦੇਣ ਦਾ ਕੋਈ ਇਰਾਦਾ ਨਹੀਂ ਸੀ ਪਰ ਉਹ 4 ਸਾਲ ਦੀ ਮਿਆਦ ਨਾਲ ਸਹਿਮਤ ਨਹੀਂ ਅਤੇ ਨਾ ਹੀ ਉਹ ਦੀਵਾਨ ਹਾਲ ਵਿਚ ਹੱਥ ਖੜ੍ਹੇ ਕਰਵਾ ਕੇ ਸਵਿਧਾਨ ਦੀਆਂ ਸੋਧਾਂ ਨਾਲ ਸਹਿਮਤ ਹਨ। ਉਹਨਾਂ ਨੇ ਕਿਹਾ ਕਿ ਮਿਲੀਅਨ ਡਾਲਰ ਖਰਚ ਕੇ ਕੋਰਟ ਨੇ ਇਕ ਸਿਸਟਮ ਤਿਆਰ ਕੀਤਾ ਸੀ ਅਤੇ ਬਾਬ ਢਿਲੋਂ ਇਸ ਨੂੰ ਬਿਲਕੁਲ ਨਹੀਂ ਮੰਨ ਰਿਹਾ ਅਤੇ ਨਾ ਹੀ ਉਸ ਸਿਸਟਮ ਅਧੀਨ ਇਸ ਵਾਰ ਵੋਟਾਂ ਦੀ ਰਜਿਸਟਰੇਸ਼ਨ ਹੋਈ ਹੈ। ਬਾਬਾ ਢਿਲੋਂ ਨੂੰ ਸ਼ਾਇਦ ਭੁਲੇਖਾ ਹੈ ਕਿ ਸ਼ਾਇਦ ਹੁਣ ਕੋਰਟ ਵਿਚ ਕੋਈ ਨਾ ਜਾਵੇ ਕਿਉਂਕਿ ਇਸ ਨੇ ਪਹਿਲਾਂ ਸਾਨੂੰ ਕਈ ਸਾਲ ਖੱਜਲ-ਖੁਆਰ ਕੀਤਾ ਹੈ ਪਰ ਅਸੀਂ ਹਰ ਧੱਕੇ ਵਿਰੁੱਧ ਸੰਗਤ ਵਿਚ ਵੀ ਜਾਵਾਂਗੇ ਅਤੇ ਜੇ ਲੋੜ ਪਈ ਤਾਂ ਕਚਹਿਰੀ ਦਾ ਦਰਵਾਜ਼ਾ ਦੁਬਾਰਾ ਵੀ ਖੜ੍ਹਕਾ ਸਕਦੇ ਹਾਂ।

ਭਾਈ ਭਾਈ ਜਸਵੰਤ ਸਿੰਘ ਹੋਠੀ ਨੇ ਦਸਿਆ ਕਿ ਅਸੀਂ ਬਾਬ ਢਿਲੋਂ ਅਤੇ ਕਮੇਟੀ ਨੂੰ ਚਿੱਠੀ ਦਿੱਤੀ ਹੈ ਜਿਸ ਵਿਚ ਮੀਟਿੰਗ ਦੀ ਮੰਗ ਕੀਤੀ ਹੈ ਅਤੇ ਉਸ ਵਿਚ ਏਜੰਡਾ ਆਈਟਮਾਂ ਇਸ ਪ੍ਰਕਾਰ ਹਨ :

1. ਕੋਰਟ ਵਲੋਂ ਲਾਗੂ ਸਿਸਟਮ ਅਧੀਨ ਵੋਟਾਂ ਕਿਉਂ ਨਹੀਂ ਹੋ ਰਹੀਆਂ ?
2. $1000 ਡਾਲਰ ਦੀ ਫੀਸ ਸਿੱਖ ਸਿਧਾਂਤ ਵਿਰੋਧੀ ਹੈ।
3. ਕਮੇਟੀ ਮੈਂਬਰ ਦੀ ਮਿਆਦ 2 ਤੋਂ 4 ਸਾਲ ਠੀਕ ਨਹੀਂ.
4. ਹੱਥ ਖੜ੍ਹੇ ਕਰਕੇ ਸੋਧਾਂ ਨੂੰ ਪ੍ਰਵਾਨਗੀ ਨਹੀਂ ਆਦਿ.

ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਬਾਬ ਢਿਲੋਂ ਗੱਲਬਾਤ ਰਾਹੀਂ ਇਸ ਮਸਲੇ ਦਾ ਹੱਲ ਨਹੀਂ ਕੱਢਦਾ ਤਾਂ ਸਾਨੂੰ ਮਜਬੂਰਨ ਕਚਹਿਰੀ ਦਾ ਦਰਵਾਜ਼ਾ ਖੜਕਾਉਣਾ ਪਏਗਾ। ਉਹਨਾਂ ਨੇ ਸੈਨਹੋਜ਼ੇ ਗੁਰਦੁਆਰੇ ਦੇ ਪ੍ਰਬੰਧ ਵਿੱਚ ਖਾਮੀਆਂ ਦੇ ਸੁਆਲ ਦਾ ਜੁਆਬ ਦਿੰਦੇ ਦਸਿਆ ਕਿ ਅਸੀਂ ਕੰਮ-ਕਾਜ ਬਾਰ ਹੀਲੇ ਕੁੱਝ ਨਹੀਂ ਕਹਿਣਾ ਚਾਹੁੰਦੇ ਪਰ ਖਾਲਸਾ ਸਕੂਲ ਬਹੁਤ ਵਧੀਆ ਚੱਲ ਰਿਹਾ ਹੈ। ਅਸੀਂ ਸਿਰਫ ਸੰਵਿਧਾਨ ਦੀਆਂ ਧੱਕੇ ਨਾਲ ਕੀਤੀਆਂ ਜਾ ਰਹੀਆਂ ਸੋਧਾਂ ਦੇ ਵਿਰੁਧ ਹਾਂ ਅਤੇ ਉਹਨਾਂ ਨੂੰ ਰੋਕਨ ਲਈ ਪਹਿਲਾਂ ਅਖਬਾਰਾਂ ਦੇ ਜ਼ਰੀਏ ਅਤੇ ਇਸ ਹਫਤੇ ਸੰਗਤੀ ਰੂਪ ਵਿੱਚ ਕਮੇਟੀ ਨੂੰ ਬੇਨਤੀ ਵੀ ਕਰਾਂਗੇ। ਪਰ ਜੇ ਇਹ ਫਿਰ ਵੀ ਨਹੀਂ ਮੰਨਦੇ ਤਾਂ ਸਾਡੇ ਕੋਲ ਕਚਹਿਰੀ ਜਾਣ ਬਿਨਾ ਕੋਈ ਰਸਤਾ ਨਹੀਂ ਰਹਿ ਜਾਂਦਾ। ਅਸੀਂ ਸੰਗਤ ਨੂੰ ਵੀ ਅਪੀਲ ਕਰਦੇ ਹਾਂ ਕਿ ਬਾਬ ਢਿੱਲੋਂ ਨੂੰ ਇਹ ਗਲਤ ਕੰਮ ਕਰਨ ਤੋਂ ਰੋਕਣ ਲਈ ਸਾਡਾ ਸਾਥ ਦਵੇ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ

Bankruptcy
Immigration • Divorce

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
**ਤਲਾਕ**



Pardeep S. Grewal
Attorney At Law

**Bankruptcy**
☞Chapter 7 & 13 Bankruptcy
☞Protect Your Assets- Home, Etc..
☞Start Fresh- Clear

**Family Law • Divorce**

**Immigration Law**
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

# ਇਰਮਾ ਤੂਫਾਨ ਪੀੜਤਾਂ ਲਈ ਗੁਰਦੁਆਰਿਆਂ ਤੇ ਮੰਦਰਾਂ ਨੇ ਖੋਲ੍ਹੇ ਦਰ

**ਫਲੋਰੀਡਾ/ਬਿਊਰੋ ਨਿਊਜ਼ :** ਫਲੋਰੀਡਾ ਸੂਬੇ ਵਿਚ ਆਏ ਇਰਮਾ ਤੂਫਾਨ ਨੇ ਜਨ-ਜੀਵਨ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰ ਦਿੱਤਾ ਹੈ। ਇਸ ਦੇ ਨੇਪਲਸ ਵਿਚ 90 ਮਿੰਟਾਂ ਵਿਚ ਤੇਜ਼ ਮੀਂਹ ਕਾਰਨ ਜਲ ਪੱਧਰ 7 ਫੁੱਟ ਵਧ ਗਿਆ ਸੀ। ਪੂਰੇ ਸੂਬੇ ਵਿਚ ਹੜ੍ਹ ਆ ਚੁੱਕਾ ਹੈ ਅਤੇ 46 ਲੱਖ ਘਰਾਂ ਦੀ ਬੱਤੀ ਗੁੱਲ ਹੈ। ਇਸ ਲਈ ਸਿੱਖ ਅਤੇ ਹਿੰਦੂ ਭਾਈਚਾਰੇ ਮਦਦ ਲਈ ਅੱਗੇ ਆ ਰਹੇ ਹਨ। ਸਿੱਖ ਗੁਰਦੁਆਰੇ ਅਤੇ ਹਿੰਦੂ ਮੰਦਰਾਂ ਦੇ ਦਰਵਾਜ਼ੇ ਜ਼ਰੂਰਤਮੰਦਾਂ ਲਈ ਖੋਲ੍ਹ ਦਿੱਤੇ ਗਏ ਹਨ। ਲੋਕਾਂ ਨੇ ਆਪਣੇ ਘਰਾਂ, ਮੋਟਲਜ਼ ਅਤੇ ਹੋਟਲਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਖਾਣ ਵਾਲੀਆਂ ਚੀਜ਼ਾਂ ਲੋਕਾਂ ਤਕ ਪਹੁੰਚਾਈਆਂ ਜਾ ਰਹੀਆਂ ਹਨ ਲੋਕ ਆਪਣੇ ਫੇਸਬੁੱਕ ਅਕਾਊਂਟ 'ਤੇ ਜ਼ਰੂਰਤ ਮੰਦਾਂ ਨੂੰ ਸੰਪਰਕ ਕਰਨ ਲਈ ਕਹਿ ਰਹੇ ਹਨ। ਤੁਹਾਨੂੰ ਦੱਸ ਦਈਏ ਕਿ ਫਲੋਰੀਡਾ ਪਹੁੰਚਣ ਤਕ ਇਹ ਤੂਫਾਨ ਕਮਜ਼ੋਰ ਪੈ ਗਿਆ ਸੀ ਪਰ ਫਿਰ ਵੀ ਤੇਜ਼ ਹਵਾਵਾਂ ਚੱਲੀਆਂ ਅਤੇ ਸੋਮਵਾਰ ਨੂੰ 120 ਘਰਾਂ ਨੂੰ ਖਾਲੀ ਕਰਵਾਇਆ ਗਿਆ, ਜਿਨ੍ਹਾਂ ਵਿਚ ਪਾਣੀ ਭਰ ਰਿਹਾ ਸੀ। ਟੈਕਸਾਸ : ਤੂਫਾਨ 'ਹਾਰਵੇ' ਨੇ ਬਹੁਤ ਸਾਰੇ ਲੋਕਾਂ ਨੂੰ ਬੇਘਰ ਕਰ ਦਿੱਤਾ ਅਤੇ ਭਾਰੀ ਤਬਾਹੀ ਮਚਾਈ। ਤੂਫਾਨ ਹਾਰਵੇ ਕਾਰਨ ਪ੍ਰਭਾਵਿਤ ਹੋਏ ਟੈਕਸਾਸ ਵਾਸੀਆਂ ਨੂੰ ਭਾਰਤੀ ਮੂਲ ਦੇ ਅਮਰੀਕੀ ਲੋਕ ਵੀ ਰਾਹਤ ਸਮੱਗਰੀ ਮੁਹੱਈਆ ਕਰਵਾ ਰਹੇ ਹਨ। ਨਾਲ ਹੀ ਤੂਫਾਨ ਕਾਰਨ ਫੈਲੀ ਗੰਦਗੀ ਨੂੰ ਵੀ ਸਾਫ ਕਰਨ ਲਈ ਲਗਾਤਾਰ ਕੰਮ ਵਿਚ ਜੁਟੇ ਹਨ। ਟੈਕਸਾਸ ਵਿਚ ਤੂਫਾਨ ਹਾਰਵੇ ਨੂੰ ਆਏ ਦੋ ਹਫਤੇ ਬੀਤ ਚੁੱਕੇ ਹਨ ਪਰ ਅਜੇ ਵੀ ਫੁੱਟਪਾਥ, ਸੜਕਾਂ 'ਤੇ ਕੂੜੇ ਅਤੇ ਫਰਨੀਚਰਾਂ ਦੇ ਢੇਰ ਪਏ ਹਨ। ਹਾਰਵੇ ਨੇ ਜਿਸ ਤਰ੍ਹਾਂ ਦੀ ਤਬਾਹੀ ਮਚਾਈ ਹੈ, ਉਸ ਲਈ ਪ੍ਰਭਾਵਿਤ ਇਲਾਕਿਆਂ ਵਿਚ ਮੁੜ ਨਿਰਮਾਣ ਦਾ ਕੰਮ ਵੱਡੇ ਪੱਧਰ 'ਤੇ ਕਰਨ ਦੀ ਲੋੜ ਹੈ। ਇਸ ਕੰਮ ਵਿਚ ਰੈੱਡ ਕਰਾਸ, ਦੇਸ਼ ਅਤੇ ਸ਼ਹਿਰ ਦੀ ਪੁਲਸ, ਕੋਸਟ ਗਾਰਡ, ਖਾਸ ਕਰ ਕੇ ਆਰਮੀ ਫੋਰਸ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ ਅਤੇ ਲੋਕਾਂ ਨੂੰ ਰਾਹਤ ਮੁਹੱਈਆ ਕਰਵਾ ਰਹੀ ਹੈ। ਹਿਊਸਟਨ 'ਚ 'ਸੇਵਾ' ਦੇ ਪ੍ਰਧਾਨ ਗਿਤੇਸ਼ ਦੇਸਾਈ ਨੇ ਕਿਹਾ ਕਿ ਪਿਛਲੇ ਦੋ ਹਫਤਿਆਂ ਵਿਚ ਸਵੈ-ਸੇਵਕਾਂ ਨੇ ਵੱਖ-ਵੱਖ ਰਾਹਤ ਅਤੇ ਮੁੜਵਸੇਬੇ ਪ੍ਰਾਜੈਕਟਾਂ ਵਿਚ 23,100 ਘੰਟੇ ਕੰਮ ਕੀਤਾ ਹੈ। ਅਸੀਂ 300,000 ਅਮਰੀਕੀ ਡਾਲਰ ਦੀ ਧਨ ਰਾਸ਼ੀ ਵੀ ਇਕੱਠੀ ਕੀਤੀ ਹੈ ਅਤੇ ਸਾਡਾ ਟੀਚਾ 10 ਲੱਖ ਡਾਲਰ ਇਕੱਠੇ ਕਰਨ ਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ ਯੋਜਨਾ ਘਰਾਂ ਦੀ ਮੁੜ ਉਸਾਰੀ ਦੀ ਕੋਸ਼ਿਸ਼ ਵਿਚ ਸਹਿਯੋਗ ਕਰਨ ਦੀ ਹੈ। ਇਸ ਨੂੰ ਅਮਰੀਕੀ ਸਰਕਾਰ ਦੀਆਂ ਏਜੰਸੀਆਂ ਅਤੇ ਹਿਊਸਟਨ ਵਿਚ ਕਈ ਭਾਰਤੀ-ਅਮਰੀਕੀ ਉੱਦਮੀਆਂ ਨਾਲ ਜਨਤਕ ਅਤੇ ਨਿਜੀ ਸਾਂਝੇਦਾਰੀ ਨਾਲ ਠੀਕ ਕੀਤੇ ਜਾਣ ਦੀ ਲੋੜ ਹੈ।



# ਯੂਨਾਇਟਿਡ ਸਿੱਖਸ ਨੇ ਪੰਜਾਬ ਦੇ ਸਰਹੱਦੀ ਪਿੰਡਾਂ 'ਚ ਮੁਫ਼ਤ ਸਿਹਤ ਤੇ ਮੈਡੀਕਲ ਕੈਂਪ ਲਾਇਆ

**ਗੁਰਦਾਸਪੁਰ/ਬਿਊਰੋ ਨਿਊਜ਼ :** ਯੂਨਾਇਟਿਡ ਸਿੱਖਸ ਨੇ ਉਨ੍ਹਾਂ ਸਰਹੱਦੀ ਪਿੰਡਾਂ ਨੂੰ ਮੁਫ਼ਤ ਵਿਚ ਮੈਡੀਕਲ ਤੇ ਸਿਹਤ ਸੇਵਾਵਾਂ ਦਿੱਤੀਆਂ, ਜਿੱਥੇ ਕਈ ਵਰ੍ਹਿਆਂ ਤੋਂ ਕੋਈ ਡਾਕਟਰ ਨਹੀਂ ਬਹੁੜਿਆ। ਅਕਤੂਬਰ 2016 ਦੌਰਾਨ ਗੁਰਦਾਸਪੁਰ ਤੇ ਤਰਨਤਾਰਨ ਦੇ ਸਰਹੱਦੀ ਜ਼ਿਲ੍ਹਿਆਂ 'ਚ ਤਣਾਅ ਕਾਰਨ ਕਈ ਪਿੰਡ ਵਾਸੀ ਰਾਹਤ ਕੈਂਪਾਂ ਵਿਚ ਰਹਿ ਰਹੇ ਹਨ, ਜਿਨ੍ਹਾਂ ਨੂੰ ਸਿਹਤ ਸੇਵਾਵਾਂ ਨਹੀਂ ਮਿਲ ਰਹੀਆਂ। ਇਸੇ ਲੋੜ ਨੂੰ ਮੁੱਖ ਰੱਖਦਿਆਂ ਸੰਸਥਾ ਦੇ ਵਾਲੰਟੀਅਰ ਸਰਹੱਦੀ ਪਿੰਡਾਂ ਵਿਚ ਪੁੱਜੇ। ਗੁਰਦਾਸਪੁਰ ਦੇ ਸਰਹੱਦੀ ਜ਼ਿਲ੍ਹੇ ਵਿਚ ਪਿੰਡ ਗਾਹਲੜੀ ਵਿਚ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਮੈਂਬਰਾਂ ਅਤੇ ਗੁਰਦੁਆਰਾ ਟਾਹਲੀ ਸਾਹਿਬ ਦੇ ਪ੍ਰਧਾਨ ਦੀ ਮਦਦ ਨਾਲ ਯੂਨਾਇਟਿਡ ਸਿੱਖਸ ਦੇ ਵਲੰਟੀਅਰਾਂ ਨੇ ਬੀਤੇ ਦਿਨੀਂ ਆਪਣਾ ਪਹਿਲਾ ਸਿਹਤ ਤੇ ਮੈਡੀਕਲ ਕੈਂਪ ਲਾਇਆ। ਸੰਸਥਾ ਨੇ ਡਾ. ਰਾਜੇਸ਼ ਕਸ਼ਯਪ (ਈ.ਐਨ.ਟੀ. ਮਾਹਰ), ਡਾ. ਹਰਜੀਤ ਸਿੰਘ (ਆਯੂਰਵੈਦਿਕ ਡਾਕਟਰ) ਅਤੇ ਡਾ. ਐਸ.ਪੀ. ਸਿੰਘ (ਡੈਂਟਲ ਸਰਜਨ) ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਲੋੜਵੰਦ ਲੋਕਾਂ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ। ਕੈਂਪ ਦੇ ਮੈਡੀਕਲ ਇੰਚਾਰਜ ਡਾ. ਰਾਜੇਸ਼ ਕਸ਼ਯਪ ਨੇ ਕਿਹਾ, 'ਸਾਨੂੰ ਇਨ੍ਹਾਂ ਲੋਕਾਂ ਦੀ ਸੇਵਾ ਕਰਕੇ ਬੇਹੱਦ ਖ਼ੁਸ਼ੀ ਮਹਿਸੂਸ ਹੋਈ ਹੈ। ਅਸੀਂ ਆਉਣ ਵਾਲੇ ਦਿਨਾਂ ਵਿਚ ਅਜਿਹੇ ਕੈਂਪਾਂ ਵਿਚ ਹੋਰ ਵੀ ਬਿਹਤਰ ਸੇਵਾਵਾਂ ਦੇਣ ਦੀ ਕੋਸ਼ਿਸ਼ ਕਰਾਂਗੇ।' ਇਨ੍ਹਾਂ ਡਾਕਟਰਾਂ ਨੇ ਜਿੱਥੇ ਆਪਣੀਆਂ ਮੁਫ਼ਤ ਸੇਵਾਵਾਂ ਦਿੱਤੀਆਂ, ਉਥੇ ਯੂਨਾਇਟਿਡ ਸਿੱਖਸ ਨੇ ਮੁਫ਼ਤ ਵਿਚ ਦਵਾਈਆਂ ਵੀ ਵੰਡੀਆਂ।

ਗੁਰਦਾਸਪੁਰ ਕੈਂਪ ਦੇ ਕੋਆਰਡੀਨੇਟਰ ਕਰਮਬੀਰ ਸਿੰਘ ਨੇ ਕਿਹਾ, 'ਸਾਡਾ ਇਹ ਯਤਨ ਬੇਹੱਦ ਕਾਮਯਾਬ ਰਿਹਾ। 164 ਮਰੀਜ਼ ਰਜਿਸਟਰਡ ਕੀਤੇ ਗਏ ਅਤੇ ਉਨ੍ਹਾਂ ਨੂੰ ਇਲਾਜ ਮੁਹੱਈਆ ਕਰਵਾਇਆ ਗਿਆ। ਸਾਨੂੰ ਉਮੀਦ ਹੈ ਕਿ ਜੇਕਰ ਲੋਕਾਂ ਦੀ ਮੰਗ ਹੋਈ ਤਾਂ ਹਰ ਮਹੀਨੇ ਇਹ ਕੈਂਪ ਲਾਇਆ ਜਾਵੇਗਾ।'

ਜ਼ਿਕਰਯੋਗ ਹੈ ਕਿ 1999 ਤੋਂ ਯੂਨਾਇਟਿਡ ਸਿੱਖਸ ਵਲੋਂ ਵੱਖ ਵੱਖ ਮੁਲਕਾਂ ਵਿਚ ਬਿਨਾਂ ਕਿਸੇ ਭੇਦ-ਭਾਵ ਦੇ ਲੋੜਵੰਦ ਲੋਕਾਂ ਅਤੇ ਕੁਦਰਤੀ ਆਫ਼ਤਾਂ ਮੌਕੇ ਅਜਿਹੇ ਮੈਡੀਕਲ ਕੈਂਪ ਲਾਏ ਜਾਂਦੇ ਹਨ। ਇਸ ਦੇ ਨਾਲ ਹੀ ਸੰਸਥਾ ਨੇ ਡਾਕਟਰਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹ ਆਪਣੀਆਂ ਮੁਫ਼ਤ ਸੇਵਾਵਾਂ ਦੇਣੀਆਂ ਚਾਹੁੰਦੇ ਹਨ, ਤਾਂ ਇਸ ਸੰਸਥਾ ਨਾਲ ਜੁੜ ਸਕਦੇ ਹਨ।

# ਸ਼ਿਕਾਗੋ ਕਬੱਡੀ ਕੱਪ ਪੰਜਾਬ ਸਪੋਰਟ ਕਲੱਬ ਸਿਆਟਲ ਨੇ ਜਿੱਤਿਆ





**ਸ਼ਿਕਾਗੋ/ਬਿਊਰੋ ਨਿਊਜ਼ :** ਸ਼ੇਰੇ ਪੰਜਾਬ ਸਪੋਰਟ ਕਲੱਬ ਸ਼ਿਕਾਗੋ ਮਿਡਵੈਸਟ ਵਲੋਂ ਐਲਕ ਗਰੋਵ ਦੇ ਬਜ਼ੀ ਵੁੱਡਜ਼ ਫੋਰੈਸਟ ਪ੍ਰੀਜ਼ਰਵ ਵਿਖੇ ਕਬੱਡੀ ਕੱਪ ਕਰਵਾਇਆ ਗਿਆ, ਜਿਸ ਵਿਚ ਕੈਲੀਫੋਰਨੀਆ, ਨਾਰਥ ਕੈਰੋਲੀਨਾ, ਸਿਆਟਲ ਤੇ ਸ਼ਿਕਾਗੋ ਦੀਆਂ ਟੀਮਾਂ ਨੇ ਹਿੱਸਾ ਲਿਆ। ਸਾਰੇ ਮੈਚ ਦਿਲਚਸਪ ਰਹੇ ਤੇ ਫਾਈਨਲ ਮੈਚ ਪੰਜਾਬ ਸਪੋਰਟ ਕਲੱਬ ਸਿਆਟਲ ਅਤੇ ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਕੈਰੋਲੀਨਾ ਵਿਚਾਲੇ ਹੋਇਆ। ਪੰਜਬਾ ਸਪੋਰਟਸ ਕਲੱਬ ਨੂੰ ਮੋਹਨਾ ਜੋਧਾਂ ਅਤੇ ਬਰੈਡੀ ਗਿੱਲ ਨੇ ਸਪਾਂਸਰ ਕੀਤਾ ਅਤੇ ਬਾਬਾ ਸੇਵਾ ਦਾਸ ਕਬੱਡੀ ਕਲੱਬ ਨੂੰ ਸ. ਕਾਬੁਲ ਸਿੰਘ ਵਲੋਂ ਸਪਾਂਸਰ ਕੀਤਾ ਗਿਆ। ਪੰਜਾਬ ਸਪੋਰਟ ਕਲੱਬ ਸਿਆਟਲ ਨੇ ਜੇਤੂ ਕੱਪ 'ਤੇ ਕਬਜ਼ਾ ਕੀਤਾ। ਪਹਿਲਾਂ ਇਨਾਮ ਅਮ੍ਰਿਤਪਾਲ ਸਿੰਘ ਗਿੱਲ ਤੇ ਐਮ.ਆਰ. ਦੂਬੇ ਐਡਵੋਕੇਟ (ਪਟਿਆਲਾ) ਅਤੇ ਦੂਜਾ ਇਨਾਮ ਗਿੱਲ ਬਰਦਰਜ਼- ਜਸਵਿੰਦਰ ਸਿੰਘ ਗਿੱਲ ਤੇ ਨਾਜਰ ਸਿੰਘ ਗਿੱਲ ਵਲੋਂ ਦਿੱਤਾ ਗਿਆ। ਬੈਸਟ ਸਟਾਪਰ ਪਾਪਾ ਜਲਾਲਪੁਰ ਤੇ ਬੈਸਟ ਰੇਡਰਜ਼ ਸੰਦੀਪ ਸੁਰਖਪੁਰ ਤੇ ਲਾਡੀ ਰਹੇ। ਵਾਲੀਵਾਲ ਮੈਚਾਂ ਦੌਰਾਨ 6 ਟੀਮਾਂ ਨੇ ਹਿੱਸਾ ਲਿਆ ਤੇ ਫਾਈਨਲ ਮੈਚ ਸ਼ਿਕਾਗੋ ਤੋਂ ਪੁਰਾਣੇ ਵਿਰੋਧੀ ਟੋਨੀ ਸੰਘੇੜਾ ਦੀ ਟੀਮ ਕੇਨੋਸ਼ਾ ਤੋਂ ਲਖਬੀਰ ਢੀਂਡਸਾ ਵਿਚਾਲੇ ਹੋਇਆ, ਜਿਸ ਵਿਚ ਲਖਬੀਰ ਢੀਂਡਸਾ ਦੀ ਟੀਮ ਜੇਤੂ ਰਹੀ। ਟੋਨੀ ਸੰਘੇੜਾ ਦੀ ਟੀਮ ਇਕ ਪੁਆਇੰਟ ਗਵਾ ਕੇ ਰਨਰ ਅੱਪ ਰਹੀ। ਵਾਲੀਵਾਲ ਮੈਚ ਸ. ਅਮਰਜੀਤ ਸਿੰਘ ਢੀਂਡਸਾ ਤੇ ਪਰਿਵਾਰ ਵਲੋਂ ਸਪਾਂਸਰ ਕੀਤਾ ਗਿਆ ਸੀ।

ਇਸ ਸਮਾਰੋਹ ਵਿਚ ਮੇਜਰ ਗੁਰਚਰਨ ਸਿੰਘ ਝੱਜ ਮੁੱਖ ਮਹਿਮਾਨ, ਜਥੇਦਾਰ ਤਾਰਾ ਸਿੰਘ ਸਾਲਹਨ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਤੋਂ ਇਲਾਵਾ ਚੇਅਰਪਰਸਨ ਸ. ਦੀਦਾਰ ਸਿੰਘ ਧਨੋਆ, ਡਾ. ਮੁਖਤਿਆਰ ਸਿੰਘ ਨੰਦਰਾ, ਹਰਕਿਸ਼ਨ ਸਿੰਘ ਭੱਟੀ ਵੀ ਮੌਜੂਦ ਸਨ। ਸ. ਬਲਵਿੰਦਰ ਸਿੰਘ ਚੱਠਾ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਇਨ੍ਹਾਂ ਮੈਚਾਂ ਦਾ ਵੱਡੀ ਗਿਣਤੀ ਵਿਚ ਦਰਸ਼ਕਾਂ ਨੇ ਆਨੰਦ ਮਾਣਿਆ। ਇਨ੍ਹਾਂ ਮੈਚਾਂ ਦੀ ਐਂਟਰੀ ਤੇ ਪਾਰਕਿੰਗ ਮੁਫ਼ਤ ਰੱਖੀ ਗਈ ਸੀ। ਇਸ ਮੌਕੇ ਖਾਣੇ ਦੀਆਂ ਸਟਾਲਾਂ ਤੋਂ ਇਲਾਵਾ ਹਰ ਉਮਰ ਵਰਗ ਲਈ ਵੱਖਰੀਆਂ ਵੱਖਰੀਆਂ ਗੇਮਾਂ ਵੀ ਸਨ। ਬਰੇਕਫਾਸਟ ਪੰਜਾਬ ਸਵੀਟਸ ਦੇ ਸੋਢੀ ਤੇ ਰੋਮੀ ਵਲੋਂ ਦਿੱਤਾ ਗਿਆ। ਚਾਹ-ਪਕੌੜਿਆਂ ਤੇ ਜਲੇਬੀਆਂ ਦੀ ਸੇਵਾ ਐਸ.ਆਰ.ਐਸ. ਪੈਲਾਟਾਈਨ ਦੇ ਗਰੁੱਪ ਵਲੋਂ ਨਿਭਾਈ ਗਈ। ਟੱਚ ਆਫ਼ ਸਪਾਈਸ ਦੇ ਕੇ.ਕੇ. ਪੰਮਾ ਵਲੋਂ ਖਾਣੇ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ ਗਾਇਕ ਬਲਜੀਤ ਮਾਲਵਾ ਨੇ ਲੋਕਾਂ ਦਾ ਮਨੋਰੰਜਨ ਕੀਤਾ। ਰੀ-ਮੈਕਸ ਦੇ ਜੈਸੀ ਨੇ ਵੀ ਪੇਸ਼ਕਾਰੀ ਦਿੱਤੀ। ਮੈਚ ਕਮੈਂਟੇਟਰ ਮੱਖਣ ਅਲੀ ਨੇ ਵਧੀਆ ਕੰਮ ਕੀਤਾ। ਕਬੱਡੀ ਕੋਚ ਪਰਮਜੀਤ ਸਿੰਘ ਪੰਮੀ ਦਾ ਖਿਡਾਰੀਆਂ, ਜਿਨ੍ਹਾਂ ਨੂੰ ਉਨ੍ਹਾਂ ਨੇ ਸਿਖਲਾਈ ਦਿੱਤੀ ਸੀ, ਵਲੋਂ ਸਨਮਾਨ ਕੀਤਾ ਗਿਆ। ਇਨ੍ਹਾਂ ਵਿਚ ਵਿੱਕੀ ਸਮੀਪੁਰੀਆ, ਨੀਲੋਂ ਬਰਦਰਜ਼, ਰਾਜਾ ਤੱਲ੍ਹਣ, ਰਾਣਾ ਭੰਡਾਲ ਵੀ ਸ਼ਾਮਲ ਸਨ। ਮੈਚ ਰੈਫ਼ਰੀਆਂ ਰਾਜਾ ਤੱਲ੍ਹਣ, ਰਾਣਾ ਭੰਡਾਲ, ਪੰਮੀ ਕੋਚ ਦਾ ਵੀ ਸਨਮਾਨ ਕੀਤਾ ਗਿਆ। ਅੰਤ ਵਿਚ ਸ. ਬਲਵਿੰਦਰ ਸਿੰਘ ਚੱਠਾ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਸੂਫ਼ੀਆਨਾ ਗਾਇਕ ਰਿਚਾ ਸ਼ਰਮਾ ਦੀ ਮਿਲਪੀਟਸ 'ਚ ਸੰਗੀਤਮਈ ਸ਼ਾਮ 30 ਸਤੰਬਰ

**ਮਿਲਪੀਟਸ/ਬਿਊਰੋ ਨਿਊਜ਼ :**

ਸੂਫ਼ੀਆਨਾ ਗਾਇਕੀ ਦੀ ਰਾਣੀ ਵਜੋਂ ਜਾਣੀ ਜਾਂਦੀ ਰਿਚਾ ਸ਼ਰਮਾ ਇਨ੍ਹੀਂ ਦਿਨੀਂ ਅਮਰੀਕਾ ਫੇਰੀ 'ਤੇ ਹੈ। ਇਸੇ ਸਬੰਧ ਵਿਚ ਰਿਚਾ ਸ਼ਰਮਾ ਦੀ ਕਲਾ ਦੀ ਪੇਸ਼ਕਾਰੀ 30 ਸਤੰਬਰ, ਸ਼ਨਿੱਚਰਵਾਰ ਨੂੰ ਰਾਤ 8.00 ਵਜੇ ਤੋਂ 11.00 ਵਜੇ ਤਕ ਇੰਡੀਆ ਕਮਿਊਨਿਟੀ ਸੈਂਟਰ ਮਿਲਪੀਟਸ (India Community Center 525 Los Coches St, Milpitas, CA 95035 ਵਿਖੇ ਹੋਵੇਗੀ। ਪੰਡਿਤ ਆਸਕਰਨ ਸ਼ਰਮਾ ਦੀ ਸ਼ਾਗਿਰਦੀ ਹੇਠ ਰਿਚਾ ਨੇ ਭਾਰਤੀ ਕਲਾਸਿਕ ਸੰਗੀਤ ਦੀ ਸਿਖਲਾਈ ਲਈ।

ਰਿਚਾ ਨੇ ਗਜ਼ਲਾਂ, ਫ਼ਿਲਮੀ ਗਾਣਿਆਂ, ਪੰਜਾਬੀ ਤੇ ਰਾਜਸਥਾਨੀ ਲੋਕ ਗੀਤਾਂ ਵਿਚ ਵੀ ਆਪਣੀ ਵੱਖਰੀ ਪਛਾਣ ਬਣਾਈ ਹੈ। ਰਿਚਾ ਨੂੰ ਸੰਗੀਤ ਦਾ ਏਨਾ ਜਨੂੰਨ ਸੀ ਕਿ ਉਨ੍ਹਾਂ ਨੂੰ ਆਪਣੀ ਪੜ੍ਹਾਈ ਨਾਲ ਵੀ ਸਮਝੌਤਾ ਕਰਨਾ ਪਿਆ। ਉਨ੍ਹਾਂ ਨੇ ਕਈ ਬਾਲੀਵੁੱਡ ਫ਼ਿਲਮਾਂ ਵਿਚ ਗਾਇਆ ਤੇ ਉਨ੍ਹਾਂ ਨੂੰ ਏ.ਆਰ. ਰਹਿਮਾਨ ਦੇ ਸੁਪਰਹਿਟ ਗੀਤ 'ਤਾਲ' ਨਾਲ ਮਕਬੂਲੀਅਤ ਹਾਸਲ ਹੋਈ।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਦੇ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :**

ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਇਲਾਕੇ ਦੀਆਂ ਸੰਗਤਾਂ ਨੂੰ ਸੇਵਾਵਾਂ ਦੇ ਰਹੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੇ ਪੁਰਾਣੇ ਅਹੁਦੇਦਾਰਾਂ ਨੇ ਅਖੰਡ ਪਾਠ ਸਹਿਬ ਦੇ ਭੋਗ ਮਗਰੋਂ ਸੇਵਾ ਦੌਰਾਨ ਹੋਈਆਂ ਭੁੱਲਾਂ ਬਖਸ਼ਾਉਂਦਿਆਂ ਗੁਰੂ ਘਰ ਦੀਆਂ ਸਾਰੀਆਂ ਸੇਵਾਵਾਂ ਤੋਂ ਛੁਟੀ ਲੈ ਲਈ ਤੇ ਨਵੇਂ ਅਹੁਦੇਦਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ।



ਇਨ੍ਹਾਂ ਪੁਰਾਣੇ ਅਹੁਦੇਦਾਰਾਂ ਵਿੱਚ ਪ੍ਰਮੁੱਖ ਬਲਵੀਰ ਸਿੰਘ ਖੋਸਾ ਦੇ ਅਸਤੀਫੇ ਮਗਰੋਂ ਚੁਣੇ ਗਏ ਨਵੇਂ ਅਹੁਦੇਦਾਰਾਂ ਵਿੱਚ ਦਲਵੀਰ ਸਿੰਘ ਸੰਧਰ (ਟਰਲਕ), ਦਲਬੀਰ ਸਿੰਘ ਪੱਡਾ (ਮੈਨਟੀਕਾ), ਮੇਜਰ ਸਿੰਘ (ਫਰਿਜ਼ਨੋ), ਨਛੱਤਰ ਸਿੰਘ ਧਾਲੀਵਾਲ, ਜਤਿੰਦਰ ਸਿੰਘ (ਫਰਿਜ਼ਨੋ) ਸ਼ਾਮਲ ਹਨ। ਇਸੇ ਤਰ੍ਹਾਂ ਡਾ. ਬੂਟਾ ਸਿੰਘ ਨੇ ਵੀ ਇਸ ਗੁਰੂਘਰ ਵਿੱਚ ਬਹੁਤ ਲੰਮਾ ਅਰਸਾ ਬਤੌਰ ਮੋਢੀ ਸੇਵਾਦਾਰ ਸੇਵਾਵਾਂ ਨਿਭਾਈਆਂ। ਪਰ ਸਮੇਂ ਦੀ ਘਾਟ ਅਤੇ ਕੰਮ ਦੇ ਰੁਝੇਵਿਆਂ ਕਰਕੇ ਉਨ੍ਹਾਂ ਵੀ ਆਪਣੀਆਂ ਜ਼ਿੰਮੇਵਾਰੀਆ ਤੋਂ ਮੁਕਤੀ ਲਈ। ਇਸ ਸਮੇਂ ਡਾ. ਬੂਟਾ ਸਿੰਘ ਨੇ ਕਿਹਾ ਕਿ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਬਰਾਂਚ ਦਮਦਮੀ ਟਕਸਾਲ ਜੱਥਾ ਭਿੰਡਰਾਂ ਦੀ ਅਰੰਭਤਾ ਤਕਰੀਬਨ 17 ਸਾਲ ਪਹਿਲਾਂ ਇਹ ਜ਼ਮੀਨ ਖਰੀਦ ਕੇ ਕੀਤੀ ਗਈ ਸੀ। ਉਸ ਸਮੇਂ ਤੋਂ ਉਹ ਤਨ-ਮਨ-ਧਨ ਨਾਲ ਆਪਣੀਆਂ ਜ਼ਿੰਮੇਵਾਰੀਆਂ ਸੰਗਤ ਦੇ ਪੂਰਨ ਸਹਿਯੋਗ ਨਾਲ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸੇਵਾ ਨਿਭਾਉਂਦਿਆਂ ਬੇਅੰਤ ਭੁੱਲਾਂ ਵੀ ਹੋਈਆਂ ਹੋਣਗੀਆਂ, ਸੰਗਤ ਬਖਸ਼ਣਹਾਰ ਹੈ। ਉਨ੍ਹਾਂ ਕਿਹਾ ਕਿ ਉਹ ਅਤੇ ਬਲਵੀਰ ਸਿੰਘ ਖੋਸਾ ਪੂਰਨ ਤੌਰ 'ਤੇ ਗੁਰੂ ਘਰਾਂ ਦੀਆਂ ਸਾਰੀਆਂ ਡਿਊਟੀਆਂ ਤੋਂ ਸੇਵੀ ਮੁਕਤ ਹੋਣ ਦੇ ਬਾਵਜੂਦ ਨਵੇਂ ਬਣੇ ਪੰਜੇ ਅਹੁਦੇਦਾਰਾਂ ਨੂੰ ਸਹਿਯੋਗ ਕਰਦੇ ਰਹਿਣਗੇ ਤੇ ਗੁਰਦੁਆਰਾ ਸਾਹਿਬ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਵਾਂਗ ਯਤਨਸ਼ੀਲ ਰਹਿਣਗੇ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਰਲ ਮਿਲ ਕੇ ਨਵਾਂ ਲੰਗਰ ਹਾਲ ਬਣਾਉਣਾ ਹੈ। ਇਸ ਲਈ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ। ਉਨ੍ਹਾਂ ਸੰਗਤ ਵੱਲੋਂ ਮਿਲੇ ਸਮੁੱਚੇ ਸਹਿਯੋਗ ਲਈ ਸਭਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਗੁਰੂ ਘਰ ਵੱਲੋਂ ਨਵੇਂ ਤੇ ਪੁਰਾਣੇ ਅਹੁਦੇਦਾਰਾਂ ਨੂੰ ਸਿਰੋਪਾਓ ਦੇ ਕੇ ਮਾਣ ਬਖਸ਼ਿਆ ਗਿਆ।

# ਸਤਿੰਦਰ ਸੱਤੀ ਦੀ ਕੀਤੀ ਪੱਕੀ ਛੁੱਟੀ

## *ਸ਼ਾਇਰ ਸੁਰਜੀਤ ਪਾਤਰ ਨੇ ਪੰਜਾਬ ਕਲਾ ਪ੍ਰੀਸ਼ਦ ਦੀ ਵਾਗਡੋਰ ਸੰਭਾਲੀ*

**ਚੰਡੀਗੜ੍ਹ/ਬਿਊਰੋ ਨਿਊਜ਼,** ਪੰਜਾਬ ਕਲਾ ਪ੍ਰੀਸ਼ਦ ਦੀ ਪਹਿਲੀ ਚੇਅਰਮੈਨ ਸਤਿੰਦਰ ਸੱਤੀ ਦੀ ਬਕਾਇਦਾ ਛੁੱਟੀ ਕਰਦਿਆਂ ਸ਼ਾਇਰ ਸੁਰਜੀਤ ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਦੀ ਵਾਗਡੋਰ ਸੌਂਪ ਦਿੱਤੀ ਗਈ ਹੈ। ਪ੍ਰੀਸ਼ਦ ਦੇ ਮੈਂਬਰਾਂ ਦੀ ਵੀਰਵਾਰ ਨੂੰ ਇਥੇ ਪੰਜਾਬ ਕਲਾ ਭਵਨ ਵਿੱਚ ਹੋਈ ਮੀਟਿੰਗ ਦੌਰਾਨ ਪੰਜਾਬੀ ਸ਼ਾਇਰ ਤੇ ਪਦਮਸ੍ਰੀ ਡਾ. ਸੁਰਜੀਤ ਪਾਤਰ ਨੂੰ ਸਰਬਸੰਮਤੀ ਨਾਲ ਪ੍ਰੀਸ਼ਦ ਦਾ ਚੇਅਰਮੈਨ ਚੁਣ ਲਿਆ ਗਿਆ ਹੈ। ਉੱਘੀ ਰੰਗਮੰਚ ਸ਼ਖਸੀਅਤ ਡਾ. ਨੀਲਮ ਮਾਨ ਸਿੰਘ ਨੂੰ ਵਾਈਸ ਚੇਅਰਮੈਨ ਚੁਣਿਆ ਗਿਆ ਹੈ ਜਦਕਿ ਮੌਜੂਦਾ ਸਕੱਤਰ ਜਨਰਲ ਡਾ. ਲਖਵਿੰਦਰ ਸਿੰਘ ਜੌਹਲ ਦਾ ਅਹੁਦਾ ਫਿਲਹਾਲ ਬਰਕਰਾਰ ਹੈ। ਪੰਜਾਬ ਸਰਕਾਰ ਤੋਂ ਮਿਲੇ ਸੰਕੇਤਾਂ ਅਨੁਸਾਰ ਫਿਲਹਾਲ ਪ੍ਰੀਸ਼ਦ ਦੀਆਂ ਸਬੰਧਤ ਤਿੰਨ ਅਕਾਦਮੀਆਂ: ਸੰਗੀਤ ਨਾਟਕ, ਲਲਿਤ ਕਲਾ ਅਤੇ ਸਾਹਿਤ ਅਕਾਦਮੀਆਂ ਦੇ ਪ੍ਰਧਾਨਾਂ ਅਤੇ ਸਕੱਤਰਾਂ ਨੂੰ ਸਤਿੰਦਰ ਸੱਤੀ ਅਤੇ ਐਸ.ਐਸ. ਵਿਰਦੀ ਵਾਂਗ ਛਾਂਗ ਕੇ ਨਵੇਂ ਅਹੁਦੇਦਾਰ ਚੁਣਨ ਦੀ ਕੋਈ ਸੰਭਾਵਨਾ ਨਹੀਂ ਹੈ। ਦੱਸਣਯੋਗ ਹੈ ਕਿ ਡਾ. ਪਾਤਰ ਅਤੇ ਡਾ. ਨੀਲਮ ਮਾਨ ਸਿੰਘ ਨੂੰ ਸਰਕਾਰ ਵੱਲੋਂ ਅੱਧਵਾਟਿਓਂ ਹੀ ਨਾਟਕੀ ਢੰਗ ਨਾਲ ਪ੍ਰੀਸ਼ਦ ਵਿੱਚੋਂ ਛਾਂਟੀ ਕੀਤੇ ਸੱਤੀ ਅਤੇ ਸ੍ਰੀ ਵਿਰਦੀ ਦੀ ਥਾਂ ਚੁਣਿਆ ਗਿਆ ਹੈ। ਅੱਜ ਪੰਜਾਬ ਕਲਾ ਪ੍ਰੀਸ਼ਦ ਦੀ ਮੀਟਿੰਗ ਦੀ ਪ੍ਰਧਾਨਗੀ ਸੱਭਿਆਚਾਰਕ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਜਸਪਾਲ ਸਿੰਘ ਨੇ ਕੀਤੀ। ਉਨ੍ਹਾਂ ਰਸਮੀ ਤੌਰ 'ਤੇ ਮੀਟਿੰਗ ਦੀ ਕਾਰਵਾਈ ਚਲਾਈ ਅਤੇ ਡਾ. ਜੌਹਲ ਨੇ ਚੇਅਰਮੈਨ ਲਈ ਡਾ. ਪਾਤਰ ਅਤੇ ਵਾਈਸ ਚੇਅਰਮੈਨ ਲਈ ਡਾ. ਨੀਲਮ ਮਾਨ ਸਿੰਘ ਦੇ ਨਾਮ ਤਜਵੀਜ਼ ਕੀਤੇ। ਮੀਟਿੰਗ ਵਿੱਚ ਹਾਜ਼ਰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਇਸ ਤਜਵੀਜ਼ ਨੂੰ ਪ੍ਰਵਾਨਗੀ ਦਿੱਤੀ। ਇਹ ਚੋਣ ਮੁਕੰਮਲ ਹੋਣ ਤੋਂ ਤੁਰੰਤ ਬਾਅਦ ਸੱਭਿਆਚਾਰਕ ਮਾਮਲੇ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਖੁਦ ਕਲਾ ਭਵਨ ਪੁੱਜੇ ਅਤੇ ਉਨ੍ਹਾਂ ਦੀ ਮੌਜੂਦਗੀ ਵਿੱਚ ਡਾ. ਸੁਰਜੀਤ ਪਾਤਰ ਨੇ ਅਹੁਦਾ ਸੰਭਾਲਿਆ। ਇਸ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਵਿਧਾਇਕ ਬਲਬੀਰ ਸਿੰਘ ਸਿੱਧੂ, ਪਰਗਟ ਸਿੰਘ, ਕੁਲਬੀਰ ਸਿੰਘ ਜ਼ੀਰਾ, ਡਾ. ਰਾਜ ਕੁਮਾਰ ਵੇਰਕਾ, ਭਾਰਤ ਭੂਸ਼ਣ ਆਸ਼ੂ, ਅਮਿਤ ਵਿਜ, ਸੰਜੀਵ ਤਲਵਾਰ ਅਤੇ ਪਰਮਿੰਦਰ ਸਿੰਘ ਪਿੰਕੀ ਵੀ ਮੌਜੂਦ ਸਨ। ਸ੍ਰੀ ਸਿੱਧੂ ਨੇ ਐਲਾਨ ਕੀਤਾ ਕਿ ਕਲਾ ਪ੍ਰੀਸ਼ਦ ਨੂੰ



**ਬਾਕੀ ਸਫ਼ਾ 33 'ਤੇ**

## ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਇਲੈਕਸ਼ਨ ਵਾਸਤੇ

# ਸਮੂਹ ਸੰਗਤ ਨੂੰ ਅਪੀਲ

ਗੁਰੂ ਪਿਆਰੀ ਸਤਿਕਾਰਯੋਗ ਸਾਧ ਸੰਗਤ ਜੀਓ,

ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਸੈਨਹੋਜੇ ਦੀ ਇਲੈਕਸ਼ਨ ਪ੍ਰਬੰਧਕਾਂ ਵੱਲੋਂ ਅਨਾਊਂਸ ਕੀਤੀ ਗਈ ਹੈ ਕਿ ਲਗਭਗ ਪਹਿਲੀ ਅਕਤੂਬਰ ਨੂੰ ਇਲੈਕਸ਼ਨ ਹੋਵੇਗੀ। ਸਾਡੇ ਵੱਲੋਂ ਆਪ ਜੀ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਗੁਰੂ ਘਰ ਦੀ ਇਲੈਕਸ਼ਨ ਕਰਵਾਉਣ ਲਈ ਤਕਰੀਬਨ ਇਕ ਮਿਲੀਅਨ ਡਾਲਰ ਲੱਗ ਗਿਆ ਸੀ ਅਤੇ ਲਗਾਤਾਰ 4 ਸਾਲ ਕੋਰਟ ਕਚਹਿਰੀ ਵਿਚ ਕੇਸ ਲੜਨਾ ਪਿਆ ਤਾਂ ਕਿ ਇਸ ਗੁਰੂ ਘਰ ਵਿਚ ਸੰਗਤਾਂ ਦੇ ਹੱਕ ਬਹਾਲ ਕਰਵਾਏ ਜਾਣ ਜਿਸ ਵਿਚ ਪ੍ਰਮਾਤਮਾ ਦੀ ਸਖਸ਼ਿਸ਼ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਾਰੇ ਕੇਸ ਸੰਗਤਾਂ ਦੇ ਹੱਕ ਵਿਚ ਹੋ ਗਏ। ਪਰ ਪ੍ਰਬੰਧਕ ਹਾਲੇ ਵੀ ਇਸ ਗੱਲ ਉਪਰ ਬਜਿੱਦ ਹਨ ਕਿ ਹੌਲੀ ਹੌਲੀ ਸੰਵਿਧਾਨ ਵਿਚ ਫਿਰ ਤੋਂ ਤਬਦੀਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਜਿਸ ਦੀ ਮਿਸਾਲ ਕੁਝ ਮਹੀਨੇ ਪਹਿਲਾਂ ਜਨਰਲ ਬਾਡੀ ਦੀ ਮੀਟਿੰਗ ਵਿਚ ਦੇਖਣ ਨੂੰ ਮਿਲੀ ਕਿ ਪ੍ਰਬੰਧਕਾਂ ਨੂੰ ਹੱਕ ਸੀ ਕਿ ਉਹ 50,000 ਡਾਲਰ ਖਰਚ ਸਕਦੇ ਹਨ ਜੇਕਰ ਇਸ ਤੋਂ ਉਪਰ ਖਰਚ ਦੇ ਹਨ ਤਾਂ ਸੰਗਤਾਂ ਤੋਂ ਮਨਜ਼ੂਰੀ ਲੈਣੀ ਪਵੇਗੀ। ਪਰ ਉਸ ਦਿਨ ਵੀ ਗੁਰੂ ਘਰ ਵਿਚ ਪੁਲਿਸ ਸੱਦ ਲਈ ਗਈ। ਸਟੇਜ ਉਪਰ ਸੰਗਤ ਦੇ ਕਿਸੇ ਵੀ ਮੈਂਬਰ ਨੂੰ ਆਪਣੇ ਵਿਚਾਰ ਨਹੀਂ ਰੱਖਣ ਦਿੱਤੇ ਅਤੇ ਧੱਕੇ ਨਾਲ ਇਹ ਰਕਮ 50 ਹਜ਼ਾਰ ਡਾਲਰ ਤੋਂ ਵਧਾ ਢਾਈ ਲੱਖ ਡਾਲਰ ਦੀ ਮਨਜ਼ੂਰੀ ਲੈ ਲਈ। ਹੁਣ ਇਲੈਕਸ਼ਨ ਵਿਚ ਇਹ ਮਤਾ ਰੱਖਿਆ ਗਿਆ ਹੈ ਕਿ ਪ੍ਰਬੰਧਕਾਂ ਦੀ ਸੇਵਾ ਦੋ ਸਾਲ ਤੋਂ 4 ਸਾਲ ਕੀਤੀ ਜਾਵੇ ਜਦੋਂ ਕਿ ਇਹ 30 ਸਾਲ ਸੇਵਾ ਕਰ ਚੁੱਕੇ ਹਨ। ਅਸੀਂ ਪ੍ਰਬੰਧਕਾਂ ਨਾਲ ਹਰ ਕੋਸ਼ਿਸ਼ ਕੀਤੀ ਕਿ ਮਿਲ ਬੈਠ ਕੇ ਕੋਈ ਹੱਲ ਲੱਭਿਆ ਜਾਵੇ ਪਰ ਇਹ ਪ੍ਰਬੰਧਕ ਨਾ ਚਿੱਠੀ ਦਾ ਜਵਾਬ ਦਿੰਦੇ ਹਨ ਅਤੇ ਨਾ ਹੀ ਕਿਸੇ ਈਮੇਲ ਦਾ। ਅਸੀਂ ਸੰਗਤ ਵੱਲੋਂ ਕੁਝ ਸੇਵਾਦਾਰਾਂ ਨੂੰ ਇਸ ਕਰਕੇ ਖੜ੍ਹੇ ਕਰ ਰਹੇ ਹਾਂ ਕਿ ਇਸ ਗੁਰੂ ਘਰ ਵਿਚ ਇਲੈਕਸ਼ਨ ਸਿਸਟਮ ਬੰਦ ਨਾ ਹੋਵੇ ਅਤੇ ਕਿਸੇ ਇਕ ਪਰਿਵਾਰ ਵਿਚ ਗਰੁੱਪ ਦਾ ਕਬਜ਼ਾ ਸਦਾ ਲਈ ਨਾ ਰਹੇ। ਦੂਸਰੀ ਬੇਨਤੀ ਹੈ ਕਿ ਦੋ ਸਾਲ ਦੀ ਸੇਵਾ ਨੂੰ 4 ਸਾਲ ਵਿਚ ਨਾ ਬਦਲਿਆ ਜਾਵੇ। ਬਾਕੀ ਜਾਣਕਾਰੀ ਆਉਣ ਵਾਲੇ ਹਫਤਿਆਂ ਵਿਚ ਰੇਡੀਓ ਰਾਹੀਂ ਅਖ਼ਬਾਰਾਂ ਰਾਹੀਂ ਦਿੱਤੀ ਜਾਵੇਗੀ। ਆਪ ਕਿਸੇ ਵੀ ਜਾਣਕਾਰੀ ਲਈ ਗੱਲ ਕਰ ਸਕਦੇ ਹੋ। ਉਮੀਦਵਾਰਾਂ ਦੇ ਨਾਮ ਦੇਣ ਦੀ ਤਾਰੀਖ 10 ਸਤੰਬਰ ਹੋਵੇਗੀ। ਜੇਕਰ ਆਪ ਨੇ ਵੋਟ ਨਹੀਂ ਬਣਾਈ ਤਾਂ ਜ਼ਰੂਰ ਵੋਟ ਬਣਵਾਓ।



### ਹੋਰ ਜਾਣਕਾਰੀ ਲਈ ਕਾਲ ਕਰੋ :

| | | | | |
|---|---|---|---|---|
| ਮਨਪ੍ਰੀਤ ਸਿੰਘ ਬਦੇਸ਼ਾ<br>408-205-1663 | ਭੁਪਿੰਦਰ ਸਿੰਘ ਚੀਮਾ<br>408-203-8054 | ਦਲਵੀਰ ਸਿੰਘ ਬਾਸੀ<br>408-784-2541 | ਕਲਦੀਪ ਸਿੰਘ ਚੀਮਾ<br>408-205-5655 | ਗੁਰਪ੍ਰੀਤ ਕੌਰ<br>408-250-1319 |
| ਗੁਰਮੇਲ ਸਿੰਘ ਬਾਠ:<br>408-509-1082 | ਬਲਵੀਰ ਸਿੰਘ ਢਿੱਲੋਂ<br>408-772-0600 | ਜਸਵੰਤ ਸਿੰਘ ਹੋਠੀ<br>408-898-7056 | ਹਰਪਾਲ ਸਿੰਘ ਚਾਹਲ<br>408-981-2842 | ਜੰਗ ਸਿੰਘ ਬਦੇਸ਼ਾ<br>408-888-1781 |
| ਹਰਦੁੱਮਣ ਸਿੰਘ ਸੰਘੇੜਾ<br>408-520-8800 | ਤਰਲੋਚਨ ਸਿੰਘ ਨਾਹਲ<br>408-202-8844 | ਜਸਪਾਲ ਸਿੰਘ ਸੈਣੀ<br>408-393-9505 | ਬਚਿੱਤਰ ਸਿੰਘ ਸੰਘਾ<br>408-406-0156 | ਗੁਰਬਚਨ ਸਿੰਘ ਚਾਹਲ<br>408-564-2645 |
| ਗੁਰਮੀਤ ਸਿੰਘ ਸੈਣੀ<br>408-390-2370 | ਜਰਨੈਲ ਸਿੰਘ ਬਨਵੈਤ<br>408-690-6432 | ਇਕਬਾਲ ਸਿੰਘ ਬੁੱਟਰ<br>408-417-2636 | ਚੰਦ ਸਿੰਘ ਸਰਾ<br>408-726-3405 | ਬਘੇਲ ਸਿੰਘ ਜੱਸਵਾਲ<br>408-834-6277 |
| ਸੁਖਵਿੰਦਰ ਸਿੰਘ ਸਮਰਾ<br>408-482-5132 | ਅਵਤਾਰ ਸਿੰਘ ਖੇਲਾ<br>408-841-6597 | ਜਗਜੀਤ ਸਿੰਘ ਮੰਡ<br>408-858-3845 | ਗੁਰਬਚਨ ਸਿੰਘ ਗਿੱਲ<br>408-300-3348 | ਜਗਜੀਤ ਸਿੰਘ ਖਾਲਸਾ<br>408-223-9900 |

# ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੇ ਕਾਤਲਾਂ ਦੀ ਸੂਹ ਲਾਉਣ ਲਈ ਕਰਨਾਟਕ ਸਰਕਾਰ ਵੱਲੋਂ ਸਿਟ' ਕਾਇਮ

**ਬੰਗਲੌਰ/ਬਿਊਰੋ ਨਿਊਜ਼:** ਹਿੰਦੂਤਵੀ ਤਾਕਤਾਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੀ ਕਾਰਕੁਨ ਤੇ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੀ ਜਾਂਚ ਲਈ ਕਰਨਾਟਕ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਸਿਟ) ਦੀ ਅਗਵਾਈ ਸੂਬਾਈ ਪੁਲੀਸ ਦੇ ਇੰਟੈਲੀਜੈਂਸ ਵਿੰਗ ਦੇ ਆਈਜੀਪੀ ਬੀ.ਕੇ. ਸਿੰਘ ਕਰਨਗੇ। ਇਸ ਦੌਰਾਨ ਸੀਨੀਅਰ ਗੌਰੀ ਲੰਕੇਸ਼ ਦਾ ਬੁੱਧਵਾਰ ਨੂੰ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਟੀਆਰ ਮਿੱਲ ਸ਼ਮਸ਼ਾਨਘਾਟ ਵਿੱਚ ਗੌਰੀ ਦੀਆਂ ਅੰਤਮ ਰਸਮਾਂ ਮੌਕੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ। ਸੂਬੇ ਦੇ ਗ੍ਰਹਿ ਮੰਤਰੀ ਰਾਮਾਲਿੰਗਾ ਰੈੱਡੀ ਨੇ ਕਿਹਾ ਕਿ ਡੀਸੀਪੀ (ਪੱਛਮੀ) ਐਮ.ਐਨ. ਅਨੂਚੇਤ ਇਸ 21 ਮੈਂਬਰੀ ਸਿੱਟ ਦੇ ਪੜਤਾਲੀਆ ਅਫ਼ਸਰ ਹੋਣਗੇ। ਸਰਕਾਰ ਨੇ ਇਸ ਸਬੰਧੀ ਹੁਕਮ ਜਾਰੀ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਸਿੱਧਾਰਮੱਈਆ ਨੇ ਇਸ ਕਤਲ ਦੀ ਜਾਂਚ ਲਈ ਸਿਟ ਬਣਾਉਣ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਨੇ ਆਖਿਆ ਕਿ ਪਰਿਵਾਰ ਦੀ ਮੰਗ ਮੁਤਾਬਕ ਇਸ ਕੇਸ ਦੀ ਸੀਬੀਆਈ ਤੋਂ ਜਾਂਚ ਕਰਵਾਉਣ ਲਈ ਵੀ ਸਰਕਾਰ ਤਿਆਰ ਹੈ। ਇੱਥੇ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਮਗਰੋਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਪੁਲੀਸ ਨੂੰ ਦੱਸ ਦਿੱਤਾ ਹੈ ਕਿ ਇਸ ਕੇਸ ਨੂੰ ਬੇਹੱਦ ਗੰਭੀਰਤਾ ਨਾਲ ਲਿਆ ਜਾਵੇ।ਿ ?ਕਰਯੋਗ ਹੈ ਕਿ ਸੱਜੇ ਪੱਖੀਆਂ ਵਿਰੁੱਧ ਆਵਾਜ਼ ਉਠਾਉਣ ਲਈ ਜਾਣੀ ਜਾਂਦੀ 55 ਸਾਲਾ ਗੌਰੀ ਲੰਕੇਸ਼ ਨੂੰ ਕੱਲ੍ਹ ਉਨ੍ਹਾਂ ਦੇ ਘਰ ਦੇ ਬਾਹਰ ਅਣਪਛਾਤੇ ਹਮਲਾਵਰਾਂ ਨੇ ਨੇੜਿਓਂ ਗੋਲੀ ਮਾਰ ਦਿੱਤੀ ਸੀ। ਲੇਖਕ, ਪ੍ਰਕਾਸ਼ਕ ਤੇ ਸੰਪਾਦਕ ਗੌਰੀ ਜਦੋਂ ਘਰ ਪਰਤਣ ਮਗਰੋਂ ਕਾਰ ਵਿੱਚੋਂ ਉਤਰ ਕੇ ਗੇਟ ਖੋਲ੍ਹ ਰਹੀ ਸੀ ਤਾਂ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਨ੍ਹਾਂ ਉਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਦੋ ਗੋਲੀਆਂ ਗੌਰੀ ਦੀ ਛਾਤੀ ਅਤੇ ਇਕ ਮੱਥੇ ਉਤੇ ਲੱਗੀ। 'ਟਾਈਮਜ਼ ਆਫ਼ ਇੰਡੀਆ' ਦੇ ਬੰਗਲੌਰ

ਬਾਕੀ ਸਫ਼ਾ 32 'ਤੇ



ਗੌਰੀ ਲੰਕੇਸ਼ (ਇਨਸੈੱਟ) ਦੀ ਲਾਸ਼ ਕੋਲ ਵਿਰਲਾਪ ਕਰਦੀ ਮਾਂ ਇੰਦਰਾ, ਭਰਾ ਇੰਦਰਜੀਤ ਅਤੇ ਭੈਣ ਕਵਿਤਾ।

**ਸੁਰੱਖਿਆ ਨਾ ਦਿੱਤੇ ਜਾਣ ਦਾ ਭਾਜਪਾ ਨੂੰ .ਗਮ**

ਭਾਜਪਾ ਨੇ ਪੱਤਰਕਾਰ ਗੌਰੀ ਲੰਕੇਸ਼ ਨੂੰ ਸੁਰੱਖਿਆ ਪ੍ਰਦਾਨ ਕਰਨ 'ਚ ਨਾਕਾਮ ਰਹਿਣ 'ਤੇ ਕਰਨਾਟਕ ਦੀ ਕਾਂਗਰਸ ਸਰਕਾਰ ਨੂੰ ਤਿੱਖੇ ਸਵਾਲ ਕੀਤੇ ਹਨ। ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਵੱਖ ਵੱਖ ਪਾਰਟੀ ਆਗੂਆਂ ਨੇ ਹੱਤਿਆ ਕਾਂਡ ਦੀ ਨਿਖੇਧੀ ਕੀਤੀ ਹੈ। ਲੰਕੇਸ਼ ਦੇ ਭਰਾ ਇੰਦਰਜੀਤ ਵੱਲੋਂ ਦਿੱਤੇ ਗਏ ਬਿਆਨ ਦੀ ਕਾਪੀ ਦਿਖਾਉਂਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਉਹ ਨਕਸਲੀਆਂ ਨੂੰ ਆਤਮ ਸਮਰਪਣ ਕਰਵਾਉਣ ਦੇ ਕੰਮ 'ਚ ਜੁਟੀ ਹੋਈ ਸੀ। ਸ੍ਰੀ ਪ੍ਰਸਾਦ ਨੇ ਕਿਹਾ ਕਿ ਸਿੱਧਾਰਮੱਈਆ ਸਰਕਾਰ ਨੇ ਉਸ ਨੂੰ ਸੁਰੱਖਿਆ ਕਿਉਂ ਨਹੀਂ ਮੁਹੱਈਆ ਕਰਵਾਈ ਸੀ। ਇਹ ਵੀ ਆਖਿਆ ਜਾ ਰਿਹਾ ਹੈ ਕਿ ਨਕਸਲੀ ਉਸ ਤੋਂ ਨਾਰਾਜ਼ ਸਨ ਤਾਂ ਫਿਰ ਕਰਨਾਟਕ 'ਚ ਕਾਂਗਰਸ ਸਰਕਾਰ ਨੇ ਉਸ ਨੂੰ ਸੁਰੱਖਿਆ ਕਿਉਂ ਨਹੀਂ ਦਿੱਤੀ।' ਕਾਂਗਰਸ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਆਰਐਸਐਸ ਨਾਲ ਜੁੜੇ ਗੁੱਟਾਂ 'ਤੇ ਦੋਸ਼ ਲਾਏ ਜਾਣ 'ਤੇ ਉਸ ਨੂੰ ਕਰੜੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ ਕਿ ਫਿਰ ਨਿਰਪੱਖ ਜਾਂਚ ਦੀ ਆਸ ਕਰਨਾ ਮੁਸ਼ਕਲ ਹੈ।

## ਜੇ ਆਰ.ਐਸ.ਐਸ. ਖਿਲਾਫ ਨਾ ਲਿਖਦੀ ਤਾਂ ਅੱਜ ਜਿਉਂਦੀ ਹੁੰਦੀ ਗੌਰੀ ਲੰਕੇਸ਼-ਭਾਜਪਾ ਵਿਧਾਇਕ



ਬੈਂਗਲੁਰੂ: ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਤੋਂ ਬਾਅਦ ਕਰਨਾਟਕਾ ਦੇ ਭਾਜਪਾ ਆਗੂ ਤੇ ਤੇ ਜੀਵਰਾਜ ਨੇ ਕਿਹਾ ਹੈ ਕਿ ਜੇ ਗੌਰੀ ਲੰਕੇਸ਼ ਸਾਡੇ ਖਿਲਾਫ ਨਾ ਲਿਖਦੀ ਤਾਂ ਸ਼ਾਇਦ ਅੱਜ ਜਿੰਦਾ ਹੁੰਦੀ। ਗੌਰੀ ਲੰਕੇਸ਼ ਦੀ ਮੰਗਲਵਾਰ ਨੂੰ ਬੈਂਗਲੂਰੂ 'ਚ ਉਸਦੇ ਘਰ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸਾਲ 2008-2013 ਦੌਰਾਨ ਕਰਨਾਟਕਾ 'ਚ ਭਾਜਪਾ ਦੀ ਸਰਕਾਰ ਵੇਲੇ ਮੰਤਰੀ ਰਹਿ ਚੁਕੇ ਡੀ.ਐਨ. ਜੀਵਰਾਜ ਨੇ ਚਿਕਮੰਗਲੂਰ 'ਚ ਭਾਜਪਾ ਦੀ ਇਕ ਰੈਲੀ 'ਚ ਕਿਹਾ, "ਜੇਕਰ ਗੌਰੀ ਲੰਕੇਸ਼ ਨੇ ਆਰ.ਐਸ.ਐਸ. ਦੇ ਖਿਲਾਫ ਨਾ ਲਿਖਦੀ ਅਤੇ ਉਸਨੇ ਭਾਜਪਾ ਕਾਰਕੁਨਾਂ ਦੀਆਂ ਹੱਤਿਆਵਾਂ ਅਤੇ ਸਿੱਧਾਰਮੱਈਆ ਦੀ ਨਿਖੇਧੀ ਕੀਤੀ ਹੁੰਦੀ ਤਾਂ ਸ਼ਾਇਦ ਅੱਜ ਜਿੰਦਾ ਹੁੰਦੀ। ਜਿਵੇਂ ਉਸਨੇ ਸਾਡੇ ਖਿਲਾਫ ਲਿਖਿਆ ਉਸਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

## ਕਾਤਲ ਦੀ ਸੂਹ ਦੇਣ ਵਾਲੇ ਨੂੰ 10 ਲੱਖ ਇਨਾਮ ਦਾ ਐਲਾਨ

### *ਭਾਜਪਾ ਵਿਧਾਇਕ ਤੋਂ ਵੀ ਹੋਵੇਗੀ ਪੁੱਛ-ਗਿੱਛ*

**ਬੈਂਗਲੁਰੂ :** ਸੀਨੀਅਰ ਪੱਤਰਕਾਰ ਅਤੇ ਹਿੰਦੂਤਵੀ ਤਾਕਤਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੀ ਗੌਰੀ ਲੰਕੇਸ਼ ਦੀ ਹੱਤਿਆ ਦੇ ਮਾਮਲੇ 'ਚ ਕਰਨਾਟਕ ਸਰਕਾਰ ਨੇ ਹੱਤਿਆਰਿਆਂ ਦੀ ਸੂਹ ਦੇਣ ਵਾਲੇ ਨੂੰ ਅੱਜ 10 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਗ੍ਰਹਿ ਮੰਤਰੀ ਰਾਮਾਲਿੰਗਾ ਰੈੱਡੀ ਵੱਲੋਂ ਇਹ ਐਲਾਨ ਉਸ ਸਮੇਂ ਕੀਤਾ ਗਿਆ ਹੈ ਜਦੋਂ ਇਕ ਦਿਨ ਪਹਿਲਾਂ ਪੁਲੀਸ ਨੇ ਲੋਕਾਂ ਨੂੰ ਕਿਹਾ ਸੀ ਕਿ ਜੇਕਰ ਪੱਤਰਕਾਰ ਹੱਤਿਆ ਕਾਂਡ ਦੇ ਮਾਮਲੇ ਨਾਲ ਸਬੰਧਤ ਉਨ੍ਹਾਂ ਕੋਲ ਕੋਈ ਸੂਹ ਹੈ ਤਾਂ ਉਹ ਖਾਸ ਫੋਨ ਨੰਬਰਾਂ ਅਤੇ ਈ-ਮੇਲ 'ਤੇ ਉਸ ਦੀ ਜਾਣਕਾਰੀ ਦੇ ਸਕਦੇ ਹਨ। ਸ੍ਰੀ ਰੈੱਡੀ ਨੇ ਕਿਹਾ,"ਮੁੱਖ ਮੰਤਰੀ (ਸਿੱਧਾਰਮੱਈਆ) ਨੇ ਜਾਂਚ ਤੇਜ਼ ਕਰਨ ਅਤੇ ਦੋਸ਼ੀਆਂ ਨੂੰ ਛੇਤੀ ਫੜਨ ਦੇ ਨਿਰਦੇਸ਼ ਦਿੱਤੇ ਹਨ। ਅਸੀਂ ਸਿਟ ਨੂੰ ਕਈ ਅਧਿਕਾਰੀ ਦਿੱਤੇ ਹਨ ਅਤੇ ਜੇਕਰ ਹੋਰ ਅਧਿਕਾਰੀਆਂ ਦੀ ਲੋੜ ਪਈ ਤਾਂ ਹੋਰ ਦੇਣ ਲਈ ਵੀ ਤਿਆਰ ਹਾਂ।" ਸਿਟ ਵੱਲੋਂ ਭਾਜਪਾ ਵਿਧਾਇਕ ਜੀਵਾਰਾਜ ਤੋਂ ਵੀ ਪੁੱਛ-ਗਿੱਛ ਕੀਤੀ ਜਾਵੇਗੀ। ਸ੍ਰੀ ਸਿੱਧਾਰਮੱਈਆ ਨੇ ਅੱਜ ਸਿਟ ਦੇ ਮੈਂਬਰਾਂ ਨਾਲ ਬੈਠਕ ਕਰਕੇ ਜਾਂਚ ਦੀ ਪ੍ਰਗਤੀ ਬਾਰੇ ਜਾਣਕਾਰੀ ਹਾਸਲ ਕੀਤੀ। ਬੈਠਕ 'ਚ ਸ੍ਰੀ ਰੈੱਡੀ, ਸਿਟ ਮੁਖੀ ਬੀ ਕੇ ਸਿੰਘ, ਡੀਜੀਪੀ ਆਰ ਕੇ ਦੱਤਾ ਅਤੇ ਇੰਟੈਲੀਜੈਂਸ ਦੇ ਡੀਜੀ ਏ ਐਮ ਪ੍ਰਸਾਦ ਹਾਜ਼ਰ ਸਨ। ਸੂਬਾ ਸਰਕਾਰ ਨੇ ਬੁੱਧਵਾਰ ਨੂੰ ਆਈਜੀ (ਇੰਟੈਲੀਜੈਂਸ) ਬੀ ਕੇ ਸਿੰਘ ਦੀ ਅਗਵਾਈ ਹੇਠ 21 ਮੈਂਬਰੀ ਸਿਟ ਦੇ ਗਠਨ ਦਾ ਐਲਾਨ ਕੀਤਾ ਸੀ। ਜ਼ਿਕਰਯੋਗ ਹੈ ਕਿ ਗੌਰੀ ਲੰਕੇਸ਼ ਨੂੰ 5 ਸਤੰਬਰ ਦੀ ਰਾਤ ਨੂੰ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਜਦੋਂ ਗੌਰੀ ਦੇ ਪਰਿਵਾਰ ਵੱਲੋਂ ਦੋਸ਼ੀਆਂ ਨੂੰ ਫੜਨ 'ਚ ਦੇਰੀ ਦੀ ਸੰਭਾਵਨਾ 'ਤੇ ਜਤਾਈ ਚਿੰਤਾ ਬਾਰੇ ਪੁੱਛਿਆ ਗਿਆ ਤਾਂ ਸ੍ਰੀ ਰੈੱਡੀ ਨੇ ਕਿਹਾ ਕਿ ਸਿਟ ਦੋਸ਼ੀਆਂ ਨੂੰ ਛੇਤੀ ਫੜਨ ਦੇ ਇਰਾਦੇ ਨਾਲ ਹੀ ਬਣਾਈ ਗਈ ਹੈ। ਭਾਜਪਾ ਵਿਧਾਇਕ ਜੀਵਾਰਾਜ ਵੱਲੋਂ ਗੌਰੀ ਦੀ ਹੱਤਿਆ ਬਾਰੇ ਦਿੱਤੇ ਗਏ ਬਿਆਨ ਸਬੰਧੀ ਗ੍ਰਹਿ ਮੰਤਰੀ ਨੇ ਕਿਹਾ ਕਿ ਸਿਟ ਨੂੰ ਉਸ ਤੋਂ ਵੀ ਪੁੱਛ-ਗਿੱਛ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਬਿਆਨ ਦੇ ਪਿਛੋਕੜ ਦੀ ਕੋਈ ਜਾਣਕਾਰੀ ਨਹੀਂ ਹੈ ਪਰ ਜਦੋਂ ਗੌਰੀ ਲੰਕੇਸ਼ ਦੀ ਹੱਤਿਆ ਹੋਈ ਤਾਂ ਭਾਜਪਾ ਆਗੂ ਵੀ ਅਫ਼ਸੋਸ ਕਰਨ ਅਤੇ ਅੰਤਿਮ ਸਸਕਾਰ 'ਚ ਪਹੁੰਚੇ ਸਨ।

# ਸੀਨੀਅਰ ਅਤੇ ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ

### *ਕੈਲੇਫੋਰਨੀਆਂ ਜਰਨਲਿਸਟ ਐਸੋਸੀਏਸ਼ਨ ਵਲੋਂ ਭਾਰਤ ਦੀ ਲੋਕਪੱਖੀ ਪੱਤਰਕਾਰ ਦੀ ਹਤਿਆ ਵਿਰੁੱਧ ਸ਼ੋਕ ਸਭਾ*

- **ਭਾਰਤ ਵਿਚ ਲੋਕਤੰਤਰ ਨਾ ਦੀ ਕੋਈ ਚੀਜ਼ ਨਹੀਂ**
- **ਘੱਟ ਗਿਣਤੀਆਂ ਉੱਤੇ ਹੋ ਰਹੇ ਨੇ ਲਗਾਤਾਰ ਹਮਲੇ**
- **ਪੱਤਰਕਾਰਾਂ ਅੰਦਰ ਅਸੁਰੱਖਿਆ ਦੀ ਭਾਵਨਾ ਵਾਲਾ ਮਹੌਲ**



**ਫਰੀਮਾਂਟ/ਬਿਊਰੋ ਨਿਊਜ਼:** ਕੈਲੇਫੋਰਨੀਆਂ ਜਰਨਲਿਸਟ ਐਸੋਸੀਏਸ਼ਨ ਨੇ ਕਰਨਾਟਕ ਦੇ ਰਾਜਧਾਨੀ ਵਾਲੇ ਬੈਂਗਲੂਰੂ ਸ਼ਹਿਰ ਵਿੱਚ ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੀ ਲੰਘੇ ਹਫ਼ਤੇ ਉਸਦੇ ਘਰ ਅੰਦਰ ਦਾਖ਼ਲ ਹੋ ਕੇ ਬੇਰਹਿਮੀ ਨਾਲ ਹਤਿਆ ਕੀਤੇ ਜਾਣ ਦੀ ਕਰੜੀ ਨਿਖੇਧੀ ਕਰਦਿਆਂ ਲੋਕ ਪੱਖੀ ਅਤੇ ਮਨੁੱਖੀ ਅਧਿਕਾਰਾਂ ਦੀ ਮੁਦਈ ਮਹਿਲਾ ਦੇ ਕਾਤਲਾਂ ਨੂੰ ਤੁਰੰਤ ਗ੍ਰਿਫਤਾਰ ਕੀਤੇ ਜਾਣ ਦੀ ਮੰਗ ਕੀਤੀ ਹੈ। ਭਾਰਤੀ ਲੋਕਤੰਤਰ ਵਿਰੁੱਧ ਹਕੂਮਤੀ ਸਰਪ੍ਰਸਤੀ ਹਾਸਲ ਹੋਣ ਦਾ ਦਾਅਵਾ ਕਰਨ ਵਾਲੀਆਂ ਕੁਝ ਕਾਲੀਆਂ ਤਾਕਤਾਂ ਵਲੋਂ ਕਰਨਾਟਕਾ ਦੀ ਲੰਕੇਸ਼ ਅਖਬਾਰ ਦੀ ਮੁੱਖ ਸੰਪਾਦਿਕਾ ਅਤੇ ਜੁਝਾਰੂਵਾਦੀ ਤੇ ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਦੇ ਜ਼ਾਲਿਮਾਨਾ ਕਤਲ ਵਿਰੁਧ ਰੋਸ ਪ੍ਰਗਟ ਕਰਨ ਅਤੇ ਉਸਦੀ ਯਾਦ ਵਿਚ ਮੋਮਬੱਤੀਆਂ ਜਗਾਉਣ ਲਈ ਬੀਤੇ ਦਿਨ ਇੱਥੇ ਲੇਕ ਐਲਿਜ਼ਬੈੱਥ ਪਾਰਕ ਵਿਚ ਪੰਜਾਬੀ ਜਰਨਲਿਸਟ ਐਸੋਸੀਏਸ਼ਨ ਕੈਲੇਫੋਰਨੀਆਂ ਵਲੋਂ ਇੱਥੇ ਲੇਕ ਐਲਿਜ਼ਬੈੱਥ ਪਾਰਕ ਵਿਚ ਕੀਤੀ ਸ਼ੋਕ ਸਭਾ ਵਿਚ ਹਾਜ਼ਰ ਬੁਲਾਰਿਆਂ ਨੇ ਇਸ ਕਤਲ ਦੀ ਰੱਜ ਕੇ ਨਿੰਦਾ ਕਰਦਿਆਂ ਲੋਕਰਾਜ ਦੇ ਚੌਥੇ ਥੰਮ੍ਹ ਮੀਡੀਆ 'ਤੇ ਇਸ ਨੂੰ ਸਭ ਤੋਂ ਵੱਡਾ ਹਮਲਾ ਦੱਸਿਆ ਤੇ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਅਰਸੇ ਦੌਰਾਨ ਸੱਚ ਦੀ ਆਵਾਜ਼ ਉਠਾਉਣ ਵਾਲੇ ਪੱਤਰਕਾਰਾਂ ਤੇ ਲਗਾਤਾਰ ਹਮਲੇ ਹੋ ਰਹੇ ਹਨ, ਕਤਲ ਕੀਤੇ ਜਾ ਰਹੇ ਹਨ ਇਹ ਨਾ ਸਿਰਫ ਮਨੁੱਖ ਅਧਿਕਾਰਾਂ ਦੀ ਘੋਰ ਉਲੰਘਣਾ ਹੈ ਸਗੋਂ ਇਹ ਭਾਰਤ ਨੂੰ ਸਹੀ ਦਿਸ਼ਾਂ ਦੀ ਪਟੜੀ ਤੋਂ ਉਤਾਰਨ ਦਾ ਇਕ ਨਿੰਦਣਯੋਗ ਵਰਤਾਰਾ ਹੈ। ਇਸ ਰੋਸ ਤੇ ਸ਼ੋਕ ਸਭਾ ਵਿਚ ਨਾ ਸਿਰਫ ਪੰਜਾਬੀ ਭਾਈਚਾਰੇ ਦੇ ਲੋਕ ਸ਼ਾਮਿਲ ਹੋਏ ਸਗੋਂ ਭਾਰਤ ਦੇ ਦੱਖਣੀ ਸੂਬਿਆਂ ਤੋਂ ਵੀ ਗੌਰੀ ਲੰਕੇਸ਼ ਦੇ ਇਸ ਦਰਦ ਦੀ ਪੀੜਾ ਨੂੰ ਪ੍ਰਗਟ ਕਰਨ ਲਈ ਔਰਤਾਂ ਤੇ ਮਰਦਾਂ ਨੇ ਸ਼ਿਰਕਤ ਕੀਤੀ। ਇਹ ਭਾਰਤ ਦੇ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕਰਨਾਟਕਾ, ਕੇਰਲਾ ਅਤੇ ਤੇਲੰਗਾਨਾ ਸੂਬਿਆਂ ਨਾਲ ਸਬੰਧਿਤ ਸਨ। ਇਸ ਮੌਕੇ ਤੇ ਬੋਲਦਿਆਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਤੇ ਲੇਖਕ ਤਰਲੋਚਨ ਸਿੰਘ ਦਪਾਲਪੁਰ ਨੇ ਕਿਹਾ ਕਿ ਜਿਸ ਭਾਰਤ ਵਿਚ ਵੱਧ ਗਿਣਤੀ ਲੋਕਾਂ ਲਈ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਲੀਦਾਨ ਦਿੱਤਾ ਉਸੇ ਵਰਗੇ ਦੇ ਲੋਕ ਹੁਣ ਘੱਟ ਗਿਣਤੀਆਂ ਤੇ ਹਮਲੇ ਕਰਕੇ ਉਨ੍ਹਾਂ ਅੰਦਰ ਅਸੁਰੱਖਿਅਤ ਤੇ ਚਿੰਤਾ ਵਾਲੀਆਂ ਭਾਵਨਾਵਾਂ ਪੈਦਾ ਕਰ ਰਹੇ ਹਨ। ਗੌਰੀ ਲੰਕੇਸ਼ ਤੇ ਹਮਲਾ ਨਿੰਦਣਯੋਗ ਹੀ ਨਹੀਂ ਸਗੋਂ ਦੇਸ਼ ਦੀ ਸੰਸਕ੍ਰਿਤੀ 'ਤੇ ਇਕ ਵੱਡਾ ਹਮਲਾ ਹੈ। ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕ ਮੈਂਬਰ ਅਤੇ ਸਿੱਖ ਚਿੰਤਕ ਭਾਈ ਰਾਮ ਸਿੰਘ ਨੇ ਕਿਹਾ ਕਿ ਪੱਤਰਕਾਰਾਂ ਤੇ ਘੱਟ ਗਿਣਤੀਆਂ ਤੇ ਹੋ ਰਹੇ ਲਗਾਤਾਰ ਹਮਲੇ ਮਨੁੱਖ ਅਧਿਕਾਰਾਂ ਦੀ ਘੋਰ ਉਲੰਘਣਾ ਹੀ ਨਹੀਂ ਸਗੋਂ ਇਹ ਘੱਟ ਗਿਣਤੀਆਂ ਨੂੰ ਦਬਾਉਣ ਦੀ ਇਕ ਕੋਝੀ ਸਾਜਿਸ਼ ਹੈ ਜਿਸ ਲਈ ਸਰਕਾਰ ਨੂੰ ਅਤਿ ਗੰਭੀਰ ਹੋਣ ਦੀ ਲੋੜ ਹੈ। ਨਹੀਂ ਤਾਂ ਭਾਰਤ ਨੂੰ ਖੇਰੂੰ ਖੇਰੂੰ ਕਰਨ ਲਈ ਦੇਸ਼ ਦੀਆਂ ਹਕੂਮਤਾਂ ਹੀ ਜ਼ੁੰਮੇਵਾਰੀ ਬਣਨਗੀਆਂ। ਉਨ੍ਹਾਂ ਗੌਰੀ ਲੰਕੇਸ਼ ਦੇ ਕਤਲ ਨੂੰ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਹੀ ਨਹੀਂ ਸਗੋਂ ਇਸ ਨੂੰ ਗਲਾ ਘੁੱਟਣ ਦੇ ਬਰਾਬਰ ਕਿਹਾ। ਆਂਧਰਾ ਪ੍ਰਦੇਸ਼ ਦੀ ਵਾਲੀ ਬਿਨਦਾਨਾ ਨੇ ਗੌਰੀ ਲੰਕੇਸ਼ ਦੇ ਇਸ ਕਤਲ ਤੇ ਹੰਝੂ ਵਹਾਉਂਦਿਆਂ ਕਿਹਾ ਕਿ ਇਕ ਮਹਿਲਾ ਪੱਤਰਕਾਰ ਜੋ ਨਾ ਸਿਰਫ ਆਪਣੀ ਸਮਾਜਿਕ ਜ਼ੁੰਮੇਵਾਰੀ ਨਿਭਾਅ ਰਹੀ ਸੀ ਸਗੋਂ ਰਾਜਸੀ ਅਤੇ ਦੇਸ਼ ਵਿਰੋਧੀ ਤਾਕਤਾਂ ਨਾਲ ਲੜ ਰਹੀ ਸੀ ਦਾ ਕਤਲ ਭਾਰਤੀ ਲੋਕਤੰਤਰ ਦੇ ਮੱਥੇ ਤੇ ਇਕ ਕਲੰਕ ਦੇ ਟਿੱਕੇ ਵਾਂਗ ਸ਼ਰਮਨਾਕ ਵਰਤਾਰੇ ਵਰਗੀ ਘਟਨਾ ਮੰਨੀ ਜਾਂਦੀ ਰਹੇਗੀ। ਇੱਥੋਂ ਪ੍ਰਮੁੱਖ ਦੀ ਅਖਬਾਰ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਦੇ ਸੰਚਾਲਕ ਸ. ਜਸਜੀਤ ਸਿੰਘ ਨੇ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੀ ਨਿੰਦਾ ਕਰਦਿਆਂ, ਉਸਦੇ ਪਰਿਵਾਰ ਨਾਲ ਹਮਦਰਦੀ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਦੇ ਹਾਲਾਤ ਬਣਦੇ ਜਾ ਰਹੇ ਹਨ ਉਸ ਨਾਲ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਭਾਰਤ ਵਿਚ ਲੋਕਤੰਤਰ ਨਾ ਦੀ ਕੋਈ ਚੀਜ਼ ਨਹੀਂ ਤੇ ਘੱਟ ਗਿਣਤੀਆਂ ਨੂੰ ਦਬਾ ਕੇ, ਸੱਚ ਦੀ ਆਵਾਜ਼ ਦਾ ਗਲਾ ਘੁੱਟ ਕੇ ਤੇ ਹਕੂਮਤੀ ਮਨਮਰਜ਼ੀਆਂ ਕਰਨ ਦਾ ਮਹੌਲ ਸਿਰਜਿਆ ਜਾ ਰਿਹਾ ਹੈ। ਦੇਸ਼ ਵਿਰੋਧੀ ਅਤੇ ਧਾਰਮਿਕ ਕੱਟੜ ਜਨੂੰਨੀਆਂ ਵਲੋਂ ਗੌਰੀ ਲੰਕੇਸ਼ ਦਾ ਕਤਲ ਭਾਰਤ ਸੰਵਿਧਾਨ ਦੇ ਇਸ ਦਾਅਵੇ ਨੂੰ ਝੁਠਲਾਉਂਦਾ ਹੈ ਕਿ ਮੀਡੀਆ ਲੋਕਰਾਜ ਦਾ ਚੌਥਾ ਥੰਮ੍ਹ ਹੁੰਦਾ

ਬਾਕੀ ਸਫ਼ਾ 32 'ਤੇ

## ਟੋਰਾਂਟੋ ਵਿਚ ਵੀ ਪੱਤਰਕਾਰ ਭਾਈਚਾਰੇ ਵਲੋਂ ਗੌਰੀ ਲੰਕੇਸ਼ ਦੇ ਕਤਲ ਵਿਰੁੱਧ ਪ੍ਰਦਰਸ਼ਨ

**ਟੋਰਾਂਟੋ/ਬਿਊਰੋ ਨਿਊਜ਼ :** ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਖ਼ਿਲਾਫ਼ ਰੋਹ ਵਜੋਂ ਸਥਾਨਕ ਪੱਤਰਕਾਰ ਭਾਈਚਾਰੇ ਨੇ ਸ਼ਰਧਾਂਜਲੀ ਸਮਾਗਮ ਕੀਤਾ ਅਤੇ ਮੋਮਬੱਤੀਆਂ ਜਗਾ ਕੇ ਇਸ ਬਹਾਦਰ ਔਰਤ ਨੂੰ ਸ਼ਰਧਾਂਜਲੀ ਦਿੱਤੀ। ਰੇਡੀਓ, ਟੀਵੀ ਦੇ ਸੰਚਾਲਕਾਂ ਦੀ ਜਥੇਬੰਦੀ 'ਬਰਾਡਕਾਸਟਿੰਗ ਐਸੋਸੀਏਸ਼ਨ' ਅਤੇ 'ਪੰਜਾਬੀ ਪ੍ਰੈੱਸ ਕਲੱਬ ਆਫ ਕੈਨੇਡਾ' ਵੱਲੋਂ ਕੀਤੇ ਗਏ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਵਿਧਾਇਕ ਕੰਵਰ ਸੰਧੂ, ਰੇਡੀਓ ਸਰਗਮ ਦੇ ਡਾ. ਬਲਵਿੰਦਰ ਸਿੰਘ ਅਤੇ ਸੀਨੀਅਰ ਪੱਤਰਕਾਰ ਸੁਖਮਿੰਦਰ ਸਿੰਘ ਹੰਸਰਾ ਨੇ ਕੀਤੀ। ਰੇਡੀਓ ਸਰਗਮ ਦੇ ਡਾ. ਬਲਵਿੰਦਰ, ਸੁਖਦੇਵ, ਚਰਨਜੀਤ ਬਰਾੜ ਸਮੇਤ ਦਰਜਨਾਂ ਬੁਲਾਰਿਆਂ ਨੇ ਗੌਰੀ ਲੰਕੇਸ਼ ਦੇ ਕਤਲ ਦੀ ਨਿਖੇਧੀ। ਉਨ੍ਹਾਂ ਇਸ ਨੂੰ ਬੋਲਣ ਦੀ ਆਜ਼ਾਦੀ ਦਾ ਕਤਲ ਕਰਾਰ ਦਿੰਦਿਆਂ ਭਗਵੇਂ ਅਤਿਵਾਦ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ। ਸ੍ਰੀ ਹੰਸਰਾ ਨੇ ਆਖਿਆ ਕਿ ਸੱਚ ਨੂੰ ਲਿਖਣ-ਬੋਲਣ ਵਾਲੇ ਪੱਤਰਕਾਰਾਂ 'ਤੇ ਹਮਲੇ ਹੋਣੇ ਚਿੰਤਾਜਨਕ ਰੁਝਾਨ ਹੈ ਅਤੇ ਸਰਕਾਰੀ ਤੰਤਰ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਬੇਸ਼ੱਕ ਅਜੇ ਗੌਰੀ ਦੇ ਕਾਤਲਾਂ ਬਾਰੇ ਕੋਈ ਸਬੂਤ ਨਹੀਂ ਮਿਲੇ ਪਰ ਅਸਿੱਧੇ ਤੌਰ 'ਤੇ ਇਹ ਹਿੰਦੂਤਵੀ ਤਾਕਤਾਂ ਦਾ ਹੱਥ ਜਾਪਦਾ ਹੈ। ਸ੍ਰੀ ਕੰਵਰ ਸੰਧੂ ਨੇ ਕਿਹਾ ਕਿ ਉਹ ਇਸ ਸਮਾਗਮ ਵਿੱਚ ਸਿਆਸੀ ਹੈਸੀਅਤ ਵਜੋਂ ਨਹੀਂ ਸਗੋਂ ਪੱਤਰਕਾਰ ਵਜੋਂ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਅਕਸਰ ਹੀ ਪੱਤਰਕਾਰਾਂ 'ਤੇ ਦਬਾਅ ਬਣਾ ਕੇ ਉਨ੍ਹਾਂ ਦੀ ਬੋਲਣ ਦੀ ਆਜ਼ਾਦੀ ਖੋਹਣ ਦਾ ਯਤਨ ਕਰਦੀਆਂ ਰਹਿੰਦੀਆਂ ਹਨ ਪਰ ਅਜਿਹੇ ਸਮਾਗਮ ਇਸ ਪ੍ਰਤੀ ਬੜਾ ਅਸਰ ਕਰਦੇ ਹਨ। ਉਨ੍ਹਾਂ 'ਡੇਅ ਐਂਡ ਨਾਈਟ' ਨਿਊਜ਼ ਚੈਨਲ ਨੂੰ ਪਿਛਲੀ ਸਰਕਾਰ ਵੱਲੋਂ ਪੰਜਾਬ ਵਿਚੋਂ ਬੰਦ ਕਰਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਦੋਂ ਉਨ੍ਹਾਂ ਦੇ ਹੱਕ ਵਿੱਚ ਕੋਈ ਨਹੀਂ ਸੀ ਬੋਲਿਆ। ਸਮਾਗਮ ਨੂੰ ਚਰਨਜੀਤ ਬਰਾੜ ਅਤੇ ਹਰਜਿੰਦਰ ਗਿੱਲ ਨੇ ਤਰਤੀਬ ਦਿੱਤੀ।

ਸਾਪਤਾਹਿਕ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# 'ਭਾਰਤੀ ਨਿਆਂ ਪ੍ਰਣਾਲੀ ਵਿਚ ਵਿਸ਼ਵਾਸ ਨਹੀਂ'

## *ਭਾਈ ਜਗਤਾਰ ਸਿੰਘ ਤਾਰਾ ਨੇ ਅਦਾਲਤ 'ਚ ਜਿਰ੍ਹਾ ਕਰਨ ਤੋਂ ਕੀਤਾ ਇਨਕਾਰ*

**ਚੰਡੀਗੜ੍ਹ/ਸਿੱਖ ਸਿਆਸਤ** ਬਿਊਰੋ: ਪੰਜਾਬ ਦੇ ਜ਼ਾਲਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੀ ਸੁਣਵਾਈ ਬੁੜੈਲ ਜੇਲ ਵਿੱਚ ਜੱਜ ਜੇ ਐਸ ਸਿੱਧੂ ਦੀ ਅਦਾਲਤ ਵਿੱਚ ਹੋਈ ਸੁਣਵਾਈ ਸਮੇਂ ਸਿੱਖ ਪੰਥ ਦੇ ਜੁਝਾਰੂ ਸਿੰਘ ਭਾਈ ਜਗਤਾਰ ਸਿੰਘ ਤਾਰਾ ਦੀ ਭਾਰਤੀ ਨਿਆਂ ਪ੍ਰਣਾਲੀ 'ਚ ਵਿਸ਼ਵਾਸ ਨਹੀਂ ਕਹਿੰਦਿਆਂ ਜਿਰ੍ਹਾ ਕਰਨ ਤੋਂ ਇਨਕਾਰ ਕਰ ਦਿੱਤਾ।

ਆਖਰੀ ਗਵਾਹ ਡਾ. ਲਾਲ ਜੋ ਕਿ ਹੈਦਰਾਬਾਦ ਤੋਂ ਡੀ.ਐਨ.ਏ. ਮਾਹਰ ਹਨ, ਨੇ ਆਪਣੀ ਗਵਾਹੀ ਦਿੱਤੀ। ਡਾ. ਲਾਲ ਨੇ ਦੱਸਿਆ ਕਿ ਸਿੱਖਾਂ ਦੇ ਕਾਤਲ ਬੇਅੰਤ ਮੁੱਖ ਮੰਤਰੀ ਨੂੰ ਆਪਾ ਵਾਰ ਕੇ ਸਜ਼ਾ ਦੇਣ ਵਾਲੇ ਭਾਈ ਦਿਲਾਵਰ ਸਿੰਘ ਦੇ ਅੰਗਾਂ ਨੂੰ ਡੀ.ਐਨ.ਏ. ਲਈ ਹੈਦਰਾਬਾਦ ਭੇਜਿਆ ਗਿਆ ਸੀ, ਜਿਸ ਨੂੰ ਭਾਈ ਦਿਲਾਵਰ ਸਿੰਘ ਦੇ ਪਿਤਾ ਹਰਨੇਕ ਸਿੰਘ ਅਤੇ ਮਾਤਾ ਸੁਖਜੀਤ ਕੌਰ ਦੇ ਡੀ.ਐਨ.ਏ. ਨਮੂਨਿਆਂ ਨਾਲ ਮਿਲਾਇਆ ਗਿਆ ਸੀ। ਇਹ ਸਾਰੇ ਨਮੂਨੇ ਇੱਕ ਦੂਜੇ ਨਾਲ ਮਿਲਦੇ ਸਨ ਜਿਸਤੋਂ ਇਹ ਸਿੱਧ ਹੋ ਗਿਆ ਕਿ ਮਨੁੱਖੀ ਬੰਬ ਬਣ ਕੇ ਸ਼ਹੀਦ ਹੋਣ ਵਾਲਾ ਭਾਈ ਦਿਲਾਵਰ ਸਿੰਘ ਹੀ ਸੀ।



ਭਾਈ ਜਗਤਾਰ ਸਿੰਘ ਤਾਰਾ ਪੰਜਾਬ ਪੁਲਿਸ ਦੀ ਹਿਰਾਸਤ 'ਚ (ਫਾਈਲ ਫੋਟੋ)

ਇਹ ਕੇਸ 4 ਅਕਤੂਬਰ ਤੱਕ ਧਾਰਾ 313 ਅਧੀਨ ਇਹ ਬਿਆਨ ਦਰਜ ਹੋਣ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਮੌਕੇ ਸੀਬੀਆਈ ਦੇ ਵਕੀਲ ਐਸ ਕੇ ਸਕਸੈਨਾ ਹਾਜ਼ਰ ਸੀ। ਭਾਈ ਜਗਤਾਰ ਸਿੰਘ ਦੀ ਤਰਫੋਂ ਅਦਾਲਤ ਵਿੱਚ ਹਾਜ਼ਰ ਵਕੀਲ ਸਿਮਰਜੀਤ ਸਿੰਘ ਨੇ ਦੱਸਿਆ ਕਿ ਭਾਈ ਤਾਰਾ ਨੇ ਆਪਣੇ ਬਚਾਅ ਲਈ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਨਿਆਂ ਪ੍ਰਣਾਲੀ 'ਤੇ ਭਰੋਸਾ ਨਹੀਂ ਹੈ।

ਜ਼ਿਕਰਯੋਗ ਹੈ ਕਿ ਭਾਈ ਜਗਤਾਰ ਸਿੰਘ ਤਾਰਾ ਨੂੰ ਜਨਵਰੀ 2015 'ਚ ਪੰਜਾਬ ਪੁਲਿਸ ਨੇ ਥਾਈਲੈਂਡ ਤੋਂ ਗ੍ਰਿਫਤਾਰ ਕੀਤਾ ਸੀ। ਭਾਈ ਤਾਰਾ ਨੇ ਅਦਾਲਤ ਵਿਚ ਬਿਆਨ ਦੇ ਕੇ ਪਹਿਲਾਂ ਹੀ ਕਿਹਾ ਸੀ ਕਿ 31 ਅਗਸਤ 1995 ਨੂੰ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਭਾਈ ਦਿਲਾਵਰ ਸਿੰਘ ਵਲੋਂ ਮਨੁੱਖੀ ਬੰਬ ਬਣ ਕੇ ਉਡਾਣ ਵਾਲੀ ਟੀਮ 'ਚ ਉਹ ਸ਼ਾਮਲ ਸਨ। ਇਸ ਕੇਸ ਵਿਚ ਭਾਈ ਜਗਤਾਰ ਸਿੰਘ ਹਵਾਰਾ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਵਿਸ਼ੇਸ਼ ਸੀਬੀਆਈ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ ਅਤੇ ਬਾਅਦ 'ਚ ਭਾਈ ਹਵਾਰਾ ਦੀ ਫਾਂਸੀ ਉਮਰ ਕੈਦ ਵਿਚ ਬਦਲ ਗਈ ਸੀ ਜਦਕਿ ਭਾਈ ਰਾਜੋਆਣਾ ਪਟਿਆਲਾ ਜੇਲ੍ਹ ਵਿਚ ਨਜ਼ਰਬੰਦ ਹਨ। ਜ਼ਿਕਰਯੋਗ ਹੈ ਕਿ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਪੰਜਾਬ ਦੇ ਬੁੱਚੜ ਵਜੋਂ ਬਦਨਾਮ ਉਸ ਵੇਲੇ ਦਾ ਪੰਜਾਬ ਪੁਲਿਸ ਮੁਖੀ ਕੇਪੀਐਸ ਗਿੱਲ ਪੰਜਾਬ 'ਚ ਸਿੱਖਾਂ ਦੇ ਕਤਲੇਆਮ ਲਈ ਜਾਣੇ ਜਾਂਦੇ ਸਨ।

## ਬਾਬਾ ਫਰੀਦ ਜੀ ਦੇ ਆਗਮਨ ਪੁਰਬ ਸਬੰਧੀ ਸਮਾਗਮ 24 ਸਤੰਬਰ ਨੂੰ

**ਫਰੀਮੌਂਟ/ਬਿਊਰੋ ਨਿਊਜ਼,** ਫਰੀਦਕੋਟ ਇਲਾਕਾ ਨਿਵਾਸੀਆਂ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਬਾਬਾ ਫਰੀਦ ਜੀ ਦਾ ਆਗਮਨ ਪੁਰਬ ਇਸ ਸਾਲ 24 ਸਤੰਬਰ ਨੂੰ ਸਿੱਖ ਟੈਂਪਲ ਫਰੀਮੌਂਟ ਵਿਖੇ ਭਾਰੀ ਸ਼ਰਧਾ ਸਹਿਤ ਮਨਾਇਆ ਜਾ ਰਿਹਾ ਹੈ। ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ। ਇਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ 22 ਸਤੰਬਰ ਸ਼ੁਕਰਵਾਰ ਨੂੰ ਸਵੇਰੇ 10:00 ਵਜੇ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 24 ਸਤੰਬਰ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪ੍ਰੰਤ ਬਾਬਾ ਫਰੀਦ ਜੀ ਦੇ ਜੀਵਨ ਅਤੇ ਮਿਸ਼ਨ ਸਬੰਧੀ ਉਘੇ ਬੁਲਾਰੇ ਜਾਣਕਾਰੀ ਦੇਣਗੇ। ਕੀਰਤਨੀ ਜੱਥਾ ਭਾਈ ਨਾਇਬ ਸਿੰਘ ਨਿਮਾਣਾ, ਬਾਬਾ ਫਰੀਦ ਸੰਗੀਤ ਅਕੈਡਮੀ, ਰਿਵਰਸਾਈਡ, ਐਲ ਏ ਵਾਲੇ, ਕੀਰਤਨੀ ਜੱਥਾ ਭਾਈ ਗੁਰਪ੍ਰੀਤ ਸਿੰਘ, ਬਠਿੰਡੇ ਵਾਲੇ, ਕਥਾਵਾਚਕ ਭਾਈ ਗੁਰਭੇਜ ਸਿੰਘ ਖਾਲਸਾ ਅਤੇ ਢਾਡੀ ਜੱਥਾ ਭਾਈ ਕੇਵਲ ਸਿੰਘ ਕੋਮਲ ਸਤਸੰਗਤ ਨੂੰ ਅੰਮ੍ਰਿਤਮਈ ਗੁਰਬਾਣੀ, ਗੁਰਬਾਣੀ ਵੀਚਾਰ ਅਤੇ ਗੁਰ ਇਤਿਹਾਸ ਸਰਵਣ ਕਰਵਾਉਣਗੇ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸਮਾਗਮ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ : ਸੱਤਪਾਲ ਸਿੰਘ ਢਿਲਵਾਂ ਕਲਾਂ 510-952-6702, ਤਰਸੇਮ ਲਾਲ ਪ੍ਰਧਾਨ ਫਰੀਦਕੋਟ 510-258-9266, ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਜਸਵੀਰ ਸਿੰਘ ਸੰਧੂ ਫਰੀਦਕੋਟ 510-303-8789

## ਮੱਖਣ ਸਿੰਘ ਕਲੇਰ ਦੇ ਪਿਤਾ ਸ. ਤਾਰਾ ਸਿੰਘ ਕਲੇਰ ਦੇ ਵਿਛੋੜੇ 'ਤੇ ਪੰਥਕ ਜਥੇਬੰਦੀ ਵਲੋਂ ਦੁੱਖ ਦਾ ਪ੍ਰਗਟਾਵਾ

**ਫਰਿਜ਼ਨੋ/ਬਿਊਰੋ ਨਿਊਜ਼ :** ਸ਼੍ਰੋਮਣੀ ਆਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਦੇ ਸੀਨੀਅਰ ਮੈਂਬਰ ਸ੍ਰ. ਮੱਖਣ ਸਿੰਘ ਕਲੇਰ ਦੇ ਪਿਤਾ ਸ੍ਰ. ਤਾਰਾ ਸਿੰਘ ਕਲੇਰ ਪਿਛਲੇ



ਦਿਨੀਂ ਆਪਣੇ ਜੱਦੀ ਪਿੰਡ ਨੂਰ ਪੁਰ ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਵਾਹਿਗੁਰੂ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਭੋਗ ਕੇ ਪਰਲੋਕ ਸੁਧਾਰ ਗਏ ਸਨ। ਜਥੇਬੰਦੀ ਦੇ ਮੈਂਬਰ ਕਰਨੈਲ ਸਿੰਘ, ਅਮਰਦੀਪ ਸਿੰਘ ਅਮਰ, ਜਸਦੀਪ ਸਿੰਘ ਜੱਸੀ ਇੰਡਿਆਨਾ ਤੋਂ, ਦਵਿੰਦਰ ਸਿੰਘ ਬੀਹੀਆ ਕੈਲੇਫੋਰਨੀਆ ਤੋਂ, ਇੰਦਰਜੀਤ ਸਿੰਘ ਸਿਆਟਲ ਤੋਂ, ਸਤਪਰਕਾਸ਼ ਸਿੰਘ ਨਿਊਯਾਰਕ ਨੇ ਇਸ ਦੁੱਖ ਦੀ ਘੜੀ ਵਿੱਚ ਸਮੂਹ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟਾਈ ਤੇ ਦੁੱਖ ਸਾਂਝਾ ਕੀਤਾ।

### ਨਿੱਕੀ ਹੇਲੀ ਸਣੇ ਭਾਰਤੀ ਮੂਲ ਦੇ ਪੰਜ ਅਮਰੀਕੀਆਂ ਨੇ ਖੱਟਿਆ ਨਾਮਣਾ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ ਦੀ ਰਾਜਨੀਤੀ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਪੰਜ ਭਾਰਤੀ-ਅਮਰੀਕੀਆਂ ਨੇ 2017 ਦੀ ਪੋਲੀਟਿਕੋ 50' ਸੂਚੀ ਵਿੱਚ ਆਪਣੀ ਥਾਂ ਬਣਾਈ ਹੈ, ਜਿਨ੍ਹਾਂ ਵਿੱਚ ਚਾਰ ਔਰਤਾਂ ਵੀ ਸ਼ਾਮਲ ਹਨ। ਇਸ ਸੂਚੀ ਵਿੱਚ ਸੰਯੁਕਤ ਰਾਸ਼ਟਰ ਲਈ ਅਮਰੀਕੀ ਰਾਜਦੂਤ ਨਿੱਕੀ ਹੇਲੀ, ਟਰੰਪ ਪ੍ਰਸ਼ਾਸਨ ਵਿੱਚ ਸਿਹਤ ਸੰਭਾਲ ਸਬੰਧੀ ਉੱਚ ਪਦਵੀ 'ਤੇ ਬਿਰਾਜਮਾਨ ਸੀਮਾ ਵਰਮਾ, ਵਕੀਲ ਨੀਲ ਕਤਿਆਲ, ਅਰਥ ਸ਼ਾਸਤਰੀ ਅਪਰਨਾ ਮਾਥੁਰ ਅਤੇ ਵਕੀਲ ਨਿਓਮੀ ਰਾਓ ਦੇ ਨਾਂ ਸ਼ਾਮਲ ਹਨ। ਮੈਗਜ਼ੀਨ ਨੇ ਹੇਲੀ ਨੂੰ 'ਟਰੰਪ ਦੀ ਵਿਦੇਸ਼ ਨੀਤੀ ਦੀ ਚੰਗੀ ਨਿਗਰਾਨ' ਆਖਿਆ ਹੈ। ਉਸ ਨੂੰ 22ਵਾਂ ਸਥਾਨ ਦਿੱਤਾ ਗਿਆ ਹੈ। ਉਸ ਤੋਂ ਬਾਅਦ 26ਵੇਂ ਸਥਾਨ 'ਤੇ ਸੀਮਾ ਵਰਮਾ ਦਾ ਨਾਂ ਆਉਂਦਾ ਹੈ ਜੋ ਮੈਡੀਕੇਅਰ ਅਤੇ ਮੈਡੀਕੇਡ ਸਰਵਿਸਿਜ਼ ਦੇ ਕੇਂਦਰ ਦੀ ਪ੍ਰਸ਼ਾਸਕ ਹੈ। ਉਸ ਨੂੰ ਮੈਡੀਕੇਡ ਦੀ ਰੋਲਬੈਕ ਇੰਜੀਨੀਅਰ ਆਖਿਆ ਗਿਆ ਹੈ। ਅਮੇਰਿਕਨ ਇੰਟਰਪ੍ਰਾਈਸ ਇੰਸਟੀਚਿਊਟ ਵਿਖੇ ਅਰਥ ਸ਼ਾਸਤਰੀ ਅਪਰਨਾ ਮਾਥੁਰ ਨੂੰ 32 ਵਾਂ ਸਥਾਨ ਦਿੱਤਾ ਗਿਆ ਹੈ।

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਦਲ ਖ਼ਾਲਸਾ ਵਿਚਾਲੇ ਵਰਲਡ ਸਿੱਖ ਪਾਰਲੀਮੈਂਟ ਦੇ ਸਬੰਧ 'ਚ ਵਿਚਾਰ ਵਟਾਂਦਰਾ

**ਫਤਿਗਹੜ੍ਹ ਸਾਹਿਬ/ਸਿੱਖ ਸਿਆਸਤ ਬਿਊਰੋ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਅਤੇ ਦਲ ਖ਼ਾਲਸਾ ਦੇ ਪ੍ਰਧਾਨ ਸ. ਹਰਪਾਲ ਸਿੰਘ ਚੀਮਾ ਨੇ ਬੀਤੇ ਦਿਨ ਇੱਥੇ ਮੀਟਿੰਗ ਦੌਰਰਨ ਵਰਲਡ ਸਿੱਖ ਪਾਰਲੀਮੈਂਟ ਨੂੰ ਕਾਇਮੀ ਸੰਬੰਧੀ ਵਿਚਾਰ ਵਟਾਂਦਰਾ ਕੀਤਾ। ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਮਾਨ ਵੱਲੋਂ 7 ਸਤੰਬਰ ਨੂੰ ਜਾਰੀ ਕੀਤੇ ਗਏ ਇਕ ਲਿਖਤੀ ਬਿਆਨ ਵਿਚ ਜਾਣਕਾਰੀ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਵਲੋਂ "ਵਰਲਡ ਸਿੱਖ ਪਾਰਲੀਮੈਂਟ" ਨਾਮੀ ਜਥੇਬੰਦੀ ਬਣਾਉਣ ਦੇ ਐਲਾਨ ਤੋਂ ਬਾਅਦ ਸ. ਸਿਮਰਨਜੀਤ ਸਿੰਘ ਮਾਨ ਨੇ ਇਸ ਬਾਰੇ ਸਵਾਲ ਚੁੱਕੇ ਸਨ। 10 ਨਵੰਬਰ 2015 ਨੂੰ ਪਿੰਡ ਚੱਬਾ (ਨੇੜੇ ਤਰਨਤਾਰਨ) ਵਿਖੇ ਹੋਏ



ਪੰਥਕ ਇਕੱਠ ਵਿਚ ਐਲਾਨੇ ਗਏ ਮਤਿਆਂ ਦਾ ਹਵਾਲਾ ਦਿੰਦੇ ਹੋਏ ਸ. ਮਾਨ ਨੇ ਕਿਹਾ ਸੀ ਕਿ "ਵਰਲਡ ਸਿੱਖ ਪਾਰਲੀਮੈਂਟ" ਬਣਾਉਣ ਦਾ ਹੱਕ ਸਿਰਫ ਉਕਤ ਪੰਥਕ ਇਕੱਠ ਵਿਚ ਐਲਾਨੇ ਗਏ ਜਥੇਦਾਰਾਂ ਕੋਲ ਹੀ ਹੈ। ਜਾਰੀ ਕੀਤੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਸ. ਮਾਨ ਦੇ ਗ੍ਰਹਿ ਕਿਲ੍ਹਾ ਸ. ਹਰਨਾਮ ਸਿੰਘ ਵਿਖੇ ਹੋਈ ਇਸ ਮੀਟਿੰਗ 'ਚ ਦੋਵਾਂ ਆਗੂਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟ ਕੀਤੀ ਕਿ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਸੰਬੰਧੀ ਆਪੋ-ਆਪਣੇ ਸਿਆਸੀ ਦਲਾਂ ਦੇ ਸੀਨੀਅਰ ਆਗੂਆਂ ਨਾਲ ਵਿਚਾਰ ਕਰਨ ਉਪਰੰਤ ਇਹ ਦੋਵੇਂ ਆਗੂ ਆਉਣ ਵਾਲੇ ਸਮੇਂ ਵਿਚ ਜਲਦੀ ਹੀ ਇਕ ਮੀਟਿੰਗ ਹੋਰ ਕਰਨਗੇ, ਜਿਸ ਵਿਚ ਪਾਰਟੀ ਵਲੋਂ ਆਏ ਵਿਚਾਰਾਂ ਤੋਂ ਇਕ-ਦੂਸਰੇ ਨੂੰ ਜਾਣੂ ਕਰਵਾਇਆ ਜਾਏਗਾ ਅਤੇ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਲਈ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ। ਜਾਰੀ ਪ੍ਰੈਸ ਬਿਆਨ 'ਤੇ ਦੋਵੇਂ ਆਗੂਆਂ ਦੇ ਦਸਤਖ਼ਤ ਹਨ।

## ਪ੍ਰਸਿੱਧ ਜੋਤਸ਼ੀ ਮਾਸਟਰ ਦੀਪਕ ਦਾ ਸਸਕਾਰ ਤੇ ਅੰਤਮ ਅਰਦਾਸ ਸ਼ਨਿਚਰਵਾਰ 16 ਸਤੰਬਰ ਨੂੰ

**ਫਰੀਮੌਂਟ/ਬਿਊਰੋ ਨਿਊਜ਼:** ਫਰਿਜਨੋ ਲਾਗੇ ਹਾਈਵੇ 33 'ਤੇ ਬੀਤੇ ਹਫ਼ਤੇ ਹੋਏ ਸੜਕੀ ਹਾਦਸੇ ਵਿੱਚ ਮਾਰੇ ਗਏ ਜੋਤਿਸ਼ ਵਿਗਿਆਨੀ ਮਾਸਟਰ ਦੀਪਕ (49 ਸਾਲ) ਦਾ ਸਸਕਾਰ 16 ਸਤੰਬਰ ਸ਼ਨਿਚਰਵਾਰ ਨੂੰ ਸਵੇਰੇ 9:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਚੈਪਲ ਆਫ ਦਾ ਚਾਈਮਜ਼ ਹੇਵਰਡ (32992 Mission Blvd, Hayward, CA 94544) ਵਿਖੇ ਹੋਵੇਗਾ।



ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਹੇਵਰਡ (1805 HILL AVE, HAYWARD, CA 94541) ਵਿਖੇ ਹੋਵੇਗੀ। ਮਾਸਟਰ ਦੀਪਕ ਦੇ ਨਾਲ ਹੋਰ ਗੱਡੀ ਵਿੱਚ ਸਵਾਰ ਮਾਰੇ ਗਏ ਚਾਰ ਵਿਅਕਤੀਆਂ ਦੀ ਪਹਿਚਾਣ ਸੁਰਿੰਦਰ ਕੁਮਾਰ (63 ਸਾਲ) ਕੁਲਦੀਪ (50 ਸਾਲ), ਨਰਿੰਦਰ ਕੁਮਾਰ(48 ਸਾਲ) ਅਤੇ ਵਿਨੋਦ ਕੁਮਾਰ(52 ਸਾਲ) ਵਜੋਂ ਹੋਈ ਸੀ। ਇਹ ਭਿਆਨਕ ਹਾਦਸਾ ਮਰਸਡੀਜ਼ ਐਸਯੂਵੀ ਗੱਡੀ ਦੇ ਸਟਾਪ ਸਾਈਨ ਉੱਤੇ ਨਾ ਰੁਕਣ ਕਰਕੇ ਚੁਰਸਤੇ ਵਿੱਚ ਜਾ ਰਹੇ ਬਜ਼ਰੀ ਨਾਲ ਭਰੇ ਹੋਏ ਟਰੱਕ ਨਾਲ ਟਕਰਾਉਣ ਕਾਰਨ ਵਾਪਰਿਆ ਸੀ । ਗੱਡੀ ਨੂੰ ਅੱਗ ਲੱਗਣ ਕਰਕੇ ਸਾਰੇ ਮ੍ਰਿਤਕਾਂ ਦੇ ਸਰੀਰ ਇਸ ਹੱਦ ਤੱਕ ਝੁਲਸੇ ਗਏ ਕਿ ਉਨ੍ਹਾਂ ਦੀ ਪਹਿਚਾਣ ਵੀ ਮੁਸ਼ਕਲ ਸੀ।

ਵਰਵਣਯੋਗ ਹੈ ਕਿ ਅਮਰੀਕਾ ਦੇ ਭਾਰਤੀ ਭਾਈਚਾਰੇ ਵਿੱਚ ਮਾਸਟਰ ਨੂੰ ਵਧੀਆ ਸ਼ੋਅ ਪ੍ਰਬੰਧਕ ਵਜੋਂ ਵੀ ਜਾਣਿਆਂ ਜਾਂਦਾ ਸੀ। ਉਸਨੇ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਬਹੁਤ ਸਾਰੇ ਸੱਭਿਆਚਾਰਕ, ਬੌਲੀਵੁੱਡ ਸ਼ੋਅ ਕਰਵਾਉਣ ਵਿੱਚ ਮਾਣ ਪ੍ਰਾਪਤ ਕੀਤਾ ਅਤੇ ਵੱਖ-ਵੱਖ ਸੰਸਥਾਵਾਂ ਦੁਆਰਾ ਅਨੇਕਾਂ ਸਨਮਾਨ ਪ੍ਰਾਪਤ ਕੀਤੇ ਸਨ। ਇਸੇ ਤਰ੍ਹਾਂ ਜੋਤਿਸ਼ ਵਿਦਿਆ ਅਤੇ ਗ੍ਰਹਿਆ ਬਾਰੇ ਟੀ. ਵੀ. ਰਾਹੀਂ ਸ਼ੋਅ ਅਤੇ ਰੇਡੀਉ ਤੋਂ ਆਪਣਾ ਟਾਕ ਸ਼ੋਅ' ਵੀ ਪੇਸ਼ ਕਰਦੇ ਸਨ। ਇਸਤੋਂ ਇਲਾਵਾ ਬਹੁਤ ਸਾਰੇ ਬੌਲੀਵੁੱਡ ਕਲਾਕਾਰਾਂ ਨਾਲ ਵੀ ਉਸਦੇ ਗੂੜ੍ਹੇ ਸੰਬੰਧ ਬਹੁਤ ਚੰਗੇ ਸਨ। ਮਾਸਟਰ ਦੀਪਕ ਦੇ ਪਿਤਾ ਸ੍ਰੀ ਲਛਮਣ ਦਾਸ ਵੀ ਆਪਣੇ ਪੁੱਤਰ ਦੀਆਂ ਅੰਤਮ ਰਸਮਾਂ 'ਚ ਸ਼ਾਮਿਲ ਹੋਣ ਲਈ ਗੜ੍ਹਸ਼ੰਕਰ (ਪੰਜਾਬ) ਤੋਂ ਕੈਲੇਫੋਰਨੀਆਂ ਪਹੁੰਚ ਗਏ ਹਨ। ਮਾਸਟਰ ਦੀਪਕ ਪ੍ਰਸਿੱਧ ਜੋਤਿਸੀ ਹੋਣ ਦੇ ਨਾਲ-ਨਾਲ ਚੰਗੇ ਦੋਸਤ ਵੀ ਸਨ ਜਿਸਦਾ ਦਾ ਘਾਟਾ ਪਰਿਵਾਰ ਤੋਂ ਇਲਾਵਾ ਦੋਸਤਾਂ ਲਈ ਵੀ ਅਸਹਿ ਹੈ। ਅੰਤ ਉਹ ਇਨਸਾਨ ਜੋ ਕੱਲ੍ਹ ਤੱਕ ਜੋਤਿਸ ਵਿੱਦਿਆ ਦੇ ਜ਼ਰੀਏ ਲੋਕਾਂ ਨੂੰ ਸਹੀ ਦਿਸ਼ਾ ਅਤੇ ਮਾਰਗ ਦੱਸਣ ਦਾ ਦਾਅਵਾ ਕਰਦਾ ਆ ਰਿਹਾ ਸੀ, ਉਹ ਵੀ ਪਰਮਾਤਮਾ ਦੀ ਲਿਖਤ ਅਨੁਸਾਰ ਅਪਣੀ ਹੋਣੀ ਦਾ ਸ਼ਿਕਾਰ ਹੋ ਕੇ ਆਖ਼ਰ ਉੱਥੇ ਚਲਾ ਗਿਆ ਜਿੱਥੋਂ ਫਿਰ ਕੋਈ ਵਾਪਸ ਨਹੀਂ ਆਉਂਦਾ।

ਇਸ ਦੁੱਖ ਦੀ ਘੜੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਵਤਾਰ ਲਾਖਾ ਨਾਲ ਫੋਨ ਨੰਬਰ (209) 200-0818 'ਤੇ ਸੰਪਰਕ ਕੀਤਾ ਜਾ ਸਕਦਾ ਹੈ


ACURA
AutoNation Acura
Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com





Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans

ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।





2161 SQ Feet home Natomas Sacramento
3 BR 2.5 bath with loft available for $389,000





Kulwinder Kaur K.D.
Cell 916-212-0123
e-mail kdkaur9@yahoo.com

# ਰਾਮ ਰਹੀਮ ਦੇ ਰਹੱਸ ਲੋਕ ਤੋਂ ਉਠਿਆ ਪਰਦਾ

**ਸਿਰਸਾ/ਬਿਊਰੋ ਨਿਊਜ਼ :**
ਦੋ ਸਾਧਣੀਆਂ ਨਾਲ ਬਲਾਤਕਾਰ ਦਾ ਦੋਸ਼ੀ ਗੁਰਮੀਤ ਰਾਮ ਰਹੀਮ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਸਿਰਸਾ ਵਿਚ ਡੇਰਾ ਸੱਚਾ ਸੌਦਾ ਦਫ਼ਤਰ ਵਿਚ ਤਲਾਸ਼ੀ ਮੁਹਿੰਮ ਤੋਂ ਬਾਅਦ ਰਾਮ ਰਹੀਮ ਦੇ ਰਹੱਸ ਲੋਕ ਤੋਂ ਹੌਲੀ ਹੌਲੀ ਪਰਦਾ ਉਠਿਆ ਤਾਂ ਕਈ ਹੈਰਾਨ ਕਰਨ ਵਾਲੇ ਖ਼ੁਲਾਸੇ ਹੋਣ ਲੱਗ। ਇਕ ਪਾਸੇ ਸਕਿਨ ਬੈਂਕ ਦਾ ਖ਼ੁਲਾਸਾ ਹੋਇਆ, ਜਿਸ ਵਿਚ ਕਈ ਤਰਾਂ ਦੀਆਂ ਬੇਨਿਯਮੀਆਂ ਪਾਈਆਂ ਗਈਆਂ। ਇਹ ਇਸ ਵੱਲ ਇਸ਼ਾਰਾ ਕਰਦਾ ਹੈ ਕਿ ਕਿਤੇ ਡੇਰੇ ਤੋਂ ਮਨੁੱਖੀ ਅੰਗਾਂ ਦੀ ਤਸਕਰੀ ਤਾਂ ਨਹੀਂ ਹੁੰਦੀ ਸੀ। ਕੰਪਲੈਕਸ ਵਿਚ ਹਥਿਆਰ, ਨਾਜਾਇਜ਼ ਪਟਾਕਾ ਫੈਕਟਰੀ ਮਿਲੀ। ਨਾਲ ਹੀ ਇਹ ਵੀ ਪਤਾ ਚੱਲਿਆ ਕਿ ਗੁਰਮੀਤ ਦੀ ਗੁਫ਼ਾ 'ਚੋਂ ਸਾਧਣੀਆਂ ਦੇ ਰਹਿਣ ਦੀ ਥਾਂ ਤਕ ਇਕ ਸੁਰੰਗ ਜਾਂਦੀ ਸੀ। ਹੁਣ ਇਹ ਜਾਣੋ ਕਿ ਰਾਮ ਰਹੀਮ ਕਿਵੇਂ ਵੱਡੇ ਸਾਮਰਾਜ ਦਾ ਮਾਲਕ ਬਣਿਆ। ਤਲਾਸ਼ੀ ਮੁਹਿੰਮ ਚਿਵ ਗੁਰਮੀਤ ਰਾਮ ਰਹੀਮ ਦੇ ਵਿੱਤੀ ਸਾਮਰਾਰਜ, ਆਲੀਸ਼ਾਨ ਇਮਾਰਤਾਂ, ਅੱਖਾਂ ਚੌਂਧਿਆ ਦੇਣ ਵਾਲੀ ਸਜਾਵਟ, ਬੇਸ਼ਕੀਮਤੀ ਕਾਰਾਂ ਦਾ ਕਾਫ਼ਲਾ ਅਤੇ ਮਹਿੰਗੀਆਂ ਚੀਜ਼ਾਂ ਦਾ ਅੰਤਹੀਣ ਸਿਲਸਿਲਾ ਦਿਖਾਈ ਦੇਣ ਲੱਗਾ।

ਡੇਰੇ ਦੀ ਇਸ ਅਸੀਮ ਸੰਪਤੀ ਦੀ 'ਐਨ.ਡੀ.ਟੀ.ਵੀ.' ਨੇ ਪੜਤਾਲ ਕੀਤੀ ਤਾਂ ਹੈਰਾਨ ਕਰਨ ਵਾਲੇ ਖ਼ੁਲਾਸੇ ਹੋਏ। ਜਿਸ ਡੇਰੇ ਤੋਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਉਹ ਆਪਣੇ ਭਗਤਾਂ ਨੂੰ ਤਪ ਤੇ ਤਿਆਗ ਦਾ ਪਾਠ ਪੜਾਏਗਾ, ਉਹ ਆਯਾਸ਼ੀ ਤੇ ਐਸ਼ੋ-ਆਰਾਮ ਦਾ ਅੱਡਾ ਬਣ ਗਿਆ। ਜੇਕਰ ਕਾਨੂੰਨੀ ਪਹਿਲੂ ਦੀ ਗੱਲ ਕਰੀਏ ਤਾਂ ਡੇਰਾ ਸੱਚਾ ਸੌਦਾ ਇਕ ਰਜਿਸਟਰਡ ਚੈਰਟੀ ਟਰੱਸਟ ਹੈ, ਜਿਸ ਨੂੰ ਟੈਕਸ ਤੋਂ ਛੋਟ ਮਿਲੀ ਹੋਈ ਹੈ। ਕਾਨੂੰਨ ਮੁਤਾਬਕ ਇਸ ਪੈਸੇ ਦਾ ਇਸਤੇਮਾਲ ਸਿਰਫ਼ ਚੈਰਿਟੀ ਲਈ ਹੋ ਸਕਦਾ ਹੈ, ਲਾਭ ਕਮਾਉਣ ਲਈ ਨਹੀਂ। ਪਰ ਐਨ.ਡੀ.ਟੀ.ਵੀ. ਦੀ ਪੜਤਾਲ ਵਿਚ ਪਤਾ ਲੱਗਾ ਕਿ ਕਿਵੇਂ ਭਗਤਾਂ ਤੋਂ ਮਿਲੇ ਪੈਸੇ ਨੂੰ ਡੇਰੇ ਨੇ ਨਿੱਜੀ ਲਾਭ ਲਈ ਇਸਤੇਮਾਲ ਕੀਤਾ। ਪੈਸੇ ਵੀ ਥੋੜੇ ਬਹੁਤ ਨਹੀਂ। ਮੀਡੀਆ ਰਿਪੋਰਟ ਦੀ ਮੰਨੀਏ ਤਾਂ ਡੇਰੇ ਵਿਚ ਹਰ ਸਾਲ ਕਰੀਬ 1000 ਕਰੋੜ ਰੁਪਏ ਆਉਂਦੇ ਸਨ। ਗੁਰਮੀਤ ਰਾਮ ਰਹੀਮ ਭਗਤਾਂ ਦੇ ਇਨਾਂ ਪੈਸਿਆਂ ਨੂੰ ਆਪਣੇ ਐਸ਼ੋ-ਆਰਾਮ, ਪ੍ਰਚਾਰ ਤੇ ਆਪਣੀ ਨਿੱਜੀ ਜ਼ਿੰਦਗੀ 'ਤੇ ਖ਼ਰਚ ਕਰਦਾ ਸੀ। ਐਨ.ਡੀ.ਟੀ.ਵੀ. ਦੀ ਟੀਮ ਨੇ ਉਸ ਮਨੀ ਟਰਾਈਲ ਦੀ ਜੜ ਤੱਕ ਪੁੱਜਣ ਦੀ ਕੋਸ਼ਿਸ਼ ਕੀਤੀ।

## ਸੁਪਰਹਿੱਟ ਫ਼ਿਲਮ ਦਾ ਸੱਚ

***ਪਹਿਲੇ 3 ਸਾਲ ਘਾਟੇ ਵਿਚ ਰਹੀ ਹਕੀਕਤ ਐਂਟਰਟੇਨਮੈਂਟ (2009 ਵਿਚ ਇਹ ਕੰਪਨੀ ਬਣੀ, 2011 ਵਿਚ ਪਹਿਲੀ ਫ਼ਿਲਮ ਬਣੀ)***

- ਬਾਬਾ ਫ਼ਿਲਮ ਨੂੰ ਵੀ ਮਿਲੇ 9 ਕਰੋੜ
- ਬਾਬਾ ਫ਼ਿਲਮ ਨੇ 11 ਕਰੋੜ ਦਾ ਕਾਰੋਬਾਰ ਕੀਤਾ
- ਵਪਾਰ ਕਿਸ ਚੀਜ਼ ਦਾ ਹੋਇਆ, ਇਸ ਦੀ ਜਾਣਕਾਰੀ ਨਹੀਂ
- ਬਾਬਾ ਫ਼ਿਲਮ ਨੇ ਅਗਿਆਤ ਪੈਸੇ ਨਾਲ 11 ਕਰੋੜ ਦੀ ਜ਼ਮੀਨ ਖ਼ਰੀਦੀ
- ਰਾਮ ਰਹੀਮ ਦੀ ਫ਼ਿਲਮ ਨੂੰ 15 ਕਰੋੜ ਰੁਪਏ ਦਾ ਘਾਟਾ ਪਿਆ
- 40 ਕਰੋੜ ਵਿਚ ਬਣੀ ਫ਼ਿਲਮ ਦੇ ਰਾਈਟਸ 25 ਕਰੋੜ ਵਿਚ ਵੇਚੇ ਗਏ
- ਅਗਿਆਤ ਚੀਜ਼ਾਂ ਵੇਚ ਕੇ ਬਾਬਾ ਫ਼ਿਲਮ ਨੇ ਦਿਖਾਇਆ 70% ਦਾ ਮੁਨਾਫ਼ਾ
- ਕਿਹਾ ਗਿਆ ਕਿ ਫ਼ਿਲਮ ਐਮ.ਐਸ.ਜੀ. ਨੂੰ 100 ਕਰੋੜ ਤੋਂ ਵੱਧ ਦਾ ਲਾਭ ਹੋਇਆ




## ਰਾਮ ਰਹੀਮ ਦੇ ਪੈਸਿਆਂ ਦੀ ਪੜਤਾਲ

- 51 ਕਰੋੜ ਦੇ ਸ਼ੱਕੀ ਫੰਡਾਂ ਨਾਲ ਚਮਕਿਆ 'ਬਾਬਾ'
- 4 ਕੰਪਨੀਆਂ ਨੂੰ ਡੇਰੇ ਤੋਂ 1.33 ਕਰੋੜ ਦਾ ਕਰਜ਼ਾ
- ਗੁਮਨਾਮ ਸ਼ੇਅਰ ਹੋਲਡਰ ਨੇ ਡੈਬਯੂ ਫ਼ਿਲਮ ਮੈਸੰਜਰ ਆਫ਼ ਗਾਡ ਵਿਚ ਲਗਾਏ 18 ਕਰੋੜ ਰੁਪਏ
- ਫ਼ਿਲਮ ਤੇ ਹਕੀਕਤ ਐਂਟਰਟੇਨਮੈਂਟ ਰਾਹੀਂ ਕੀਤੀ ਹੇਰਾਫੇਰੀ
- ਬਾਬੇ ਦੀ ਫ਼ਿਲਮ ਤੇ ਰਿਆਲਟੀ ਕੰਪਨੀ ਜੋ ਚੱਲ ਰਹੀ ਹੈ, ਉਹ ਖਾਲੀ ਦਫ਼ਤਰਾਂ ਵਿਚ ਹੈ।
- ਫਰਜ਼ੀ ਪਤੇ 'ਤੇ ਵੱਖ ਵੱਖ 15 ਕੰਪਨੀਆਂ ਦਾ ਖੁਲਾਸਾ।

## ਰਾਮ ਰਹੀਮ ਦੇ ਰਿਜ਼ਾਰਟ ਵਿਚ ਕਿਸ ਦਾ ਪੈਸਾ ਲੱਗਾ ?



- ਰਿਜ਼ਾਰਟ ਵਿਚ ਅਗਿਆਤ ਸਰੋਤ ਨੇ ਲਾਏ 32 ਕਰੋੜ
- ਗੁਮਨਾਮ ਸ਼ੇਅਰ ਹੋਲਡਰ ਨੇ ਕੀਤੀ ਰਿਜ਼ਾਰਟ ਵਿਚ ਫੰਡਿੰਗ
- ਅਗਿਆਤ ਸ਼ੇਅਰ ਹੋਲਡਰ ਨੇ ਲਾਏ 18 ਕਰੋੜ
- ਅਗਿਆਤ ਸਰੋਤ ਤੋਂ ਮਿਲੇ 15 ਕਰੋੜ ਨਾਲ ਖ਼ਰੀਦਿਆ ਰਿਜ਼ਾਰਟ


ਕੇਕ ਨੂੰ ਤਲਵਾਰ ਨਾਲ ਕੱਟਦਾ ਹੋਇਆ ਸੌਦਾ ਸਾਧ

# ਸੌਦਾ ਸਾਧ ਦੇ ਪੰਜਾਬ ਵਿਚਲੇ ਮੁੱਖ ਅੱਡੇ ਸਲਾਬਤਪੁਰਾ ਦਾ ਮੁੱਖ ਪ੍ਰਬੰਧਕ ਜ਼ੋਰਾ ਸਿੰਘ ਪੁਲੀਸ ਨੇ ਕੀਤਾ ਕਾਬੂ

**ਬਠਿੰਡਾ/ਬਿਊਰੋ ਨਿਊਜ਼:** ਥਾਣਾ ਰਾਮਪੁਰਾ ਫੂਲ ਦੀ ਪੁਲੀਸ ਨੇ ਡੇਰਾ ਸਲਾਬਤਪੁਰਾ ਦੇ ਮੁੱਖ ਪ੍ਰਬੰਧਕ ਜ਼ੋਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੱਸਣਯੋਗ ਹੈ ਕਿ ਜ਼ੋਰਾ ਸਿੰਘ ਅਕਾਲੀ ਆਗੂਆਂ ਦੇ ਕਾਫ਼ੀ ਨੇੜੇ ਰਹਿ ਚੁੱਕਿਆ ਹੈ। ਡੇਰਾ ਸਲਾਬਤਪੁਰਾ ਦੇ ਸਮਾਗਮਾਂ ਤੋਂ ਹੀ ਮਈ 2007 ਵਿੱਚ ਡੇਰਾ ਵਿਵਾਦ ਛਿੜਿਆ ਸੀ।

ਪੰਚਕੂਲਾ ਹਿੰਸਾ ਮਗਰੋਂ ਪਿੰਡ ਭਾਈਰੂਪਾ ਦੇ ਸੇਵਾ ਕੇਂਦਰ ਨੂੰ ਅੱਗ ਲਾਈ ਗਈ ਸੀ, ਜਿਸ ਕਰ ਕੇ 9 ਡੇਰਾ ਪ੍ਰੇਮੀਆਂ ਖ਼ਿਲਾਫ਼ ਕੇਸ ਦਰਜ ਹੋਇਆ ਸੀ। ਜਿਨ੍ਹਾਂ ਵਿੱਚੋਂ ਜਗਜੀਵਨ ਸਿੰਘ, ਇਕਬਾਲ ਸਿੰਘ, ਬਲਜਿੰਦਰ ਸਿੰਘ, ਸੰਦੀਪ ਸਿੰਘ, ਸੁਖਵੀਰ ਸਿੰਘ ਉਰਫ ਵਿੱਕੀ ਤੇ ਗੁਰਜੀਤ ਸਿੰਘ ਵਾਸੀ ਭਾਈਰੂਪਾ ਨੂੰ ਪੁਲੀਸ ਨੇ 28 ਅਗਸਤ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਜਦੋਂਕਿ ਜ਼ੋਰਾ ਸਿੰਘ ਨੂੰ ਵੀਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਕੇਸ ਵਿੱਚ ਸ਼ਾਮਲ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਗੁਰਦੇਵ ਸਿੰਘ ਅਤੇ ਹਰਬੰਸ ਸਿੰਘ ਵਾਸੀ ਭਗਤਾ ਦੀ ਗ੍ਰਿਫ਼ਤਾਰੀ ਹੋਣੀ ਬਾਕੀ ਹੈ। ਥਾਣਾ ਫੂਲ ਦੇ ਮੁੱਖ ਥਾਣਾ ਅਫ਼ਸਰ ਭੁਪਿੰਦਰ ਬਰਾੜ ਨੇ ਪੁਸ਼ਟੀ ਕੀਤੀ ਕਿ ਜ਼ੋਰਾ ਸਿੰਘ ਨੂੰ ਅੱਜ ਸਲਾਬਤਪੁਰਾ ਡੇਰੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਭਲਕੇ ੍ਰਸ ਨੂੰ ਫੂਲ ਅਦਾਲਤ ਵਿੱਚ ਪੇਸ਼ ਕਰ ਕੇ ਪੁਲੀਸ ਰਿਮਾਂਡ ਲਿਆ ਜਾਵੇਗਾ। ਦੋ ਦਿਨ ਪਹਿਲਾਂ ਹੀ ਡੇਰਾ ਸਲਾਬਤਪੁਰਾ 'ਚੋਂ ਅਸਲਾ ਫੜਿਆ ਗਿਆ ਹੈ, ਜਿਸ ਦੇ ਸਬੰਧ ਵਿੱਚ ਵੱਖਰਾ ਕੇਸ ਥਾਣਾ ਦਿਆਲਪੁਰਾ ਵਿੱਚ ਦਰਜ ਹੋਇਆ ਹੈ। ਦੱਸਣਯੋਗ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਸੁਣਾਏ ਅਦਾਲਤੀ ਫ਼ੈਸਲੇ ਮਗਰੋਂ ਬਠਿੰਡਾ ਜ਼ੋਨ ਵਿੱਚ ਵਾਪਰੀਆਂ ਅੱਗਜ਼ਨੀ ਤੇ ਸਾੜ-ਫੂਕ ਦੀਆਂ ਘਟਨਾਵਾਂ ਸਬੰਧੀ ਹੁਣ ਤੱਕ 32 ਕੇਸ ਦਰਜ ਹੋ ਚੁੱਕੇ ਹਨ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਡੇਰੇ ਦੇ ਤੰਤਰ ਦਾ ਮੰਤਰ-ਜ਼ਮੀਨ, ਪੈਸਾ ਸਭ ਲੁੱਟ ਲਓ

- ਸੇਵਾ ਦੇ ਨਾਂ 'ਤੇ ਕਮਾਈ ਦਾ 10% ਵਸੂਲਦਾ ਸੀ ਰਾਮ ਰਹੀਮ,
- ਇਸ ਤੋਂ ਹੁੰਦੀ ਸੀ ਹਰ ਮਹੀਨੇ 922 ਕਰੋੜ ਦੀ ਕਮਾਈ
- ਇਕ ਵਾਰ ਜੁੜਨ ਤੋਂ ਬਾਅਦ ਨਹੀਂ ਸੀ ਨਿਕਲਣ ਦਾ ਰਸਤਾ



ਪਾਨੀਪਤ/ਸ਼ਿਆਮ ਦਿਵੇਦੀ :
ਬਲਾਤਕਾਰੀ ਰਾਮ ਰਹੀਮ ਨੇ ਲੋਕ ਭਲਾਈ ਦੇ ਨਾਂ 'ਤੇ ਡੇਰਾ ਸੱਚਾ ਸੌਦਾ ਨੂੰ ਨਿੱਜੀ ਕਮਾਈ ਦਾ ਜ਼ਰੀਆ ਬਣਾ ਲਿਆ। ਬਿਨਾਂ ਬੈਂਕ ਖਾਤਿਆਂ, ਟਰਾਂਜ਼ੈਕਸ਼ਨ ਅਤੇ ਰਿਕਾਰਡ ਦੇ ਬਾਬਾ ਹਰ ਮਹੀਨੇ ਕਰੀਬ 922 ਕਰੋੜ ਰੁਪਏ ਉਗਰਾਹੀ ਕਰਦਾ ਸੀ। ਇਹ ਪੈਸਾ ਹਰਿਆਣਾ, ਪੰਜਾਬ ਤੇ ਰਾਜਸਥਾਨ ਵਿਚ ਡੇਰੇ ਦੇ 90 ਲੱਖ ਸਥਾਈ ਮੈਂਬਰਾਂ ਤੋਂ ਸੇਵਾ ਦੇ ਨਾਂ 'ਤੇ ਲਿਆ ਜਾਂਦਾ ਸੀ। ਇਨ੍ਹਾਂ ਮੈਂਬਰਾਂ ਵਿਚ 25 ਹਜ਼ਾਰ ਅਹੁਦੇਦਾਰ ਵੀ ਸ਼ਾਮਲ ਹਨ। ਡੇਰੇ ਨਾਲ ਜੁੜੇ ਇਕ ਅਹੁਦੇਦਾਰ ਅਨੁਸਾਰ ਡੇਰੇ ਵਿਚ ਦੇਸ਼ ਤੋਂ ਵੱਖ ਇਕ ਅਨਰਥ ਕਾਨੂੰਨ ਹੈ। ਡੇਰੇ ਦਾ ਅਹੁਦੇਦਾਰ ਅਤੇ ਸਥਾਈ ਮੈਂਬਰ ਬਣਨ ਲਈ ਕਮਾਈ ਦਾ 10% ਹਰ ਮਹੀਨੇ ਸੇਵਾ ਦੇ ਨਾਂ 'ਤੇ ਦੇਣਾ ਹੁੰਦਾ ਸੀ। ਅਜਿਹੇ ਲੋਕ ਅਹੁਦੇਦਾਰ ਬਣਾਏ ਜਾਂਦੇ ਸਨ ਜਿਨ੍ਹਾਂ ਦੀ ਕਮਾਈ ਇਕ ਲੱਖ ਤੋਂ ਉਪਰ ਤੇ ਸਥਾਈ ਮੈਂਬਰ ਉਹ ਬਣਾਏ ਜਾਂਦੇ ਸਨ ਜੋ ਘੱਟੋ-ਘੱਟ 10 ਹਜ਼ਾਰ ਰੁਪਏ ਹਰ ਮਹੀਨੇ ਕਮਾਉਂਦੇ ਹੋਣ। ਸੇਵਾ ਦੇ ਨਾਂ 'ਤੇ ਦਾਨ ਲਈ ਬਾਬਾ 3 ਸੂਬਿਆਂ ਵਿਚ ਮੁਕਾਬਲਾ ਤੱਕ ਕਰਵਾਉਂਦਾ ਸੀ। ਜੋ ਸੂਬੇ ਅੱਗੇ ਨਿਕਲਦੇ ਸਨ, ਉਸ ਦੇ ਅਹੁਦੇਦਾਰਾਂ ਨੂੰ ਡੇਰੇ ਵਿਚ ਹੋਣ ਵਾਲੇ ਸਮਾਰੋਹਾਂ 'ਤੇ ਵਿਸ਼ੇਸ਼ ਤਵੱਜੋ ਦਿੱਤੀ ਜਾਂਦੀ ਸੀ। ਡੇਰੇ ਵਿਚ ਹਰ ਸਾਲ 3 ਵੱਡੇ ਪ੍ਰੋਗਰਾਮ ਹੁੰਦੇ ਸਨ। 15 ਅਗਸਤ ਨੂੰ ਰਾਮ ਰਹੀਮ ਦਾ ਜਨਮ ਦਿਨ, 23 ਸਤੰਬਰ ਨੂੰ ਗੱਦੀ ਦਿਵਸ ਤੇ ਸ਼ਾਹ ਸਤਨਾਮ ਦਾ ਜਨਮ ਦਿਨ। ਇਨ੍ਹਾਂ ਵਿਚ ਕਰੀਬ 30 ਲੱਖ ਲੋਕ ਇਕੱਤਰ ਹੁੰਦੇ ਸਨ। ਡੇਰੇ ਵਿਚ ਸਕੱਤਰ ਦੇ ਅਹੁਦੇ 'ਤੇ ਰਹੇ ਇਕ ਸੱਜਣ ਦੱਸਦੇ ਹਨ ਕਿ ਜੋ ਲੋਕ ਹਰ ਮਹੀਨੇ ਪੈਸਾ ਨਹੀਂ ਦੇ ਸਕਦੇ ਸਨ, ਉਨ੍ਹਾਂ ਨੂੰ ਲਾਕੇਟ ਪਵਾ ਕੇ ਸ਼ਰਮ ਦਾਨ ਲਿਆ ਜਾਂਦਾ ਸੀ।

### ਖ਼ਰੀਦਦਾਰ, ਸਾਮਾਨ ਤੇ ਕੀਮਤ ਸਭ ਡੇਰਾ ਹੀ ਕਰਦਾ ਸੀ ਤੈਅ

ਸੂਬੇ ਦੇ ਹਰ ਜ਼ਿਲ੍ਹੇ ਵਿਚ 5 ਅਹੁਦੇਦਾਰਾਂ ਸਮੇਤ 61 ਮੈਂਬਰੀ ਕਮੇਟੀ ਬਣਾਈ ਜਾਂਦੀ ਸੀ। 5 ਅਹੁਦੇਦਾਰ ਜਿਨ੍ਹਾਂ ਵਿਚ ਜ਼ਿਲ੍ਹਾ ਪ੍ਰਧਾਨ, ਮਹਾਂਮੰਤਰੀ, ਖ਼ਜ਼ਾਨਚੀ, ਸਕੱਤਰ ਤੇ ਸਹਿ-ਸਕੱਤਰ। ਇਸ ਤੋਂ ਇਲਾਵਾ ਇਕ ਟੀਮ 11 ਮੈਂਬਰੀ ਤੇ ਇਕ 45 ਮੈਂਬਰੀ ਬਣਾਈ ਜਾਂਦੀ ਸੀ। ਇਹ ਟੀਮ ਨਾਂ ਚਰਚਾ ਘਰਾਂ ਲਈ ਮੈਂਬਰ ਜੋੜਨ ਤੇ ਡੇਰੇ ਦਾ ਪ੍ਰਚਾਰ ਪ੍ਰਸਾਰ ਕਰਦੀ ਹੈ। ਇਹ ਉਹ ਅਹੁਦੇਦਾਰ ਹੁੰਦੇ ਹਨ, ਜੋ ਹਰ ਮਹੀਨੇ ਸੇਵਾ ਲਈ ਦਾਨ ਕਰਦੇ ਹਨ।

### ਨਾਮ ਚਰਚਾ ਘਰਾਂ ਤੋਂ ਆਉਂਦਾ ਸੀ ਹਰ ਹਫ਼ਤੇ ਪੈਸਾ

ਹਰਿਆਣਾ, ਪੰਜਾਬ ਤੇ ਰਾਜਸਥਾਨ ਦੇ ਜ਼ਿਲ੍ਹਿਆਂ 'ਚੋਂ 300 ਤੋਂ ਜ਼ਿਆਦਾ ਨਾਮ ਚਰਚਾ ਘਰ ਹਨ। ਉਥੋਂ ਹਰ ਐਤਵਾਰ ਨੂੰ ਬਾਬੇ ਦੀ ਨਾਮ ਚਰਚਾ ਹੁੰਦੀ ਸੀ। ਇਹ ਪ੍ਰੋਗਰਾਮ ਜ਼ਿਲ੍ਹੇ ਦੇ 63 ਲੋਕ ਕਰਾਉਂਦੇ ਸਨ। ਨਾਮ ਚਰਚਾ ਦੌਰਾਨ ਡੇਰਾ ਪ੍ਰੇਮੀ ਸ਼ਰਧਾ ਅਨੁਸਾਰ 10, 20 ਰੁਪਏ ਦਾਨ ਕਰਦੇ ਹਨ। ਇਥੇ ਪ੍ਰੇਮੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਸੰਖਿਆ ਵਿਚ ਲੋਕਾਂ ਨੂੰ ਲਿਆਉਣ ਲਈ ਸਮਝਾਇਆ ਜਾਂਦਾ ਸੀ।

### ਹਜ਼ਾਰ ਰੁਪਏ 'ਚ ਸਬਜ਼ੀ ਦਾ ਇਕ ਟੁਕੜਾ

ਡੇਰੇ ਵਿਚ ਪ੍ਰੋਗਰਾਮ ਦੌਰਾਨ ਉਥੇ ਉਗਾਏ ਗਏ ਆਰਗੈਨਿਕ ਫਲ ਤੇ ਸਬਜ਼ੀਆਂ ਪ੍ਰੇਮੀਆਂ ਨੂੰ ਵੇਚੀਆਂ ਜਾਂਦੀਆਂ ਸਨ। ਬਾਬਾ ਅਕਸਰ ਖੇਤਾਂ ਵਿਚ ਟਰੈਕਟਰ ਚਲਾਉਂਦਾ ਸੀ। ਇਸ ਲਈ ਬਾਜ਼ਾਰ ਵਿਚ 10 ਤੋਂ 20 ਰੁਪਏ ਕਿਲੋ ਮਿਲਣ ਵਾਲਾ ਘੀਆ, ਤੋਰੀ, ਮਿਰਚਾਂ ਤੇ ਹੋਰ ਸਬਜ਼ੀਆਂ ਇੱਥੇ 500 ਤੋਂ 1000 ਰੁਪਏ ਪ੍ਰਤੀ ਟੁਕੜਾ ਪ੍ਰਸਾਦ ਦੇ ਰੂਪ ਵਿਚ ਵਿਕ ਜਾਂਦੀਆਂ ਸਨ।

### 11 ਹਜ਼ਾਰ ਤੇ 51 ਸੌ ਰੁਪਏ ਵਿਚ ਐਮਐਸਜੀ ਕਿੱਟ

ਅਹੁਦੇਦਾਰਾਂ ਤੇ ਸਥਾਈ ਮੈਂਬਰਾਂ ਨੂੰ ਹਰ ਮਹੀਨੇ ਡੇਰੇ ਤੋਂ ਐਮਐਸਜੀ ਪ੍ਰੋਡਕਟ ਦੀ ਇਕ ਕਿੱਟ ਭੇਜੀ ਜਾਂਦੀ ਹੈ। ਅਹੁਦੇਦਾਰਾਂ ਲਈ ਕਿਟ 11 ਹਜ਼ਾਰ ਤੇ ਸਥਾਈ ਮੈਂਬਰਾਂ ਲਈ 5100 ਰੁਪਏ ਦੀ ਹੁੰਦੀ ਹੈ। ਇਨ੍ਹਾਂ ਲੋਕਾਂ ਨੂੰ ਹਰ ਮਹੀਨੇ ਇਸ ਦਾ ਭੁਗਤਾਨ ਕਰਨਾ ਹੀ ਪੈਂਦਾ ਹੈ। ਇਸ ਤੋਂ ਇਲਾਵਾ ਬਾਬੇ ਦੇ ਉਤਪਾਦਾਂ ਨੂੰ ਵੇਚਣ ਦਾ ਵੀ ਦਬਾਅ ਰਹਿੰਦਾ ਹੈ। ਇਹ ਕਿੱਟ ਡੇਰੇ ਵਿਚ ਹੀ ਪੈਕ ਕੀਤੀ ਜਾਂਦੀ ਹੈ। ਇਸ ਵਿਚ ਦਾਲ, ਚੌਲ, ਸਰ੍ਹੋਂ ਦਾ ਤੇਲ ਵਗੈਰਾ ਹੁੰਦੇ ਹਨ।

## ਗੁ.ਫਾ, ਮਹਿਲ ਤੇ ਪ੍ਰਸ਼ਾਸਨਿਕ ਬਲਾਕ ਤਕ ਸੀਮਤ ਰਿਹਾ ਸਰਚ ਆਪਰੇਸ਼ਨ

### *ਪਿੰਜਰਾਂ ਦੀ ਭਾਲ ਲਈ ਡੇਰੇ 'ਚ ਖੁਦਾਈ ਤੱਕ ਨਹੀਂ*

ਸਿਰਸਾ/ਬਿਊਰੋ ਨਿਊਜ਼ : ਹਾਈ ਕੋਰਟ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਨੇ ਕੋਰਟ ਕਮਿਸ਼ਨਰ ਸੇਵਾਮੁਕਤ ਜੱਜ ਏ.ਕੇ. ਪੰਵਾਰ ਦੀ ਅਗਵਾਈ ਵਿਚ ਕੀਤੇ ਗਏ ਸਰਚ ਆਪਰੇਸ਼ਨ ਨੂੰ 3 ਦਿਨਾਂ ਦੌਰਾਨ ਸਮਾਪਤ ਐਲਾਨ ਦਿੱਤਾ। ਗੁਫ਼ਾ, ਮਹਿਲ ਤੇ ਪ੍ਰਸ਼ਾਸਨਿਕ ਬਲਾਕ ਤਕ ਸਿਮਟੇ ਰਹੇ ਇਸ ਸਰਚ ਆਪਰੇਸ਼ਨ ਵਿਚ ਪ੍ਰਸ਼ਾਸਨ ਨੇ ਕੋਈ ਵੀ ਵੱਡਾ ਖੁਲਾਸਾ ਨਹੀਂ ਕੀਤਾ ਹੈ। ਹਾਂ, ਉਨ੍ਹਾਂ ਨੂੰ ਕੁਝ ਸੜੀਆਂ ਹੋਈਆਂ ਸੀਡੀਜ਼, ਦਸਤਾਵੇਜ਼ ਤੇ ਕੁਝ ਇਤਰਾਜ਼ਯੋਗ ਦਵਾਈਆਂ ਜ਼ਰੂਰ ਮਿਲੀਆਂ ਹਨ। ਡੇਰੇ ਅੰਦਰ ਤਮਾਮ ਹੱਤਿਆਵਾਂ ਹੋਣ ਦੇ ਦੋਸ਼ਾਂ ਦੇ ਬਾਵਜੂਦ ਪ੍ਰਸ਼ਾਸਨ ਨੇ ਪਿੰਜਰਾਂ ਦੀ ਭਾਲ ਵਿਚ ਕੋਈ ਖੁਦਾਈ ਨਹੀਂ ਕੀਤੀ ਹੈ। ਸਰਚ ਆਪਰੇਸ਼ਨ ਖਤਮ ਹੋਣ ਦੀ ਪੁਸ਼ਟੀ ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਸਤੀਸ਼ ਮਹਿਰਾ ਨੇ ਕੀਤੀ। ਹਾਲਾਂਕਿ ਉਹ ਇਹ ਸਪਸ਼ਟ ਨਹੀਂ ਕਰ ਸਕੇ ਕਿ ਸਰਚ ਆਪਰੇਸ਼ਨ ਦੌਰਾਨ ਖੁਦਾਈ ਕਿਉਂ ਨਹੀਂ ਕਰਵਾਈ ਗਈ। ਮਹਿਰਾ ਨੇ ਦੱਸਿਆ ਕਿ ਇਸ ਬਾਰੇ ਕੋਰਟ ਕਮਿਸ਼ਨਰ ਹੀ ਦੱਸ ਸਕਦੇ ਹਨ। ਉਧਰ, ਕੋਰਟ ਕਮਿਸ਼ਨਰ ਪੰਵਾਰ ਕਾਫ਼ਲੇ ਨਾਲ ਡੇਰੇ ਵਿਚ ਗਏ ਤੇ ਕਰੀਬ ਡੇਢ ਘੰਟੇ ਬਾਅਦ ਹੀ ਉਹ ਆਪਣੇ ਕਾਫ਼ਲੇ ਸਮੇਤ ਡੇਰਾ ਤੋਂ ਵਾਪਸ ਆ ਗਏ। ਬਲਾਤਕਾਰੀ ਰਾਮ ਰਹੀਮ ਦੇ ਡੇਰੇ ਦੀ ਜ਼ਮੀਨ ਵਿਚ ਪਿੰਜਰ ਮਿਲਣ ਅਤੇ ਅੰਗਦਾਨ, ਦੇਹਦਾਨ ਤੇ ਮਨੁੱਖੀ ਔਂਗਾਂ ਦੀ ਤਸਕਰੀ ਦੇ ਮਾਮਲੇ ਨੇ ਖੂਬ ਤੂਲ ਫੜਿਆ ਸੀ। ਸਵਾਲ ਇਹ ਵੀ ਉਠਣ ਲੱਗਾ ਹੈ ਕਿ ਕੀ ਡੇਰਾ ਮਨੁੱਖੀ ਤਸਕਰੀ ਦਾ ਅੱਡਾ ਹੈ? ਪਰ ਪ੍ਰਸ਼ਾਸਨ ਨੇ ਖੁਦਾਈ ਕਰਨ ਬਾਰੇ ਚੁੱਪ ਵੱਟੀ ਰੱਖੀ। ਹਾਲਾਂਕਿ ਡੇਰਾ ਸਵੀਕਾਰ ਕਰ ਚੁੱਕਾ ਹੈ ਕਿ ਡੇਰਾ ਪ੍ਰੇਮੀ ਮੁਕਤੀ ਹਾਸਲ ਕਰਨ ਲਈ ਜ਼ਮੀਨ ਵਿਚ ਅਸਥੀਆਂ ਦਬਾਉਂਦੇ ਸਨ। ਪਰ ਸੂਤਰਾਂ ਦਾ ਦਾਅਵਾ ਹੈ ਕਿ ਡੇਰਾ ਕੰਪਲੈਕਸ ਦੀ ਚੰਗੀ ਤਰ੍ਹਾਂ ਖੁਦਾਈ ਕੀਤੀ ਜਾਵੇ ਤਾਂ ਕਈ ਨਰ ਪਿੰਜਰ ਮਿਲ ਸਕਦੇ ਹਨ।



### ਬਾਬੇ ਦੇ ਵਰਤੇ ਕੱਪੜੇ ਤੇ ਵਾਹਨਾਂ ਦੀ ਲੱਖਾਂ 'ਚ ਨਿਲਾਮੀ



ਡੇਰੇ ਵਿਚ ਪ੍ਰੋਗਰਾਮ ਦੌਰਾਨ ਬਾਬੇ ਦੇ ਪਹਿਨੇ ਕੱਪੜੇ, ਜੁੱਤੇ, ਕੁਰਸੀ ਤੇ ਵਰਤੇ ਵਾਹਨਾਂ ਦੀ ਨਿਲਾਮੀ ਹੁੰਦੀ ਸੀ। ਹਾਲ ਹੀ ਵਿਚ ਖੁਦਕੁਸ਼ੀ ਕਰਨ ਵਾਲੇ ਡੇਰਾ ਪ੍ਰੇਮਾ ਦਾਦਰੀ ਨਿਵਾਸੀ ਸੋਮਬੀਰ ਦੀ ਪਤਨੀ ਚਿਤਰਾ ਨੇ ਦੱਸਿਆ ਹੈ ਕਿ ਬਾਬੇ ਦੀ ਇਕ ਚਮਕੀਲੀ ਡਰੈੱਸ ਸੋਮਬੀਰ ਨੇ 6 ਲੱਖ ਰੁਪਏ ਵਿਚ ਖ਼ਰੀਦੀ ਸੀ। ਜਾਣਕਾਰਾਂ ਅਨੁਸਾਰ ਬਾਬਾ ਹਰ ਪ੍ਰੋਗਰਾਮ ਦੌਰਾਨ 10 ਕਰੋੜ ਰੁਪਏ ਤਕ ਆਪਣੀ ਨਿਲਾਮੀ ਵਿਚ ਹੋਈਆਂ ਵਸਤੂਆਂ ਤੋਂ ਕਮਾਉਂਦਾ ਸੀ।

### ਫੂਡਿੰਗ ਤੇ ਲਾਜਿੰਗ ਦਾ ਡਾਇਨੈਮਿਕ ਸਿਸਟਮ

ਸੰਗਤ ਨੂੰ ਡੇਰੇ ਵਿਚ ਇਕ ਵਾਰ ਦਾਲ ਤੇ ਰੋਟੀ ਦਾ ਪ੍ਰਸਾਦ ਦਿੱਤਾ ਜਾਂਦਾ ਸੀ। ਇਸ ਤੋਂ ਬਾਅਦ ਪੈਸਾ ਦੇ ਕੇ ਟੋਕਨ ਨਾਲ ਖਾਣਾ ਮਿਲਦਾ ਸੀ। ਗ਼ਰੀਬ ਲੋਕ ਤਾਂ ਡੇਰੇ ਵਿਚ ਚਾਦਰ ਵਿਛਾ ਕੇ ਸੌਂ ਜਾਂਦੇ ਸਨ ਪਰ ਜ਼ਿਆਦਾ ਪੈਸਾ ਖ਼ਰਚ ਕਰਨ ਵਾਲਿਆਂ ਲਈ ਰਹਿਣ, ਖਾਣੇ ਦੀ ਵੱਖਰੀ ਵਿਵਸਥਾ ਸੀ। ਮੰਗ ਅਨੁਸਾਰ ਕਮਰਿਆਂ ਦਾ ਰੇਟ ਘਟਦਾ-ਵਧਦਾ ਸੀ। ਇਕ ਹਜ਼ਾਰ ਤੋਂ ਲੈ ਕੇ 50 ਹਜ਼ਾਰ ਤਕ ਕਮਰੇ ਤੇ ਬੰਗਲੇ ਕਿਰਾਏ 'ਤੇ ਮਿਲਦੇ ਸਨ। ਜਾਣਕਾਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਕਮਰਿਆਂ ਵਿਚ ਕੁਝ ਅਜਿਹੀਆਂ ਸੁਵਿਧਾਵਾਂ ਵੀ ਸਨ, ਜੋ ਡੇਰੇ ਦੇ ਨਿਯਮਾਂ ਅਨੁਸਾਰ ਪਾਬੰਦੀਸ਼ੁਦਾ ਸਨ।

### ਗੁਫਾ ਤੋਂ ਹੋਸਟਲ ਜਾਂਦੇ ਰਾਹ ਵਿੱਚ ਬਣਾਈ ਕੰਧ

ਸਿਰਸਾ : ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ੀ ਠਹਿਰਾਏ ਜਾਣ ਤੋਂ ਪਹਿਲਾਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੇ ਆਪਣੀ ਗੁਫਾ ਵਿੱਚੋਂ ਸਾਧਵੀਆਂ ਦੇ ਹੋਸਟਲ ਵੱਲ ਜਾਂਦੇ ਰਾਹ ਵਿੱਚ ਪਹਿਲਾਂ ਹੀ ਕੰਧ ਖੜ੍ਹੀ ਕਰ ਦਿੱਤੀ ਸੀ। ਤਲਾਸ਼ੀ ਮੁਹਿੰਮ ਦੌਰਾਨ ਗੁਫਾ ਵਿੱਚ ਗਈਆਂ ਟੀਮਾਂ ਨੇ ਪਾਇਆ ਕਿ ਇਸ ਆਲੀਸ਼ਾਨ ਰਿਹਾਇਸ਼ ਦਾ ਹੋਸਟਲ ਵੱਲ ਖੁੱਲ੍ਹਦਾ ਗੇਟ ਬੰਦ ਕੀਤਾ ਹੋਇਆ ਸੀ। ਟੀਮ ਵਿਚਲੇ ਇਕ ਸੂਤਰ ਨੇ ਕਿਹਾ ਕਿ ਹੋਸਟਲ ਅਤੇ ਇਸ ਗੇਟ ਵਿਚਾਲੇ ਕੰਧ ਕੀਤੀ ਹੋਈ ਸੀ। ਜਦੋਂ ਟੀਮ ਮੈਂਬਰ ਕੰਧ ਨੇੜੇ ਗਏ ਤਾਂ ਉਸ ਕੋਲੋਂ ਪੇਂਟ ਦੀ ਮੁਸ਼ਕ ਆ ਰਹੀ ਸੀ, ਜਿਸ ਤੋਂ ਪਤਾ ਚਲਦਾ ਹੈ ਕਿ ਕੰਧ ਹਾਲ ਹੀ ਵਿੱਚ ਬਣਾਈ ਗਈ ਹੈ।

### ਨਵੇਂ ਤੇ ਪੁਰਾਣੇ ਨੋਟਾਂ ਤੋਂ ਇਲਾਵਾ ਮਹਿੰਗੀ ਗੱਡੀ

ਸਿਰਸਾ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਨਿਯੁਕਤ ਕੀਤੇ ਕੋਰਟ ਕਮਿਸ਼ਨਰ ਏ.ਕੇ.ਐਸ. ਪੁਆਰ ਦੀ ਅਗਵਾਈ ਵਿੱਚ ਡੇਰਾ ਸਿਰਸਾ ਦੇ ਸੱਚ ਤੋਂ ਪਰਦਾ ਹਟਾਉਣ ਲਈ ਤਲਾਸ਼ੀ ਮੁਹਿੰਮ ਚਲਾਈ। ਤਲਾਸ਼ੀ ਲਈ ਡੇਰੇ ਨੂੰ ਦਸ ਸੈਕਟਰਾਂ ਵਿੱਚ ਵੰਡਿਆ ਗਿਆ। ਸੇਵਾਮੁਕਤ ਜੱਜ ਏ.ਕੇ.ਐਸ. ਪੁਆਰ ਦੀ ਅਗਵਾਈ ਵਿੱਚ ਦਰਜਨਾਂ ਟੀਮਾਂ ਤਲਾਸ਼ੀ ਵਿੱਚ ਜੁਟੀਆਂ ਰਹੀਆਂ।

ਜਾਣਕਾਰੀ ਅਨੁਸਾਰ ਤਲਾਸ਼ੀ ਮੁਹਿੰਮ ਵਿੱਚ ਬੈਂਕ ਕਰਮਚਾਰੀ, ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਸਮੇਤ ਜਿੰਦਰੇ ਖੋਲ੍ਹਣ ਵਿੱਚ ਮਾਹਰ 22 ਵਿਅਕਤੀਆਂ ਨੂੰ ਸ਼ਾਮਲ ਕੀਤਾ ਹੈ। ਮੁਹਿੰਮ ਵਿੱਚ 6 ਆਈ.ਪੀ.ਐਸ. ਅਧਿਕਾਰੀਆਂ ਤੇ ਅੱਧੀ ਦਰਜਨ ਤੋਂ ਜ਼ਿਆਦਾ ਡੀ.ਐਸ.ਪੀ. ਰੈਂਕ ਦੇ ਅਧਿਕਾਰੀਆਂ ਨੂੰ ਵੀ ਲਾਇਆ ਗਿਆ। ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਸਤੀਸ਼ ਮਹਿਰਾ ਨੇ ਦੱਸਿਆ ਕਿ ਡੇਰੇ ਦੇ ਦੋ ਕਮਰਿਆਂ ਨੂੰ ਸੀਲ ਕੀਤਾ ਗਿਆ ਹੈ, ਜਿਸ ਵਿੱਚ ਕੰਪਿਊਟਰ ਸੈੱਟ ਅਤੇ ਹਾਰਡ ਡਿਸਕ ਬਰਾਮਦ ਕੀਤੇ ਗਏ ਹਨ। ਦੋ ਕਮਰਿਆਂ ਵਿੱਚੋਂ ਸੱਤ ਹਜ਼ਾਰ ਦੀ ਪੁਰਾਣੀ ਕਰੰਸੀ ਅਤੇ 12 ਹਜ਼ਾਰ ਦੀ ਨਵੀਂ ਕਰੰਸੀ ਮਿਲੀ ਹੈ। ਇਸ ਤੋਂ ਇਲਾਵਾ ਇਕ ਲੈਕਸਸ ਗੱਡੀ, ਇਕ ਓ.ਬੀ. ਵੈਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਦੇਸੀ ਦਵਾਈਆਂ ਬਰਾਮਦ ਹੋਈਆਂ ਹਨ। ਗੁਫਾ ਕੋਲੋਂ ਪੰਜ ਜਣੇ ਮਿਲੇ ਹਨ, ਜਿਨ੍ਹਾਂ ਵਿੱਚ ਦੋ ਨਾਬਾਲਗ ਅਤੇ ਤਿੰਨ ਬਾਲਗ ਹਨ। ਨਾਬਾਲਗਾਂ ਨੂੰ ਚਾਈਲਡ ਵੈਲਫੇਅਰ ਵਿਭਾਗ ਦੇ ਅਧਿਕਾਰੀਆਂ ਨੂੰ ਸੌਂਪ ਦਿੱਤਾ ਹੈ, ਜਦੋਂ ਕਿ ਬਾਲਗਾਂ ਦੇ ਪਤੇ ਦੀ ਜਾਣਕਾਰੀ ਲਈ ਜਾ ਰਹੀ ਹੈ ਤਾਂ ਜੋ ਉਨ੍ਹਾਂ ਦੇ ਮਾਪਿਆਂ ਨੂੰ ਸੌਂਪਿਆ ਜਾ ਸਕੇ। ਡੇਰੇ ਵਿੱਚੋਂ ਇਕ ਵਾਕੀ-ਟਾਕੀ ਸੈੱਟ ਵੀ ਬਰਾਮਦ ਕੀਤਾ ਹੈ, ਜਿਸ ਨੂੰ ਪੁਲੀਸ ਨੇ ਕਬਜ਼ੇ ਵਿੱਚ ਲੈ ਲਿਆ ਹੈ।

### ਡੇਰਾ ਪ੍ਰੇਮੀ ਦੇ ਖੇਤ ਵਿੱਚੋਂ ਮਿਲਿਆ ਅਸਲਾ

ਪੁਲੀਸ ਨੇ ਅਹਿਮਦਪੁਰ ਵਾਸੀ ਜੇਠਾ ਰਾਮ ਦੇ ਖੇਤ ਵਿੱਚ ਦਬੀ ਬਾਰਾਂ ਬੋਰ ਦੀ ਬੰਦੂਕ ਬਰਾਮਦ ਕੀਤੀ। ਦੱਸਿਆ ਗਿਆ ਹੈ ਕਿ ਜੇਠਾ ਰਾਮ ਦਾ ਪਰਿਵਾਰ ਡੇਰਾ ਪ੍ਰੇਮੀ ਹੈ। ਪੁਲੀਸ ਨੇ ਇਸ ਮਾਮਲੇ ਵਿੱਚ ਸੁਰਿੰਦਰ ਨਾਂ ਦੇ ਨੌਜਵਾਨ ਖ਼ਿਲਾਫ਼ ਕੇਸ ਦਰਜ ਕਰ ਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਉਧਰ ਸੂਤਰਾਂ ਨੇ ਦੱਸਿਆ ਕਿ ਖੇਤ ਵਿੱਚੋਂ ਜ਼ਿਆਦਾ ਅਸਲਾ ਮਿਲਿਆ ਹੈ, ਜਦੋਂ ਕਿ ਪੁਲੀਸ ਬੁਲਾਰੇ ਨੇ ਇਕ ਬੰਦੂਕ ਮਿਲਣ ਦੀ ਪੁਸ਼ਟੀ ਕੀਤੀ ਹੈ। ਇਸ ਮਾਮਲੇ ਵਿੱਚ ਖੇਤ ਮਾਲਕ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਪਤਾ ਨਹੀਂ ਕੌਣ ਖੇਤ ਵਿੱਚ ਅਸਲਾ ਦੱਬ ਗਿਆ ਹੈ।

## ਗੁਰਦੁਆਰਾ ਸਾਹਿਬ ਵਰਮੌਂਟ ਦੀਆਂ ਕੰਧਾਂ 'ਤੇ ਨਫ਼ਰਤੀ ਸੰਦੇਸ਼ ਲਿਖੇ ਜਾਣ ਵਿਰੁਧ ਸਿੱਖ ਸੰਗਤਾਂ 'ਚ ਭਾਰੀ ਰੋਸ

**ਲਾਸ ਏਂਜਲਸ/ਬਿਊਰੋ ਨਿਊਜ਼:** ਇਕ ਸਿਰਫਿਰੇ ਵਲੋਂ ਇੱਥੋਂ ਦੇ ਗੁਰਦੁਆਰਾ ਸਾਹਿਬ ਵਰਮੌਂਟ ਦੀਆਂ ਕੰਧਾਂ ਉਤੇ 'ਐਟਮੀ' ਸਿੱਖ ਸਮੇਤ ਹੋਰ ਨਫ਼ਰਤੀ ਸੰਦੇਸ਼ ਲਿਖ ਦਿੱਤੇ ਜਾਣ ਵਿਰੁਧ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਐਨਬੀਸੀ ਦੀ ਰਿਪੋਰਟ ਮੁਤਾਬਕ ਇਕ ਚਸ਼ਮਦੀਦ ਨੇ ਇਹ ਸੰਦੇਸ਼ ਲਿਖਣ ਵਾਲੇ ਦਾ ਵਿਰੋਧ ਕੀਤਾ ਅਤੇ ਉਸ ਦੀ ਮੋਬਾਈਲ ਫੋਨ 'ਤੇ ਵੀਡੀਓ ਬਣਾ ਲਈ। ਚਸ਼ਮਦੀਦ ਕਰਨਾ ਰੇਅ ਨੇ ਦੱਸਿਆ, 'ਮੈਂ ਕਿਹਾ, ਮੈਂ ਪੁਲੀਸ ਨੂੰ ਫੋਨ ਕਰਨ ਜਾ ਰਿਹਾ ਹਾਂ ਤਾਂ ਉਸ ਨੇ ਕਿਹਾ ਕਿ ਉਸ ਨੂੰ ਡਰ ਲੱਗ ਰਿਹਾ ਹੈ ਪਰ ਬਾਅਦ ਵਿੱਚ ਕਹਿੰਦਾ ਮੈਂ, ਤੇਰਾ ਗਲ ਵੱਢ ਦੇਵਾਂਗਾ।' ਹਾਲੀਵੁੱਡ ਪੁਲੀਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਨਿਊ ਯਾਰਕ ਦਾ ਰਹਿਣ ਵਾਲਾ ਕਰਨਾ ਰੇਅ ਵੀਰਵਾਰ ਨੂੰ ਆਪਣੇ ਇਕ ਦੋਸਤ ਨੂੰ ਮਿਲਣ ਆਇਆ ਸੀ ਜਦੋਂ ਉਸ ਨੇ ਇਕ ਵਿਅਕਤੀ ਨੂੰ ਗੁਰਦੁਆਰੇ ਦੀ ਸਫੇਦ ਦੀਵਾਰ 'ਤੇ ਕਾਲੇ ਰੰਗ ਨਾਲ ਇਹ ਸੰਦੇਸ਼ ਲਿਖਦੇ ਦੇਖਿਆ ਅਤੇ ਉਸ ਨੇ ਆਪਣੇ ਮੋਬਾਈਲ ਫੋਨ 'ਤੇ ਉਸ ਦੀ ਰਿਕਾਰਡਿੰਗ ਕਰ ਲਈ। ਇਸ ਬਾਅਦ ਉਸ ਨੇ ਇਹ ਵੀਡੀਓ ਫੇਸਬੁੱਕ 'ਤੇ ਅਪਲੋਡ ਕਰ ਦਿੱਤੀ, ਜਿਸ 'ਤੇ ਹਜ਼ਾਰਾਂ ਟਿੱਪਣੀਆਂ ਆਈਆਂ। ਰੇਅ ਦੀ ਫੇਸਬੁੱਕ ਪੋਸਟ ਮੁਤਾਬਕ ਉਸ ਵੱਲੋਂ ਪੁਲੀਸ ਬੁਲਾਉਣ ਦੀ ਗੱਲ ਕਹਿਣ 'ਤੇ ਸੰਦੇਸ਼ ਲਿਖਣ ਵਾਲੇ ਨੇ ਉਸ ਨੂੰ ਬਲੇਡ ਦਿਖਾ ਕੇ ਧਮਕਾਇਆ। ਇਸ ਗੁਰਦੁਆਰੇ ਦੇ ਇਕ ਮੈਂਬਰ ਸਰਬ ਗਿੱਲ ਨੇ ਕਿਹਾ, ਮੈਂ ਇਹ ਸੰਦੇਸ਼ ਲਿਖਣ ਵਾਲੇ ਵਿਅਕਤੀ ਨੂੰ ਗੁਰਦੁਆਰੇ ਸੱਦਣਾ ਚਾਹਾਂਗਾ ਅਤੇ ਉਸ ਨੂੰ ਦਿਖਾਵਾਂਗਾ ਕਿ ਸਿੱਖ ਭਾਈਚਾਰਾ ਕਿਸ ਚੀਜ਼ ਵਿੱਚ ਵਿਸ਼ਵਾਸ ਰੱਖਦਾ ਹੈ ਅਤੇ ਉਹ ਕੀ ਗੁਆ ਰਿਹਾ ਹੈ।' ਕੈਲੀਫੋਰਨੀਆ ਸਿੱਖ ਕੌਂਸਲ ਦੇ ਨਿਰੰਜਣ ਸਿੰਘ ਖਾਲਸਾ ਵੱਲੋਂ ਇਸ ਮਾਮਲੇ ਸਬੰਧੀ ਲਾਸ ਏਂਜਲਸ ਪੁਲੀਸ ਵਿਭਾਗ ਨਾਲ ਤਾਲਮੇਲ ਬਣਾਇਆ ਹੋਇਆ ਹੈ।

## ਪਿੰਡ ਦਾਊਂ 'ਚ ਮੰਦਰ ਦੀ ਭੰਨ-ਤੋੜ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਇੱਥੋਂ ਦੇ ਇਤਿਹਾਸਕ ਪਿੰਡ ਦਾਊਂ ਸਥਿਤ ਸ੍ਰੀ ਦੁਰਗਾ ਸ਼ੀਤਲਾ ਮਾਤਾ ਮੰਦਰ ਵਿੱਚ ਸ਼ਰਾਰਤੀ ਅਨਸਰਾਂ ਨੇ ਅੱਗ ਲਗਾ ਦਿੱਤੀ ਤੇ ਮੰਦਰ ਦੀ ਭੰਨ-ਤੋੜ ਕਰਕੇ ਧਾਰਮਿਕ ਗ੍ਰੰਥ (ਸ਼ਿਵ ਪੁਰਾਣ) ਦੀ ਬੇਅਦਬੀ ਕੀਤੀ, ਜਿਸ ਕਾਰਨ ਪਿੰਡ ਵਿੱਚ ਸਥਿਤੀ ਤਣਾਅ ਪੂਰਨ ਹੋ ਗਈ। ਮੰਦਰ ਵਿੱਚ ਗਾਂ ਦੀ ਪੂਛ ਅਤੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀਆਂ ਫੋਟੋਆਂ ਵੀ ਸੁੱਟੀਆਂ ਗਈਆਂ ਹਨ। ਇਸ ਬਾਰੇ ਸੂਚਨਾ ਮਿਲਦੇ ਹੀ ਮੁਹਾਲੀ ਦੇ ਐੱਸਪੀ (ਡੀ) ਹਰਬੀਰ ਸਿੰਘ ਅਟਵਾਲ ਅਤੇ ਸ਼ਿਵ ਸੈਨਾ (ਹਿੰਦੂ) ਦੇ ਕੌਮੀ ਪ੍ਰਧਾਨ ਨਿਸ਼ਾਂਤ ਸ਼ਰਮਾ ਮੌਕੇ 'ਤੇ ਪਹੁੰਚੇ ਅਤੇ ਘਟਨਾ ਦਾ ਜਾਇਜ਼ਾ ਲਿਆ। ਪਿੰਡ ਦੇ ਸਰਪੰਚ ਅਵਤਾਰ ਸਿੰਘ ਗੋਸਲ ਨੇ ਸਥਿਤੀ ਦਾ ਜਾਇਜ਼ਾ ਲੈਂਦਿਆਂ ਘਟਨਾ ਨੂੰ ਮੰਦਭਾਗਾ ਦੱਸਿਆ। ਇਸ ਤੋਂ ਪਹਿਲਾਂ ਪੁਲੀਸ ਵੱਲੋਂ ਰਾਤੋ ਰਾਤ ਅਤੇ ਤੜਕੇ ਸਵੇਰੇ ਪੇਂਟ ਕਰਵਾ ਕੇ ਸਬੂਤ ਮਿਟਾਉਣ ਅਤੇ ਘਟਨਾ 'ਤੇ ਮਿੱਟੀ ਪਾਉਣ ਦਾ ਯਤਨ ਕੀਤਾ ਗਿਆ, ਜਿਸ ਦਾ ਸ਼ਿਵ ਸੈਨਾ ਦੇ ਕਾਰਕੁਨਾਂ ਤੇ ਪਿੰਡ ਵਾਸੀਆਂ ਨੇ ਬੁਰਾ ਮਨਾਇਆ। ਇਸ ਤੋਂ ਬਾਅਦ ਮੰਦਰ ਦੇ ਸੇਵਾਦਾਰ ਮੋਹਨ ਸਿੰਘ ਦੀ ਸ਼ਿਕਾਇਤ 'ਤੇ ਬਲੌਂਗੀ ਥਾਣੇ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਮੌਕੇ ਤੋਂ ਮਿਲੀ ਗਾਂ ਦੀ ਪੂਛ ਅਤੇ ਡੇਰਾ ਮੁਖੀ ਦੀਆਂ ਫੋਟੋਆਂ ਕਬਜ਼ੇ ਵਿੱਚ ਲੈ ਲਈਆਂ ਹਨ। ਲੋਕਾਂ ਨੇ ਮੌਕੇ 'ਤੇ ਮੋਬਾਈਲ ਫੋਨ ਵਿਚ ਵੀਡੀਓ ਵੀ ਬਣਾਈ, ਪਰ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਸੀ ਕਿ ਮੰਦਰ ਵਿਚੋਂ ਕੋਈ ਪੂਛ ਨਹੀਂ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੰਦਰ ਵਿੱਚ ਡੀਜ਼ਲ ਛਿੜਕ ਕੇ ਅੱਗ ਲਗਾਈ ਗਈ ਸੀ। ਅੱਗ ਨਾਲ ਮੰਦਰ ਦੇ ਪਰਦੇ, ਧਾਰਮਿਕ ਪੁਸਤਕਾਂ ਅਤੇ ਹੋਰ ਕਾਫੀ ਸਾਮਾਨ ਸੜ ਗਿਆ ਹੈ ਅਤੇ ਧੂੰਏਂ ਨਾਲ ਮੰਦਰ ਦੀਆਂ ਕੰਧਾਂ ਤੇ ਛੱਤ ਕਾਲੀ ਹੋ ਗਈ।

# 'ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਥਾਂ ਨਾ ਬਦਲਿਆ ਜਾਵੇ'

### *ਪਹਿਲਾਂ ਕੀਤੇ ਐਲਾਨ ਅਨੁਸਾਰ ਸ੍ਰੀ ਨਨਕਾਣਾ ਸਾਹਿਬ ਵਿਖੇ ਹੀ ਬਣਾਈ ਜਾਵੇ : ਸ਼੍ਰੋਮਣੀ ਕਮੇਟੀ*

**ਚੰਡੀਗੜ੍ਹ/ਬਿਊਰੋ ਨਿਊਜ਼:** ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਬਣਾਈ ਜਾਣ ਵਾਲੀ ਬਾਬਾ ਗੁਰੂ ਨਾਨਕ ਯੂਨੀਵਰਸਿਟੀ' ਦਾ ਸਥਾਨ ਸ੍ਰੀ ਨਨਕਾਣਾ ਸਾਹਿਬ ਦੀ ਥਾਂ ਮੁਰੀਦਕੇ ਜ਼ਿਲ੍ਹਾ ਸ਼ੇਖੂਪੁਰਾ ਵਿਖੇ ਤਬਦੀਲ ਕਰਨ ਦੀਆਂ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਹ ਯੂਨੀਵਰਸਿਟੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਹੀ ਬਣਾਈ ਜਾਣੀ ਚਾਹੀਦੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਵੱਲੋਂ ਯੂਨੀਵਰਸਿਟੀ ਬਣਾਉਣ ਦਾ ਫੈਸਲਾ ਕਰਨ ਸਮੇਂ ਇਹ ਸ੍ਰੀ ਨਨਕਾਣਾ ਸਾਹਿਬ ਵਿਖੇ ਹੀ ਸਥਾਪਤ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਹੁਣ ਇਸ ਦਾ ਸਥਾਨ ਬਦਲਣ ਦੀਆਂ ਮੀਡੀਆ ਰਿਪੋਰਟਾਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਪਾਕਿਸਤਾਨ ਸਰਕਾਰ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਯਨੀਵਰਸਿਟੀ ਬਣਾਉਣ



ਦਾ ਫੈਸਲਾ ਸ਼ਲਾਘਾਯੋਗ ਹੈ ਪਰ ਇਹ ਜ਼ਰੂਰੀ ਹੈ ਕਿ ਇਸ ਦੀ ਸਥਾਪਨਾ ਵੀ ਗੁਰੂ ਜੀ ਦੇ ਪ੍ਰਕਾਸ਼ ਅਸਥਾਨ ਵਿਖੇ ਹੀ ਹੋਵੇ।

ਉਨ੍ਹਾਂ ਆਖਿਆ ਕਿ 2019 ਵਿਚ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਲਈ ਅੱਜ ਜਦੋਂ ਸਿੱਖ ਜਗਤ ਵੱਲੋਂ ਤਿਆਰੀਆਂ ਆਰੰਭੀਆਂ ਜਾ ਚੁੱਕੀਆਂ ਹਨ, ਤਾਂ ਉਦੋਂ ਯੂਨੀਵਰਸਿਟੀ ਸ੍ਰੀ ਨਨਕਾਣਾ ਸਾਹਿਬ ਦੀ ਥਾਂ ਹੋਰ ਜਗ੍ਹਾ ਬਣਾਉਣ ਦੀਆਂ ਕਨਸੋਆਂ ਨਾਲ ਸਿੱਖ ਸੰਗਤਾਂ ਵਿਚ ਰੋਸ ਦੀ ਭਾਵਨਾ ਪਾਈ ਜਾ ਰਹੀ ਹੈ। ਉਨ੍ਹਾਂ ਨੇ ਇਸ ਸਬੰਧ ਵਿਚ ਅੱਜ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਪੱਤਰ ਲਿਖਦਿਆਂ ਇਹ ਮਾਮਲਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਦੀ ਮੰਗ ਵੀ ਕੀਤੀ। ਪੱਤਰ ਵਿਚ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ ਨਾਲ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ, ਜਿਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਪਾਕਿਸਤਾਨ ਸਰਕਾਰ ਨੂੰ ਯੂਨੀਵਰਸਿਟੀ ਦਾ ਸਥਾਨ ਤਬਦੀਲ ਕਰਨ ਲਈ ਕਿਹਾ ਜਾਵੇ।

ਜ਼ਿਕਰਯੋਗ ਹੈ ਕਿ ਲੰਘੀ 4 ਸਤੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵੱਲੋਂ ਯੂਨੀਵਰਸਿਟੀ ਸ੍ਰੀ ਨਨਕਾਣਾ ਸਾਹਿਬ ਵਿਖੇ ਹੀ ਸਥਾਪਤ ਕਰਨ ਦੀ ਮੰਗ ਦਾ ਇੱਕ ਮਤਾ ਪਾਸ ਕਰਦਿਆਂ ਇਸ ਸਬੰਧੀ ਪੁਰਜ਼ੋਰ ਯਤਨ ਕਰਨ ਦਾ ਫੈਸਲਾ ਕੀਤਾ ਗਿਆ ਸੀ।

# ਦਰਿਆਈ ਪਾਣੀਆਂ ਦੇ ਹੱਲ ਲਈ 6 ਹਫਤਿਆਂ ਦਾ ਸਮਾਂ

### *ਸਤਲੁਜ ਯਮਨਾ ਲਿੰਕ ਨਹਿਰ ਵਿਵਾਦ 8 ਨਵੰਬਰ ਤੱਕ ਸੁਲਝਾਇਆ ਜਾਵੇ: ਸੁਪਰੀਮ ਕੋਰਟ*

### ਪੰਜਾਬ ਤੇ ਹਰਿਆਣਾ ਦਰਮਿਆਨ ਗੱਲਬਾਤ ਰਾਹੀਂ ਹੱਲ ਦੀਆਂ ਕੋਸ਼ਿਸ਼ਾਂ ਜਾਰੀ : ਕੇਂਦਰ ਸਰਕਾਰ

**ਦਿੱਲੀ/ਬਿਊਰੋ ਨਿਊਜ਼**

ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਦਰਮਿਆਨ ਝਗੜੇ ਦਾ ਕਾਰਨ ਬਣੀ ਸਤਲੁਜ-ਯਮੁਨਾ ਲਿੰਕ ਨਹਿਰ (ਐਸਵਾਈਐਲ) ਦਾ ਦੋਸਤਾਨਾ ਹੱਲ ਲੱਭਣ ਲਈ ਕੇਂਦਰ ਨੂੰ ਛੇ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਅਮਿਤਵਾ ਰਾਏ ਤੇ ਜਸਟਿਸ ਏ.ਐਮ. ਖਾਨਵਿਲਕਰ ਦੇ ਬੈਂਚ ਨੂੰ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਦੱਸਿਆ ਕਿ ਕੇਂਦਰ ਵੱਲੋਂ ਇਸ ਮਾਮਲੇ ਦੇ ਹੱਲ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਇਸ ਮਕਸਦ ਲਈ ਹੋਰ ਸਮਾਂ ਦਿੱਤਾ ਜਾਵੇ। ਬੈਂਚ ਨੇ ਕੇਂਦਰ ਸਰਕਾਰ ਦੇ ਬਿਆਨ ਉਤੇ ਗ਼ੌਰ ਕਰਨ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ ਲਈ 8 ਨਵੰਬਰ ਨੂੰ ਮੁਕੱਰਰ ਕੀਤੀ ਹੈ। ਇਸ ਤੋਂ ਪਹਿਲਾਂ 11 ਜੁਲਾਈ ਦੀ ਸੁਣਵਾਈ ਦੌਰਾਨ ਬੈਂਚ ਨੇ ਸਾਫ਼ ਕੀਤਾ ਸੀ ਕਿ ਪੰਜਾਬ ਤੇ ਹਰਿਆਣਾ ਲਈ ਜ਼ਰੂਰੀ ਹੈ ਕਿ ਉਹ ਸੁਪਰੀਮ ਕੋਰਟ ਦੇ ਫ਼ੈਸਲਿਆਂ ਦਾ ਸਤਿਕਾਰ ਤੇ ਇਨ੍ਹਾਂ ਨੂੰ ਲਾਗੂ ਕਰਨ। ਗੌਰਤਲਬ ਹੈ ਕਿ ਪਾਣੀਆਂ ਦੀ ਵੰਡ ਦਾ 1981 ਦਾ ਵਿਵਾਗ੍ਰਸਤ ਸਮਝੌਤਾ ਸਾਲ 1966 ਵਿੱਚ ਪੰਜਾਬ 'ਚੋਂ ਹਰਿਆਣਾ ਨੂੰ ਵੱਖਰਾ ਸੂਬਾ ਬਣਾਏ ਜਾਣ ਦਾ ਸਿੱਟਾ ਹੈ। ਪਾਣੀਆਂ ਦੀ ਅਸਰਦਾਰ ਵੰਡ ਲਈ ਐਸਵਾਈਐਲ ਨਹਿਰ ਬਣਾਏ ਜਾਣ ਦਾ ਵਿਚਾਰ ਸਾਹਮਣੇ ਆਇਆ ਤੇ ਫ਼ੈਸਲਾ ਹੋਇਆ ਕਿ ਦੋਵੇਂ ਸੂਬੇ ਆਪੋ-ਆਪਣੇ ਖ਼ਿੱਤੇ ਵਿੱਚ ਪੈਂਦੇ ਨਹਿਰ ਦੇ ਹਿੱਸੇ ਦੀ ਉਸਾਰੀ ਕਰਨਗੇ। ਹਰਿਆਣਾ ਨੇ ਆਪਣੇ ਹਿੱਸੇ ਦੀ ਨਹਿਰ ਪਹਿਲਾਂ ਹੀ ਉਸਾਰ ਦਿੱਤੀ ਪਰ ਪੰਜਾਬ ਵਾਲੇ ਹਿੱਸੇ ਦੀ ਉਸਾਰੀ ਵੱਖ-ਵੱਖ ਕਾਰਨਾਂ ਕਰ ਕੇ ਨਹੀਂ ਹੋ ਸਕੀ। ਪੰਜਾਬ ਦੀ ਇਹ ਵੀ ਦਲੀਲ ਹੈ ਕਿ ਹਰਿਆਣਾ ਨੂੰ ਪਾਣੀ ਦਾ ਹਿੱਸਾ ਕੇਂਦਰ ਨੇ ਆਪਣੀ ਧੌਂਸ 'ਤੇ ਕੌਮਾਂਤਰੀ ਰਿਪੇਰੀਅਨ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਕੇ ਦਿੱਤਾ ਹੈ, ਕਿਉਂਕਿ ਰਿਪੇਰੀਅਨ ਸਿਧਾਂਤ ਮੁਤਾਬਕ ਦਰਿਆਈ ਪਾਣੀਆਂ ਉਤੇ ਉਨ੍ਹਾਂ ਸੂਬਿਆਂ ਦਾ ਹੀ ਹੱਕ ਬਣਦਾ ਹੈ, ਜਿਨ੍ਹਾਂ ਵਿੱਚੋਂ ਦਰਿਆ ਲੰਘਦੇ ਹੋਣ। ਦੱਸਣਯੋਗ ਹੈ ਕਿ ਪੰਜਾਬ ਦੇ ਜਿਨ੍ਹਾਂ ਦਰਿਆਵਾਂ ਦੇ ਪਾਣੀ ਵਿੱਚੋਂ ਹਰਿਆਣਾ ਹਿੱਸਾ ਮੰਗ ਰਿਹਾ ਹੈ, ਉਨ੍ਹਾਂ ਵਿੱਚੋਂ ਕੋਈ ਹਰਿਆਣਾ 'ਚੋਂ ਨਹੀਂ ਲੰਘਦਾ। ਇਸ ਕਾਰਨ 2004 ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਵਿਧਾਨ ਸਭਾ ਵਿੱਚ ਇਕ ਐਕਟ ਪਾਸ ਕਰ ਕੇ ਪਾਣੀਆਂ ਦੀ ਵੰਡ ਸਬੰਧੀ ਸਾਰੇ ਸਮਝੌਤੇ

ਬਾਕੀ ਸਫ਼ਾ 32 'ਤੇ

# ਪੰਜਾਬ ਦਰਿਆਈ ਪਾਣੀਆਂ ਦੀ ਵੰਡ ਬਾਰੇ ਟ੍ਰਿਬਿਊਨਲ ਬਣਾਉਣ ਉੱਤੇ ਦੇਵੇਗਾ ਜ਼ੋਰ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਟਰਮੀਨੇਸ਼ਨ ਐਕਟ 2004 'ਤੇ ਰਾਸ਼ਟਰਪਤੀ ਵੱਲੋਂ ਮੰਗੀ ਗਈ ਰਾਏ ਦੀ ਵੈਧਤਾ ਸਬੰਧੀ ਕੇਸ ਦੀ ਸੁਣਵਾਈ ਦੌਰਾਨ ਪੰਜਾਬ ਵੱਲੋਂ ਦਰਿਆਈ ਪਾਣੀਆਂ ਦੀ ਅਸਲ ਉਪਲੱਬਧਤਾ ਜਾਣਨ ਲਈ ਟ੍ਰਿਬਿਊਨਲ ਬਣਾਉਣ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ। ਸੁਪਰੀਮ ਕੋਰਟ ਵੱਲੋਂ ਐਸਵਾਈਐਲ ਮੁੱਦੇ 'ਤੇ ਵੀਰਵਾਰ ਨੂੰ ਸੁਣਵਾਈ ਕੀਤੀ ਜਾਣੀ ਹੈ ਅਤੇ ਇਸ ਮੁੱਦੇ 'ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਈ ਮੀਟਿੰਗਾਂ ਕਰਕੇ ਵਿਚਾਰਾਂ ਕੀਤੀਆਂ ਹਨ। ਸੂਬਾ ਸਰਕਾਰ ਨੇ ਭਾਰਤ ਸਰਕਾਰ ਨੂੰ ਦੱਸ ਦਿੱਤਾ ਹੈ ਕਿ ਸੁਪਰੀਮ ਕੋਰਟ 'ਚ ਟ੍ਰਿਬਿਊਨਲ ਸਥਾਪਤ ਕਰਨ ਦੀ ਮੰਗ ਨੂੰ ਲੈ ਕੇ ਵੱਖਰੀ ਪਟੀਸ਼ਨ ਦਾਖ਼ਲ ਕਰ ਦਿੱਤੀ ਗਈ ਹੈ। ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੀ ਅਗਵਾਈ ਹੇਠ ਅਧਿਕਾਰੀਆਂ ਦੀ ਟੀਮ ਪਹਿਲਾਂ ਹੀ ਦਿੱਲੀ 'ਚ ਕਾਨੂੰਨੀ ਪੱਖਾਂ 'ਤੇ ਵਿਚਾਰ ਵਟਾਂਦਰਾ ਕਰ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਬੁੱਧਵਾਰ ਸ਼ਾਮੀਂ ਦਿੱਲੀ ਪਹੁੰਚ ਗਏਜਿਥੇ ਉਨ੍ਹਾਂ ਨੂੰ ਸੁਪਰੀਮ ਕੋਰਟ 'ਚ ਰੱਖੇ ਜਾਣ ਵਾਲੇ ਪੱਖਾਂ ਤੋਂ ਜਾਣੂ ਕਰਵਾਇਆ ਗਿਆ। ਪੰਜਾਬ ਵੱਲੋਂ ਇਹ ਦਲੀਲ ਦਿੱਤੀ ਜਾਵੇਗੀ ਕਿ ਪਾਣੀ 17.17 ਐਮਏਐਫ ਤੋਂ ਘੱਟ ਕੇ 13.38 ਐਮਏਐਫ 'ਤੇ ਪਹੁੰਚ ਗਿਆ ਹੈ ਅਤੇ ਪਾਣੀ ਦੇ

ਬਾਕੀ ਸਫ਼ਾ 32 'ਤੇ



ਕੇਂਦਰੀ ਮੰਤਰੀ ਨਿਤਿਨ ਗਡਕਰੀ ਅਤੇ ਚੌਧਰੀ ਬੀਰੇਂਦਰ ਸਿੰਘ ਨਵੀਂ ਦਿੱਲੀ ਵਿੱਚ ਐਸਵਾਈਐਲ ਬਾਰੇ ਮੀਟਿੰਗ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਹੋਰਾਂ ਨਾਲ ਗੱਲਬਾਤ ਕਰਦੇ ਹੋਏ।

# ਪਿੰਡ ਸੱਦਾ 'ਚ ਗੁਰਦੁਆਰੇ ਦੀ ਪ੍ਰਧਾਨਗੀ ਨੂੰ ਲੈ ਕੇ ਚੱਲੀਆਂ ਡਾਂਗਾਂ; 7 ਜਣੇ ਜ਼ਖ਼ਮੀ, ਪੱਗਾਂ ਲੱਥੀਆਂ

**ਮੋਗਾ/ਬਿਊਰੋ ਨਿਊਜ਼ :** ਪਿੰਡ ਸੱਦਾ ਸਿੰਘ ਵਾਲਾ ਵਿੱਚ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਸਬੰਧਤ ਗੁਰਦੁਆਰਾ ਮੰਜੀ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਾ ਢਾਈ ਮਹੀਨੇ ਤੋਂ ਚੱਲ ਰਿਹਾ ਰੇੜਕਾ ਖ਼ੂਨੀ ਰੂਪ ਧਾਰ ਗਿਆ। 2 ਧਿਰਾਂ ਦਰਮਿਆਨ ਹੋਈ ਝੜਪ ਵਿਚ ਪੱਗਾਂ ਲੱਥ ਗਈਆਂ। ਇਸ ਝੜਪ ਵਿਚ ਇੱਕ ਔਰਤ ਸਮੇਤ 7 ਜਣੇ ਜ਼ਖ਼ਮੀ ਹੋਏ ਹਨ। ਉਹ ਸਥਾਨਕ ਸਿਵਲ ਹਸਪਤਾਲ ਵਿੱਚ ਦਾਖ਼ਲ ਹਨ। ਗੁਰਦੁਆਰੇ ਦੀ ਪ੍ਰਧਾਨਗੀ ਨੂੰ ਲੈ ਕੇ ਦੋ ਧੜਿਆਂ ਵਿੱਚ ਤਕਰੀਬਨ ਢਾਈ ਮਹੀਨੇ ਤੋਂ ਟਕਰਾਅ ਚੱਲ ਰਿਹਾ ਹੈ। 23 ਜੁਲਾਈ ਨੂੰ ਦੋਵੇਂ ਧਿਰਾਂ ਨੇ ਗੁਰਦੁਆਰੇ ਦੀ ਗੋਲਕ ਨੂੰ ਜਿੰਦਰਾ ਲਾ ਦਿੱਤਾ ਸੀ। ਇਸ ਮਸਲੇ ਦੇ ਹੱਲ ਲਈ ਕਾਂਗਰਸੀ ਹਲਕਾ ਵਿਧਾਇਕ ਡਾ. ਹਰਜੋਤ ਕਮਲ ਸਿੰਘ ਗੁਰਦੁਆਰੇ ਪਹੁੰਚੇ। ਇਸ ਮੌਕੇ ਡੀਐਸਪੀ ਸਿਟੀ ਗੋਬਿੰਦਰ ਸਿੰਘ ਵੀ ਮੌਜੂਦ ਸਨ। ਵਿਧਾਇਕ ਨੇ ਦੋਵਾਂ ਧਿਰਾਂ ਦਾ ਪੱਖ ਸੁਣਿਆ ਅਤੇ ਉਨ੍ਹਾਂ ਨਾਲ 12 ਸਤੰਬਰ ਨੂੰ 3 ਵਜੇ ਮੁੜ ਗੁਰਦੁਆਰੇ ਵਿਚ ਮੀਟਿੰਗ ਕਰਨ ਦਾ ਸਮਾਂ ਰੱਖ ਲਿਆ। ਵਿਧਾਇਕ ਅਜੇ ਗੁਰਦੁਆਰੇ ਵਿਚੋਂ ਬਾਹਰ ਹੀ ਨਿਕਲਿਆ ਸੀ ਕਿ ਦੋਵਾਂ ਧਿਰਾਂ

ਬਾਕੀ ਸਫ਼ਾ 32 'ਤੇ



ਪਿੰਡ ਸੱਦਾ ਸਿੰਘ ਵਾਲਾ ਵਿੱਚ ਗੁਰਦੁਆਰੇ ਦੀ ਪ੍ਰਧਾਨਗੀ ਲਈ ਹੋਈ ਝੜਪ ਦੀ ਤਸਵੀਰ।

### ਖ਼ੂਨੀ ਝੜੱਪ ਦੂਰਾਨ 35 ਖ਼ਿਲਾਫ਼ ਕੇਸ ਦਰਜ

ਗੁਰਦੁਆਰਾ ਮੰਜੀ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਨੂੰ ਲੈ ਕੇ ਅਕਾਲੀ-ਕਾਂਗਰਸ ਪੱਖੀ ਧਿਰਾਂ ਵਿਚ ਹੋਈ ਖ਼ੂਨੀ ਝੜੱਪ ਸਬੰਧੀ ਥਾਣਾ ਸਦਰ ਪੁਲੀਸ ਨੇ 35 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਪਰਵਾਸੀ ਪੰਜਾਬੀ ਅਤੇ ਅਕਾਲੀ ਤੇ ਕਾਂਗਰਸ ਗੁੱਟ ਵੱਲੋਂ ਥਾਪੇ ਪ੍ਰਧਾਨਾਂ ਤੋਂ ਇਲਾਵਾ ਪਿੰਡ ਦੀ ਮਹਿਲਾ ਸਰਪੰਚ ਦਾ ਪੁੱਤ ਸ਼ਾਮਲ ਹਨ। ਡੀਐਸਪੀ ਸਿਟੀ ਗੋਬਿੰਦਰ ਸਿੰਘ ਨੇ ਕਿਹਾ ਕਿ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਬਲਵੰਤ ਸਿੰਘ ਪਿੰਡ ਸੱਦਾ ਸਿੰਘ ਵਾਲਾ ਅਤੇ ਦੂਜੀ ਧਿਰ ਦੇ ਚੰਦ ਸਿੰਘ ਦੇ ਬਿਆਨਾਂ ਉੱਤੇ 35 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਵਿੱਚ ਗੁਰਭੇਜ ਸਿੰਘ, ਰੇਸ਼ਮ ਸਿੰਘ, ਗੁਰਤੇਜ ਸਿੰਘ, ਰਜਿੰਦਰ ਸਿੰਘ, ਗੁਰਮੇਲ ਸਿੰਘ, ਲਵਪ੍ਰੀਤ ਸਿੰਘ, ਬਲਜੀਤ ਸਿੰਘ, ਜਸਵੀਰ ਸਿੰਘ, ਸੁਖਚੈਨ ਸਿੰਘ, ਰਘਵੀਰ ਸਿੰਘ, ਚੰਦ ਸਿੰਘ, ਰਣਜੋਤ ਸਿੰਘ, ਸੋਬਾ ਸਿੰਘ, ਮੇਜਰ ਸਿੰਘ, ਸਰਬਜੀਤ ਸਿੰਘ, ਜੱਗਾ ਸਿੰਘ, ਇੰਦਰਜੀਤ ਸਿੰਘ ਅਤੇ ਸਵਿੰਦਰ ਸਿੰਘ ਸਾਰੇ ਵਾਸੀ ਪਿੰਡ ਸੱਦਾ ਸਿੰਘ ਵਾਲਾ ਅਤੇ ਦੂਜੀ ਧਿਰ ਦੇ ਸ਼ਰਨਜੀਤ ਸਿੰਘ, ਗੁਰਪ੍ਰੀਤ ਸਿੰਘ, ਸਿੰਗਾਰਾ ਸਿੰਘ, ਪ੍ਰੀਤਮ ਸਿੰਘ, ਬਲਰਾਜ ਸਿੰਘ, ਸੁਖਜਿੰਦਰ ਸਿੰਘ, ਗੋਪਾਲ ਸਿੰਘ ਉਰਫ਼ ਕਾਲਾ, ਗੁਰਮੁੱਖ ਸਿੰਘ, ਚਮਕੌਰ ਸਿੰਘ ਉਰਫ਼ ਕੌਰੀ, ਗੁਲਵੰਤ ਸਿੰਘ, ਬਲਵੰਤ ਸਿੰਘ ਉਰਫ਼ ਬੰਤਾ ਤੋਂ ਇਲਾਵਾ 5/6 ਅਣਪਛਾਤੇ ਵਿਅਕਤੀ ਸ਼ਾਮਲ ਹਨ। ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਨੂੰ ਲੈ ਕੇ ਤਕਰੀਬਨ 3 ਮਹੀਨੇ ਤੋਂ ਅਕਾਲੀ ਤੇ ਕਾਂਗਰਸ ਪਾਰਟੀ ਨਾਲ ਜੁੜੇ ਪਿੰਡ ਦੇ ਦੋ ਧੜਿਆਂ ਵਿਚ ਟਕਰਾਅ ਚੱਲਦਾ ਆ ਰਿਹਾ ਹੈ।

# ਗੁਰਗੱਦੀ ਦਿਵਸ ’ਤੇ ਵੀ ਕਿੜਾਂ ਕੱਢਦੇ ਰਹੇ ਸਿਆਸੀ ਆਗੂ

## ਕਾਂਗਰਸ ਨੇ ਅਕਾਲੀ-ਭਾਜਪਾ ਸਰਕਾਰ ਸਮੇਂ ਗਰਾਂਟਾਂ ’ਚ ਬੇਨਿਯਮੀਆਂ ਹੋਣ ਦਾ ਦੋਸ਼ ਲਾਇਆ


ਕਾਂਗਰਸ ਦੀ ਕਾਨਫ਼ਰੰਸ ਦੌਰਾਨ ਵਿਧਾਇਕ ਰਮਨਜੀਤ ਸਿੰਘ ਸਿੱਕੀ।


ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ।


ਕਾਨਫ਼ਰੰਸ ਦੌਰਾਨ ਸਟੇਜ ’ਤੇ ਬੈਠੇ ‘ਆਪ’ ਆਗੂ।

### ਸੁਖਬੀਰ ਬੋਲੇ- ਖਾਲੀ ਖਜ਼ਾਨੇ ਨੇ ਵਿਕਾਸ ਕਰਾਜ ਰੋਕੇ

### ‘ਆਪ’ ਨੇ ਕਾਂਗਰਸ ਤੇ ਅਕਾਲੀਆਂ ਦੋਹਾਂ ਨੂੰ ਕੋਸਿਆ

### ਅਕਾਲੀ ਦਲ ਮਾਨ ਨੇ ਕਿਸਾਨਾਂ ਦਾ ਕਰਜ਼ਾ ਮੁਆਫ਼ ਨਾ ਕਰਨ ਦੀ ਕੀਤੀ ਨਿਖੇਧੀ

**ਖਡੂਰ ਸਾਹਿਬ/ ਤਾਰਨ ਤਾਰਨ/ਬਿਊਰੋ ਨਿਊਜ਼ :** ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ ਮੌਕੇ ਗੁਰਦੁਆਰਾ ਖਡੂਰ ਸਾਹਿਬ ਵਿੱਚ ਵੱਡੀ ਗਿਣਤੀ ਸੰਗਤ ਨੇ ਮੱਥਾ ਟੇਕਿਆ। ਇਸ ਮੌਕੇ ਹਾਕਮ ਧਿਰ ਕਾਂਗਰਸ ਤੋਂ ਇਲਾਵਾ ਅਲਾਕੀ ਦਲ, ਆਮ ਆਦਮੀ ਪਾਰਟੀ, ਅਕਾਲੀ ਦਲ (ਅ) ਅਤੇ ਸੀ.ਪੀ. ਆਈ. ਨੇ ਸਿਆਸੀ ਕਾਨਫ਼ਰੰਸਾਂ ਕੀਤੀਆਂ। ਕਾਂਗਰਸ ਦੀ ਕਾਨਫ਼ਰੰਸ ਵਿੱਚ ਹਲਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਸਰਕਾਰ ਦੀ ਕਾਰਗੁਜ਼ਾਰੀ ਦੀ ਰੱਜ ਕੇ ਸ਼ਲਾਘਾ ਕੀਤੀ, ਜਦੋਂ ਕਿ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਰੱਜ ਕੇ ਭੰਡਿਆ।

ਕਾਂਗਰਸ ਦੀ ਕਾਨਫ਼ਰੰਸ ਵਿੱਚ ਸ੍ਰੀ ਸਿੱਕੀ ਹੀ ਮੁੱਖ ਆਗੂ ਵਜੋਂ ਸ਼ਾਮਲ ਹੋਏ, ਜਦੋਂ ਕਿ ਅਕਾਲੀ ਦਲ ਦੀ ਕਾਨਫ਼ਰੰਸ ਨੂੰ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਸੰਬੋਧਨ ਕੀਤਾ। ਆਮ ਆਦਮੀ ਪਾਰਟੀ ਵੱਲੋਂ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਸਮੇਤ ਕਈ ਆਗੂਆਂ ਨੇ ਕਾਨਫ਼ਰੰਸ ਨੂੰ ਸੰਬੋਧਨ ਕੀਤਾ। ਸ੍ਰੀ ਸਿੱਕੀ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਪਿੰਡਾਂ ਨੂੰ ਜਾਰੀ ਹੋਈਆਂ ਗਰਾਂਟਾਂ ਵਿੱਚ ਵੱਡੇ ਪੱਧਰ ’ਤੇ ਬੇਨਿਯਮੀਆਂ ਹੋਣ ਦਾ ਦੋਸ਼ ਲਾਉਂਦਿਆਂ ਆਖਿਆ ਕਿ ਇਸ ਸਬੰਧੀ ਬਾਰੀਕੀ ਨਾਲ ਜਾਂਚ ਕਰਵਾਈ ਜਾ ਰਹੀ ਹੈ ਤੇ ਘਪਲੇਬਾਜ਼ਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਖ਼ੁਦ ਨੂੰ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਭੁਲੱਥ ਦਾ ਇੰਚਾਰਜ ਬਣਾਏ ਜਾਣ ਸਬੰਧੀ ਕਿਹਾ ਕਿ ਉਹ ਖਡੂਰ ਸਾਹਿਬ ਹਲਕੇ ਦੀ ਹੀ ਨੁਮਾਇੰਦਗੀ ਕਰਦੇ ਰਹਿਣਗੇ। ਕਾਨਫ਼ਰੰਸ ਵਿੱਚ ਪਾਰਟੀ ਦੇ ਕਿਸੇ ਹੋਰ ਸੀਨੀਅਰ ਆਗੂ ਦੇ ਨਾ ਪੁੱਜਣ ਕਾਰਨ ਪਾਰਟੀ ਵਰਕਰ ਨਿਰਾਸ਼ ਹੋਏ।

ਉਧਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਸਰਕਾਰ ਦੀਆਂ ਗ਼ਲਤ ਨੀਤੀਆਂ ਕਰ ਕੇ ਹੀ ਗ਼ਰੀਬ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਹਨ ਤੇ ਖ਼ਜ਼ਾਨਾ ਖਾਲੀ ਹੋਣ ਕਰ ਕੇ ਵਿਕਾਸ ਕਾਰਜ ਬੰਦ ਹਨ। ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਵੀ ਪੈਸੇ ਨਹੀਂ ਹਨ। ਕਾਂਗਰਸ ਸਰਕਾਰ ਤੋਂ ਲੋਕਾਂ ਦਾ ਭਰੋਸਾ ਖ਼ਤਮ ਹੋ ਗਿਆ ਹੈ। ਇਸ ਮੌਕੇ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਰਵਿੰਦਰ ਸਿੰਘ ਬ੍ਰਹਮਪੁਰਾ, ਵਿਰਸਾ ਸਿੰਘ ਵਲਟੋਹਾ, ਵੀਰ ਸਿੰਘ ਲੋਪੋਕੇ, ਮਲਕੀਤ ਸਿੰਘ ਏ.ਆਰ. ਨੇ ਵੀਸੰਬੋਧਨ ਕੀਤਾ. ਸ੍ਰੀ ਵਲਟੋਹਾ ਨੇ ਇਕ ਟੀ.ਵੀ. ਚੈਨਲ ਦਾ ਨਾਂ ਲੈ ਕੇ ਉਸ ਦੇ ਮਾਲਕਾਂ ਸਮੇਤ ਹੋਰਨਾਂ ਅਧਿਕਾਰੀਆਂ ਨੂੰ ਸਿੱਖਾਂ ਵਿੱਚ ਕਥਿਤ ਤੌਰ ’ਤੇ ਵੰਡੀਆਂ ਪਾਉਣ ਖ਼ਿਲਾਫ਼ ਚੇਤਾਵਨੀ ਦਿੱਤੀ।

‘ਆਪ’ ਦੀ ਕਾਨਫ਼ਰੰਸ ਵਿੱਚ ਭਗਵੰਤ ਮਾਨ ਨੇ ਕਾਂਗਰਸ ਅਤੇ ਅਕਾਲੀ ਦਲ ਦੋਵਾਂ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅੱਜ ਵੀ ਸੂਬੇ ਵਿੱਚ ਨਸ਼ੇ ਪਿਛਲੀ ਸਰਕਾਰ ਵਾਂਗ ਚੱਲ ਰਹੇ ਹਨ ਅਤੇ ਕਿਸਾਨ ਖ਼ੁਦਕੁਸ਼ੀਆਂ ਵੀ ਜਾਰੀ ਹਨ। ਕੈਪਟਨ ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ ਕੁਝ ਵੀ ਕਰਨ ਦੀ ਲੋੜ ਨਹੀਂ ਸਮਝੀ, ਇਸ ਲਈ ਹਾਲੇ ਤੱਕ ਕੋਈ ਖੇਤੀ ਮੰਤਰੀ ਨਹੀਂ ਬਣਾਇਆ ਗਿਆ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਗ਼ੈਰ-ਜ਼ਿੰਮੇਵਾਰ ਮੁੱਖ ਮੰਤਰੀ ਆਖਦਿਆਂ ਕਿਹਾ ਕਿ ਉਹ ਪਿਛਲੇ ਛੇ ਮਹੀਨਿਆਂ ਵਿੱਚ ਸੂਬੇ ਅੰਦਰ ਕੇਵਲ ਛੇ ਵਾਰ ਹੀ ਆਏ ਹਨ। ਸ੍ਰੀ ਮਾਨ ਨੇ ਕਿਹਾ ਕਿ ਉਹ ਸੰਸਦ ਵਿੱਚ ਇਸ ਇਲਾਕੇ ਦੇ ਮੰਡ ਖੇਤਰ ਦੇ ਕਿਸਾਨਾਂ ਅਤੇ ਹੋਰ ਲੋਕਾਂ ਦੀਆਂ ਮੁਸ਼ਕਲਾਂ ਰੱਖਣਗੇ। ਕਾਨਫ਼ਰੰਸ ਨੂੰ ਸੁਖਪਾਲ ਸਿੰਘ ਖਹਿਰਾ, ਭੁਪਿੰਦਰ ਸਿੰਘ ਬਿੱਟੂ, ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਸਿੱਧੂ, ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ ਅਤੇ ਕੁਲਦੀਪ ਸਿੰਘ ਧਾਲੀਵਾਲ ਨੇ ਸੰਬੋਧਨ ਕੀਤਾ।

ਅਕਾਲੀ ਦਲ (ਅ) ਦੇ ਆਗੂ ਸਿਮਰਨਜੀਤ ਸਿੰਘ ਮਾਨ ਨੇ ਪਾਰਟੀ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਸਰਕਾਰ ਵੱਲੋਂ ਕਿਸਾਨਾਂ ਦਾ ਕਰਜ਼ਾ ਮੁਆਫ਼ ਨਾ ਕਰਨ ਦੀ ਨਿਖੇਧੀ ਕੀਤੀ ਅਤੇ ਸੂਬੇ ਦੇ ਸਕੂਲਾਂ-ਕਾਲਜਾਂ, ਸਿਹਤ ਕੇਂਦਰਾਂ ਦੀ ਮਾੜੀ ਹਾਲਤ ਪ੍ਰਤੀ ਦੁੱਖ ਪ੍ਰਗਟਾਇਆ। ਸੀਪੀਆਈ ਦੀ ਕਾਨਫ਼ਰੰਸ ਨੂੰ ਪਾਰਟੀ ਦੇ ਸੂਬਾ ਕਾਰਜਕਾਰਨੀ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸੰਬੋਧਨ ਕਰਦਿਆਂ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਨੀਤੀਆਂ ਨੂੰ ਲੋਕ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਨੀਤੀਆਂ ਕਰ ਕੇ ਹੀ ਦੇਸ਼ ਅੰਦਰ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ ਜਿਹੀਆਂ ਅਲਾਮਤਾਂ ਦਾ ਪਸਾਰਾ ਹੋਇਆ ਹੈ। ਪਾਰਟੀ ਦੀ ਕਾਨਫ਼ਰੰਸ ਨੂੰ ਤਾਰਾ ਸਿੰਘ ਖਹਿਰਾ, ਦਵਿੰਦਰ ਸੋਹਲ ਅਤੇ ਰਵਿੰਦਰ ਕੌਰ ਖਡੂਰ ਸਾਹਿਬ ਨੇ ਵੀ ਸੰਬੋਧਨ ਕੀਤਾ। ਇਸ ਦੌਰਾਨ ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਦੀ ਅਗਵਾਈ ਵਿੱਚ ਦੀਵਾਨ ਵੀ ਸਜਾਏ ਗਏ ਤੇ ਉਨ੍ਹਾਂ ਵੱਲੋਂ ਸੰਗਤ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ।

## ਬਲਜੀਤ ਸਿੰਘ ਦਾਦੂਵਾਲ ਨੇ ਬਡੂੰਗਰ ਨੂੰ ਦਿੱਤੀ ਖੁੱਲ੍ਹੀ ਬਹਿਸ ਦੀ ਚੁਣੌਤੀ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** 13 ਸਤੰਬਰ ਨੂੰ ਸਰਾਂ ਪੱਤਣ ਵਿੱਚ 1982 ਵਿਚ ਸ਼ਹੀਦ ਹੋਏ 34 ਸਿੰਘਾਂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਕਰਵਾਉਣ ਦਾ ਐਲਾਨ ਕਰਨ ਮਗਰੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਮੱਥਾ ਟੇਕਣ ਪੁੱਜੇ ਬਲਜੀਤ ਸਿੰਘ ਦਾਦੂਵਾਲ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਉਨ੍ਹਾਂ ਨੂੰ ਕਾਂਗਰਸ ਦਾ ਏਜੰਟ ਦੱਸੇ ਜਾਣ ਦੇ ਮਾਮਲੇ ਵਿੱਚ ਜਵਾਬ ਪ੍ਰੋ. ਬਡੂੰਗਰ ਨੂੰ ਬਹਿਸ ਕਰਨ ਦੀ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਉਹ



1998 ਤੋਂ ਲਗਾਤਾਰ ਡੇਰਾ ਸਿਰਸਾ ਮੁਖੀ ਦੀਆਂ ਸਿੱਖ ਵਿਰੋਧੀ ਗਤੀਵਿਧੀਆਂ ਖ਼ਿਲਾਫ਼ ਲੜਾਈ ਲੜਦੇ ਆ ਰਹੇ ਹਨ ਤੇ ਦੂਸਰੇ ਪਾਸੇ ਬਾਦਲ ਸਰਕਾਰ ਦੀ ਸਰਪ੍ਰਸਤੀ ਹੇਠ ਲੰਮਾਂ ਸਮਾਂ ਨਾਮ ਚਰਚਾ ਹੁੰਦੀ ਰਹੀ ਹੈ। ਇਸ ਸਬੰਧੀ ਪੁੱਛੇ ਜਾਣ ’ਤੇ ਪ੍ਰ. ਬਡੂੰਗਰ ਨੇ ਕਿਹਾ ਕਿ ਜਿੱਥੋਂ ਤੱਕ ਦਾਦੂਵਾਲ ਨਾਲ ਬਹਿਸ ਦਾ ਸੁਆਲ ਹੈ ਤਾਂ ਉਸ ਦਾ ਕੱਦ ਇੱਕ ਸ਼੍ਰੋਮਣੀ ਕਮੇਟੀ ਮੈਂਬਰ ਨਾਲੋਂ ਵੀ ਨਿਗੂਣਾ ਹੈ ਕਿਉਂਕਿ ਇੱਕ ਮੈਂਬਰ ਵੀ ਡੇਢ ਲੱਖ ਤੋਂ ਵੱਧ ਸਿੱਖਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਲਈ ਉਹ ਜਿੱਥੇ ਵੀ ਚਾਹੇ ਕਿਸੇ ਵੀ ਮੈਂਬਰ ਨਾਲ ਬਹਿਸ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਦਾਦੂਵਾਲ ਦੇ ਵਿਹਾਰ ਤੋਂ ਸਪਸ਼ਟ ਹੋ ਗਿਆ ਹੈ ਕਿ ਉਹ 34 ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਦੇਣ ਨਹੀਂ ਸਗੋਂ ਸਸਤੀ ਤੇ ਫੋਕੀ ਸ਼ੋਹਰਤ ਲਈ ਇਹ ਅਡੰਬਰ ਰਚ ਰਹੇ ਹਨ।

## ਕੁਲਦੀਪ ਨਈਅਰ ਦਾ ਸਨਮਾਨ ਵਾਪਸ ਲਿਆ ਜਾਵੇ : ਗਿਆਨੀ ਹਰਨਾਮ ਸਿੰਘ ਖ਼ਾਲਸਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਮਦਮੀ ਟਕਸਾਲ ਨੇ ਉੱਘੇ ਕਾਲਮਨਵੀਸ ਕੁਲਦੀਪ ਨਈਅਰ ਪ੍ਰਤੀ ਸਖ਼ਤ ਰੁਖ਼ ਅਪਣਾਉਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਸ ਨੂੰ ਦਿੱਤਾ ਹੋਇਆ ਸਨਮਾਨ ਵਾਪਸ ਲੈਣ ਦੀ ਅਪੀਲ ਕੀਤੀ ਹੈ। ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਸ੍ਰੀ ਨਈਅਰ ਵੱਲੋਂ ਸਿੱਖ ਕੌਮ ਦੇ ਸ਼ਹੀਦਾਂ ਪ੍ਰਤੀ ਗਲਤ ਟਿੱਪਣੀਆਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ ਹਨ। ਸਿੱਖ ਭਾਵਨਾਵਾਂ ਅਤੇ ਧਾਰਮਿਕ ਵਿਸ਼ਵਾਸ ਨੂੰ ਵੱਡੀ ਸੱਟ ਮਾਰਨ ਕਾਰਨ ਉਹ ਕਿਸੇ ਵੀ ਸਿੱਖ ਸੰਸਥਾ ਤੋਂ ਸਨਮਾਨ ਦੇ ਹੱਕਦਾਰ ਨਹੀਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ 3 ਜੁਲਾਈ 2006 ਨੂੰ ਸ੍ਰੀ ਅਕਾਲ ਤਖ਼ਤ ਦੇ 400 ਸਾਲਾ ਸਥਾਪਨਾ ਦਿਵਸ ਮੌਕੇ ਸ੍ਰੀ ਨਈਅਰ ਨੂੰ ਦਿੱਤਾ ਗਿਆ ਸਨਮਾਨ ਵਾਪਸ ਲੈਣ ਲਈ ਉਚਿਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਸ੍ਰੀ ਨਈਅਰ ਨੇ ਸੰਤ ਭਿੰਡਰਾਂਵਾਲਿਆਂ ਦੀ ਤੁਲਨਾ ਡੇਰਾ ਸਿਰਸਾ ਦੇ ਮੁਖੀ ਨਾਲ ਕੀਤੀ ਹੈ। ਇਸ ਨਾਲ ਸਿੱਖ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚੀ ਹੈ।

## ਮੇਘਾਲਿਆ ’ਚ ਸਿੱਖਾਂ ਦੇ ਵਿਆਹਾਂ ਦੀ ਤਸਦੀਕ ਅਨੰਦ ਮੈਰਿਜ ਐਕਟ ਤਹਿਤ ਹੋਵੇਗੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੰਜਾਬ ਤੋਂ ਬਾਅਦ ਹੁਣ ਮੇਘਾਲਿਆ ਸਰਕਾਰ ਵੱਲੋਂ ਵੀ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਸੂਬੇ ਵਿੱਚ ਰਹਿੰਦੇ ਸਿੱਖਾਂ ਦੇ ਵਿਆਹਾਂ ਦੀ ਤਸਦੀਕ ਅਨੰਦ ਮੈਰਿਜ ਐਕਟ ਤਹਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧ ਵਿੱਚ ਮੇਘਾਲਿਆ ਸਰਕਾਰ ਦੇ ਕਰ ਤੇ ਆਬਕਾਰੀ, ਰਜਿਸਟਰੇਸ਼ਨ ਵਿਭਾਗਾਂ ਦੇ ਅਧੀਨ ਸਕੱਤਰ ਨੇ ਦਿੱਲੀ ਤੋਂ ਅਕਾਲੀ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੂੰ ਜਾਣਕਾਰੀ ਭੇਜੀ ਹੈ। ਅਧੀਨ ਸਕੱਤਰ ਬੀ. ਸੀਮਲੀਹ ਵੱਲੋਂ 30 ਅਗਸਤ ਨੂੰ ਭੇਜੇ ਇਸ ਪੱਤਰ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਮੇਘਾਲਿਆ ਸਰਕਾਰ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਅਤੇ ਹੁਣ ਉਥੇ ਸਿੱਖਾਂ ਦੇ ਵਿਆਹ ਅਨੰਦ ਮੈਰਿਜ ਐਕਟ ਹੇਠ ਦਰਜ ਕੀਤੇ ਜਾਣਗੇ। ਇਸ ਸਬੰਧੀ ਕੁਝ ਸਮਾਂ ਪਹਿਲਾਂ ਦਿੱਲੀ ਕਮੇਟੀ ਦੇ ਜਨਰਲ ਸਕੱਤਰ ਅਤੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਤੇ ਹੋਰ ਆਗੂਆਂ ਵੱਲੋਂ ਮੇਘਾਲਿਆ ਦੇ ਮੁੱਖ ਮੰਤਰੀ ਮੁਕੁਲ ਸੰਗਮਾ ਨਾਲ ਮੁਲਾਕਾਤ ਕੀਤੀ ਗਈ ਸੀ। ਉਹ ਇਸ ਸਬੰਧ ਵਿੱਚ ਸ਼ਿਲਾਂਗ ਵੀ ਹੋ ਕੇ ਆਏ ਹਨ। ਸ਼ਿਲਾਂਗ ਦੇ ਸਿਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਤੇ ਸਿੱਖ ਆਗੂ ਗੁਰਜੀਤ ਸਿੰਘ ਨੇ ਦੱਸਿਆ ਕਿ ਸ਼ਿਲਾਂਗ ਵਿਚ ਸਿੱਖਾਂ ਦੀ ਆਬਾਦੀ ਲਗਭਗ 10 ਹਜ਼ਾਰ ਹੈ ਅਤੇ ਵਧੇਰੇ ਸਿੱਖ ਟਰਾਂਸਪੋਰਟ ਕਾਰੋਬਾਰੀ ਹਨ। ਸ਼ਿਲਾਂਗ ਵਿੱਚ ਤਿੰਨ ਪ੍ਰਮੁੱਖ ਗੁਰਦੁਆਰੇ ਹਨ, ਜਿਨ੍ਹਾਂ ਵਿੱਚੋਂ ਸਿਟੀ ਗੁਰਦੁਆਰੇ ਨਾਲ ਮਿਡਲ ਸਕੂਲ ਵੀ ਚੱਲ ਰਿਹਾ ਹੈ। ਮੇਘਾਲਿਆ ਵਿੱਚ ਅਨੰਦ ਮੈਰਿਜ ਐਕਟ ਲਾਗੂ ਹੋਣ ’ਤੇ ਸਿੱਖ ਪ੍ਰਤੀਨਿਧੀ ਬੋਰਡ ਪੂਰਬੀ ਜ਼ੋਨ ਧੁਬੜੀ ਸਾਹਿਬ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਨੇ ਇਸ ਦੀ ਸ਼ਲਾਘਾ ਕੀਤੀ ਹੈ। ਵਿਧਾਇਕ ਸ੍ਰੀ ਸਿਰਸਾ ਨੇ ਦੱਸਿਆ ਕਿ ਮੇਘਾਲਿਆ ਵਿੱਚ ਅਨੰਦ ਮੈਰਿਜ ਐਕਟ ਲਾਗੂ ਹੋਣ ਤੋਂ ਬਾਅਦ ਹੁਣ ਤੱਕ ਇਹ ਐਕਟ ਚਾਰ ਸੂਬਿਆਂ ਵਿੱਚ ਲਾਗੂ ਹੋ ਚੁੱਕਾ ਹੈ। ਪੰਜਾਬ ਵਿੱਚ 20 ਦਸੰਬਰ 2016 ਨੂੰ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਹਰਿਆਣਾ ਅਤੇ ਝਾਰਖੰਡ ਸੂਬੇ ਵਿੱਚ ਵੀ ਇਹ ਐਕਟ ਲਾਗੂ ਹੋ ਚੁੱਕਾ ਹੈ। ਇਸ ਸਬੰਧ ਵਿੱਚ ਬਿਹਾਰ ਸਰਕਾਰ ਅਤੇ ਆਸਾਮ ਸਰਕਾਰ ਨਾਲ ਇਸ ਐਕਟ ਨੂੰ ਲਾਗੂ ਕਰਨ ਬਾਰੇ ਗੱਲਬਾਤ ਜਾਰੀ ਹੈ ਅਤੇ ਦਿੱਲੀ ਵਿੱਚ ਵੀ ਇਹ ਐਕਟ ਲਾਗੂ ਹੋਣ ਵਾਲਾ ਹੈ।

## ਲੰਡਨ : ਕੈਪਟਨ ਅਮਰਿੰਦਰ ਸਿੰਘ ਨੇ ਪਰਵਾਸੀ ਪੰਜਾਬੀਆਂ ਨੂੰ ਦਿੱਤਾ ਨਿਵੇਸ਼ ਦਾ ਸੱਦਾ

**ਲੰਡਨ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਸੂਬੇ ਵਿਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਭਰੋਸਾ ਦਿੱਤਾ ਕਿ ਨਿਵੇਸ਼ ਲਈ ਹਫ਼ਤੇ ਵਿਚ ਲੋੜੀਂਦੀਆਂ ਪ੍ਰਵਾਨਗੀਆਂ ਦੇਣ ਦੇ ਨਾਲ ਨਾਲ ਦਿੱਕਤ ਰਹਿਤ ਵਪਾਰਕ ਮਾਹੌਲ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਸਰਕਾਰ ਸਹਿਯੋਗ ਦੇਵੇਗੀ।

ਲੰਡਨ ਵਿਚ ਮੇਅਫੇਅਰ ਹੋਟਲ ਵਿਚ ਇਸ਼ਤਿਹਾਰਬਾਜ਼ੀ ਖੇਤਰ ਦੀ ਪ੍ਰਸਿੱਧ ਹਸਤੀ ਸੁਹੇਲ ਸੇਠ ਤੇ ਕੈਪਟਨ ਦੀ ਜੀਵਨੀ ਲਿਖਣ ਵਾਲੇ ਖ਼ੁਸ਼ਵੰਤ ਸਿੰਘ ਨਾਲ ਵਿਚਾਰ ਚਰਚਾ ਸੈਸ਼ਨ ਦੌਰਾਨ ਮੁੱਖ ਮੰਤਰੀ ਨੇ ਸਤਲੁਜ ਯਮੁਨਾ ਲਿੰਕ ਨਹਿਰ ਸਮੇਤ ਕਈ ਵਿਸ਼ਿਆਂ ’ਤੇ ਵਿਚਾਰ ਜ਼ਾਹਰ ਕੀਤੇ। ਉਨ੍ਹਾਂ ਨੇ ਹੋਰਨਾਂ ਸੂਬਿਆਂ ਨੂੰ ਦਿੱਤੇ ਜਾਣ ਵਾਲੇ ਪਾਣੀ ਦੀ ਮਿਕਦਾਰ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਪੰਜਾਬ ਦੇ ਪਾਣੀਆਂ ਦੀ ਉਪਲਬਧਤਾ ਦਾ ਪਤਾ ਲਾਉਣ ਦੀ ਲੋੜ ਦੁਹਰਾਈ। ਮੁੱਖ ਮੰਤਰੀ ਨੇ ਆਖਿਆ ਕਿ ਜਦੋਂ ਪੰਜਾਬ ਕੋਲ ਹੀ ਪੂਰਾ ਪਾਣੀ ਨਹੀਂ ਹੈ ਤਾਂ ਉਹ ਕਿਸੇ ਦੂਜੇ ਸੂਬੇ ਨੂੰ ਪਾਣੀ ਨਹੀਂ ਦੇ ਸਕਦਾ।

ਆਪਣੀ ਅਧਿਕਾਰਤ ਜੀਵਨੀ ‘ਦਿ ਪੀਪਲਜ਼ ਮਹਾਰਾਜ’ ਨੂੰ ਲੰਡਨ ਵਿਚ ਲਾਂਚ ਕਰਨ ਮਗਰੋਂ ਸਵਾਲ ਜਵਾਬ ਦੇ ਸੈਸ਼ਨ ਦੌਰਾਨ ਮੁੱਖ ਮੰਤਰੀ ਨੇ ਸਵਾਲਾਂ ਦੇ ਜਵਾਬ ਦਿੱਤੇ। ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀਆਂ ਪਿਛਲੇ 6 ਮਹੀਨੇ ਦੀਆਂ ਪ੍ਰਾਪਤੀਆਂ ਗਿਣਾਈਆਂ। ਉਨ੍ਹਾਂ ਆਖਿਆ ਕਿ ਭਾਰਤ ਤੇ ਹੋਰਨਾਂ ਮੁਲਕਾਂ ਦੇ ਕਾਰੋਬਾਰੀਆਂ ਨੇ ਸੂਬੇ ਵਿਚ ਨਿਵੇਸ਼ ਕਰਨ ਲਈ ਦਿਲਚਸਪੀ ਦਿਖਾਈ ਹੈ। ਇਸ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਵਾਸਤੇ ਉਨ੍ਹਾਂ ਦੀ ਸਰਕਾਰ ਯਤਨ ਕਰ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਹੁਣ ਪੰਜਾਬ ਦੀ ਆਬੋ-ਹਵਾ ਉਸਾਰੂ ਦਿਸ਼ਾ ਵੱਲ ਵਗਣ ਲੱਗੀ ਹੈ। ਸੂਬੇ ਵਿਚ ਫੈਲੀ ਬੇਰੁਜ਼ਗਾਰੀ ’ਤੇ ਚਿੰਤਾ ਜ਼ਾਹਰ ਕਰਦਿਆਂ ਉਨ੍ਹਾਂ ਆਖਿਆ ਕਿ ਭਾਵੇਂ ਉਨ੍ਹਾਂ ਦੀ ਸਰਕਾਰ ਨੇ ਸੱਤਾ ਵਿਚ ਆਉਣ ਮਗਰੋਂ ਇਸ ਪਾਸੇ ਕਈ ਉਪਰਾਲੇ ਕੀਤੇ ਹਨ ਪਰ ਅਜੇ ਹੋਰ ਕੰਮ ਕਰਨੇ ਬਾਕੀ ਹਨ।

## ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸਮਰਪਿਤ ਗੈਲਰੀ ਦਾ ਉਦਘਾਟਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਨੇ ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ ਤੇ ਵਿਰਸੇ ਨਾਲ ਜੋੜਨ ਲਈ ਸਿੱਖ ਫੌਜੀ ਜਰਨੈਲਾਂ ਸਬੰਧੀ ਸ਼ਹੀਦੀ ਦਿਹਾੜੇ ਮਨਾਉਣ ਦਾ ਐਲਾਨ ਕੀਤਾ ਹੈ। ਇਹ ਐਲਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਇੱਥੇ ਸਾਰਾਗੜ੍ਹੀ ਨਿਵਾਸ ਵਿੱਚ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸਮਰਪਿਤ ਗੈਲਰੀ ਦਾ ਉਦਘਾਟਨ ਕਰਦਿਆਂ ਕੀਤਾ। ਇਸ ਮੌਕੇ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਪਰਿਵਾਰਾਂ ਅਤੇ ਇੰਗਲੈਂਡ ਰਾਇਲ ਆਰਮੀ ਦੇ ਅਧਿਕਾਰੀਆਂ ਦਾ ਸਨਮਾਨ ਕੀਤਾ ਗਿਆ।

12 ਸਤੰਬਰ 1897 ਵਿੱਚ ਹੋਈ ਸਾਰਾਗੜ੍ਹੀ ਜੰਗ ਦੇ 120 ਸਾਲਾ ਯਾਦਗਾਰੀ ਸਮਾਗਮ ਦੇ ਸਬੰਧ ਵਿੱਚ ਇੱਥੇ


ਸ਼੍ਰੋਮਣੀ ਕਮੇਟੀ ਵੱਲੋਂ ਉਸਾਰੇ ਸਾਰਾਗੜ੍ਹੀ ਨਿਵਾਸ ਵਿੱਚ ਬਣਾਈ ਗੈਲਰੀ ਵਿੱਚ 21 ਸਿੱਖ ਸ਼ਹੀਦਾਂ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਹਨ ਅਤੇ ਸਾਰਾਗੜ੍ਹੀ

ਚੌਕੀ ਦਾ ਮਾਡਲ ਰੱਖਿਆ ਗਿਆ ਹੈ। ਸ਼ਹੀਦਾਂ ਦੀਆਂ ਇਹ ਤਸਵੀਰਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਹੁਲੀਏ ਦੇ ਆਧਾਰ ’ਤੇ ਤਿਆਰ ਕੀਤੀਆਂ ਹਨ ਕਿਉਂਕਿ ਇਨ੍ਹਾਂ ਦੀਆਂ ਤਸਵੀਰਾਂ ਉਪਲਬਧ ਨਹੀਂ ਸਨ। ਇਹ ਤਸਵੀਰਾਂ ਤਰੁਣਬੀਰ ਸਿੰਘ ਬੈਨੀਪਾਲ ਤੇ ਜਗਦੀਪ ਸਿੰਘ ਨੇ ਤਿਆਰ ਕੀਤੀਆਂ ਹਨ, ਜਿਨ੍ਹਾਂ ਦਾ ਸ਼੍ਰੋਮਣੀ ਕਮੇਟੀ ਨੇ ਸਨਮਾਨ ਕੀਤਾ। ਇਸ ਮੌਕੇ ਪ੍ਰੋ. ਬਡੂੰਗਰ ਨੇ ਆਖਿਆ ਕਿ 12 ਸਤੰਬਰ ਨੂੰ ਸਾਰਾਗੜ੍ਹੀ ਜੰਗ ਦੀ ਯਾਦ ਵਿੱਚ ਫ਼ਿਰੋਜ਼ਪੁਰ ਦੇ ਗੁਰਦੁਆਰਾ ਜਾਮਨੀ ਸਾਹਿਬ ਬਜੀਦ ਖੁਰਦ ਵਿੱਚ ਵਿਸ਼ੇਸ਼ ਸਮਾਗਮ ਕੀਤਾ ਜਾਵੇਗਾ, ਜਿਸ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ

ਬਾਕੀ ਸਫ਼ਾ 32 ’ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES
13 ਸਤੰਬਰ 2017 ਤੋਂ 19 ਸਤੰਬਰ 2017

# ਘੱਟ ਗਿਣਤੀਆਂ ਨੂੰ ਨਿਗਲ ਰਹੀ ਸੱਤਾ ਦੀ ਭੁੱਖ

## ਸਾਡੇ ਹਿੱਸੇ ਦੀ ਧਰਤੀ ਕਿੱਥੇ ਹੈ ?-ਪੁੱਛ ਰਹੇ ਨੇ ਰੋਹਿੰਗਯਾ ਮੁਸਲਮਾਨ

ਦੁਨੀਆ ਜੰਗ ਦੇ ਮੈਦਾਨ ਵਿਚ ਤਬਦੀਲ ਹੋ ਚੁੱਕੀ ਹੈ। ਧਰਤੀ ਅੰਨ ਦੀ ਥਾਂ ਹਥਿਆਰਾਂ ਦੀ ਫ਼ਸਲ ਬੀਜ ਰਹੀ ਹੈ ਤੇ ਇਨ੍ਹਾਂ ਹਥਿਆਰਾਂ 'ਤੇ ਅਧਿਕਾਰ ਸਿਰਫ਼ ਤੇ ਸਿਰਫ਼ ਜ਼ੋਰਾਵਰਾਂ ਦਾ ਹੈ। ਸੱਤਾ ਦੀ ਭੁੱਖ ਨੇ ਜ਼ਾਤ, ਧਰਮ, ਭਾਸ਼ਾ ਦੀਆਂ ਵੰਡੀਆਂ ਪਾ ਹਰ ਘੱਟ ਗਿਣਤੀ ਨੂੰ ਛੁੰਡਣ ਲਈ ਨਿਸ਼ਾਨਾ ਵਿੰਨ੍ਹਿਆ ਹੋਇਆ ਹੈ। ਕੋਈ ਵੀ ਮੁਲਕ ਇਸ ਗੰਦੀ ਖੇਡ ਤੋਂ ਅਛੂਤਾ ਨਹੀਂ ਰਿਹਾ। ਇਨ੍ਹੀਂ ਦਿਨੀਂ ਮਿਆਂਮਾਰ ਦੇ ਘੱਟ ਗਿਣਤੀ ਰੋਹਿੰਗਯਾ ਮੁਸਲਮਾਨ ਨਿਸ਼ਾਨੇ 'ਤੇ ਹਨ। ਮਸਲਾ ਬਹੁਤ ਪੁਰਾਣਾ ਹੈ। ਦਰਅਸਲ, ਇਹ ਲੋਕ ਮਿਆਂਮਾਰ ਦੇ ਰਾਖੀਨ ਸੂਬੇ ਵਿਚ ਰਹਿਣ ਵਾਲੇ ਘੱਟ ਗਿਣਤੀ ਮੁਸਲਮਾਨ ਹਨ। 1982 ਵਿਚ ਨਵਾਂ ਕਾਨੂੰਨ ਘੜਦਿਆਂ ਮਿਆਂਮਾਰ ਨੇ ਇਨ੍ਹਾਂ ਨੂੰ ਨਾਗਰਿਕ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਨ੍ਹਾਂ ਨੂੰ ਬੰਗਲਾਦੇਸ਼ ਤੋਂ ਆਏ ਨਾਜਾਇਜ਼ ਪਰਵਾਸੀ ਦੱਸਿਆ ਗਿਆ। ਰੋਹਿੰਗਯਾ ਮੁਸਲਮਾਨਾਂ ਦਾ ਇਤਿਹਾਸ ਬਹੁਤ ਲੰਬਾ ਹੈ। ਫ਼ਿਲਹਾਲ ਗੱਲ ਇਨ੍ਹਾਂ ਦਿਨਾਂ 'ਤੇ ਹੀ ਕੇਂਦਰਤ ਕਰਦੇ ਹਾਂ। ਇਹ ਮਾਮਲਾ ਮੁੜ ਸੁਰਖੀਆਂ ਵਿਚ ਉਦੋਂ ਆਇਆ ਜਦੋਂ ਰਾਖ਼ੀਨ ਸੂਬੇ ਵਿਚ 25 ਅਗਸਤ ਨੂੰ ਪੁਲੀਸ ਚੌਕੀਆਂ 'ਤੇ ਦਹਿਸ਼ਤੀ ਹਮਲੇ ਹੋਏ ਤੇ 12 ਜਵਾਨ ਮਾਰੇ ਗਏ। ਇਸ ਹਮਲੇ ਵਿਚ ਅਰਾਕਾਨ ਰੋਹਿੰਗਯਾ ਸੈਲਵੇਸ਼ਨ ਆਰਮੀ ਭਾਵ ਅਰਸਾ ਦਾ ਹੱਥ ਮੰਨਿਆ ਜਾ ਰਿਹਾ ਹੈ। ਅਰਸਾ ਦਾ ਸਬੰਧ ਇਸੇ ਇਲਾਕੇ ਦੇ ਦੂਸਰੇ ਦਹਿਸ਼ਤੀ ਸੰਗਠਨ ਹਰਾਕਾ-ਅਲ-ਯਕੀਨ ਨਾਲ ਹੈ। ਇਸ ਮਗਰੋਂ ਮਿਆਂਮਾਰ ਦੀ ਫ਼ੌਜ ਨੇ ਦਹਿਸ਼ਤਗਰਦਾਂ ਖ਼ਿਲਾਫ਼ ਕਾਰਵਾਈ ਤੇਜ਼ ਕਰ ਦਿੱਤੀ ਤੇ ਇਸ ਦੀ ਲਪੇਟ ਵਿਚ ਰੋਹਿੰਗਯਾ ਲੋਕ ਵੀ ਆ ਗਏ ਜੋ ਜਾਨ ਬਚਾਉਂਦੇ ਹੋਏ ਬੰਗਲਾਦੇਸ਼ ਵਿਚ ਪਹੁੰਚ ਗਏ।

ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਮੁਤਾਬਕ ਮਹਿਜ਼ 2 ਹਫ਼ਤਿਆਂ ਵਿਚ ਹੀ 2 ਲੱਖ 70 ਹਜ਼ਾਰ ਲੋਕ ਬੰਗਲਾਦੇਸ਼ ਪਹੁੰਚ ਗਏ। ਉਥੋਂ ਹੁੰਦੇ ਹੋਏ ਇਹ ਭਾਰਤ ਵੀ ਦਾਖ਼ਲ ਹੋ ਰਹੇ ਹਨ। ਇਨ੍ਹਾਂ ਲੋਕਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ ਜੋ ਭੁੱਖ ਨਾਲ ਵਿਲਕ ਰਹੇ ਹਨ। ਦੂਜੇ ਪਾਸੇ ਮਿਆਂਮਾਰ ਦੇ ਬੋਧ ਸਮਾਜ ਦੇ ਹਿੰਸਕ ਧੜੇ ਵਲੋਂ ਵੀ ਇਨ੍ਹਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਮਿਆਂਮਾਰ ਫ਼ੌਜ ਇਨ੍ਹਾਂ ਦੇ ਪਿੰਡਾਂ ਨੂੰ ਅੱਗ ਲਾ ਰਹੀ ਹੈ। ਗੋਲੀਆਂ ਦੀ ਬਰਸਾਤ ਵਿਚ ਬੱਚੇ ਮਰ ਰਹੇ ਹਨ।

ਭਾਰਤ ਦੀ ਮੋਦੀ ਸਰਕਾਰ ਲਈ ਵੀ ਇਹ ਮਸਲਾ ਗਲੇ ਦੀ ਹੱਡੀ ਬਣਿਆ ਹੋਇਆ ਹੈ। ਭਾਰਤ ਵਿਚ 40 ਹਜ਼ਾਰ ਦੇ ਕਰੀਬ ਰੋਹਿੰਗਯਾ ਮੁਸਲਮਾਨ ਨਾਜਾਇਜ਼ ਤਰੀਕੇ ਨਾਲ ਰਹਿ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਜੰਮੂ-ਕਸ਼ਮੀਰ ਦੇ ਇਲਾਕੇ ਵਿਚ ਹਨ। ਖ਼ੁਦ ਨੂੰ ਸ਼ਾਂਤੀ ਪਸੰਦ ਕਹਾਉਣ ਵਾਲੇ ਭਾਰਤ ਨੇ ਇਨ੍ਹਾਂ ਲੋਕਾਂ ਨੂੰ ਮੁਲਕ ਤੋਂ ਬਾਹਰ ਭੇਜਣ ਦਾ ਫ਼ੈਸਲਾ ਕਰ ਲਿਆ ਹੈ ਤੇ ਇਹ ਮਸਲਾ ਹੁਣ ਸੁਪਰੀਮ ਕੋਰਟ ਤੱਕ ਪੁੱਜ ਗਿਆ ਹੈ। ਇਸ ਤੋਂ ਪਹਿਲਾਂ ਸ਼੍ਰੀਲੰਕਾ, ਅਫ਼ਗਾਨਿਸਤਾਨ ਤੇ ਤਿੱਬਤ ਤੋਂ ਆਉਣ ਵਾਲੇ ਲੋਕਾਂ ਨੂੰ ਭਾਰਤ ਪਨਾਹ ਦਿੰਦਾ ਰਿਹਾ ਹੈ। ਕਰੀਬ 2 ਕਰੋੜ ਬੰਗਲਾਦੇਸ਼ੀਆਂ ਨੇ ਭਾਰਤ ਵਿਚ ਨਾਜਾਇਜ਼ ਤੌਰ 'ਤੇ ਪਨਾਹ ਲਈ ਹੋਈ ਹੈ। ਹੋਰ ਤਾਂ ਹੋਰ ਇਨ੍ਹਾਂ ਨੇ ਆਧਾਰ ਕਾਰਡ ਵਰਗੇ ਦਸਤਾਵੇਜ਼ ਵੀ ਹਾਸਲ ਕਰ ਲਏ ਹਨ ਤੇ ਸਿਆਸੀ ਪਾਰਟੀਆਂ ਦੇ 'ਚੰਗੇ ਵੋਟਰ' ਵੀ ਹਨ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਮਿਆਂਮਾਰ ਦੇ ਦੌਰੇ 'ਤੇ ਗਏ ਸਨ ਤਾਂ ਉਹ ਇਸ ਮੁੱਦੇ ਤੋਂ ਕਾਫ਼ੀ ਹੱਦ ਤੱਕ ਬਚਦੇ ਰਹੇ। ਭਾਰਤ ਵਿਚ ਮਨੀਪੁਰ ਯੂਨੀਵਰਸਿਟੀ 'ਚ ਮਿਆਂਮਾਰ ਸਟੱਡੀਜ਼ ਸੈਂਟਰ ਦੀ ਅਗਵਾਈ ਕਰ ਰਹੇ ਜਿਤੇਨ ਨੋਂਗਥਾਬਮ ਅਨੁਸਾਰ, "ਜਦੋਂ ਗੱਲ ਮੁਸਲਮਾਨਾਂ ਨੂੰ ਲੈ ਕੇ ਸੋਚ ਦੀ ਆਉਂਦੀ ਹੈ ਤਾਂ ਬਰਮਾ ਦੇ ਰਾਸ਼ਟਰਵਾਦੀ ਤੇ ਕੱਟੜ ਬੋਧ, ਮੋਦੀ ਤੇ ਭਾਜਪਾ ਦੇ ਸਿਆਸੀ ਤੰਤਰ ਨੂੰ ਖ਼ੁਦ ਨਾਲੋਂ ਜ਼ਿਆਦਾ ਨੇੜੇ ਮਹਿਸੂਸ ਕਰਦੇ ਹਨ।" ਭਾਰਤ ਵਿਚੋਂ ਇਨ੍ਹਾਂ ਮੁਸਲਮਾਨਾਂ ਨੂੰ ਬਾਹਰ ਕਰਨ ਦਾ ਇਕ ਕਾਰਨ ਮੋਦੀ ਸਰਕਾਰ ਦੀ ਹਿੰਦੂਵਾਦੀ ਸੋਚ ਵੀ ਮੰਨਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਮੁਹਿੰਮਾਂ 'ਚ ਮਿਆਂਮਾਰ ਦੀ ਫ਼ੌਜ ਨੂੰ ਸਿਖਲਾਈ ਦੇਣ ਦੀਆਂ ਭਾਰਤੀ ਯੋਜਨਾਵਾਂ ਨੂੰ ਕੁਝ ਲੋਕ ਰੋਹਿੰਗਯਾ ਕੱਟੜਪੰਥੀਆਂ ਖ਼ਿਲਾਫ਼ ਮਿਆਂਮਾਰ ਦੇ ਫ਼ੌਜੀ ਅਭਿਆਨ ਦੇ ਸਮਰਥਨ ਵਜੋਂ ਦੇਖਦੇ ਹਨ। ਭਾਰਤ ਮਿਆਂਮਾਰ ਦੇ ਫ਼ੌਜੀ ਅਧਿਕਾਰੀਆਂ ਨਾਲ ਚੰਗੇ ਰਿਸ਼ਤੇ ਬਣਾਉਣਾ ਚਾਹੁੰਦਾ ਹੈ ਕਿਉਂਕਿ ਉਸ ਨੂੰ ਉਮੀਦ ਹੈ ਕਿ ਅਜਿਹਾ ਕਰਕੇ ਭਾਰਤ ਦੇ ਪੂਰਬ-ਉਤਰੀ ਇਲਾਕਿਆਂ ਵਿਚ ਸਰਗਰਮ ਦਹਿਸ਼ਤਗਰਦਾਂ ਖ਼ਿਲਾਫ਼ ਉਸ ਨੂੰ ਮਦਦ ਮਿਲੇਗੀ ਕਿਉਂਕਿ ਇਨ੍ਹਾਂ ਵਿਚੋਂ ਕਈ ਮਿਆਂਮਾਰ ਦੇ ਜੰਗਲਾਂ ਵਿਚ ਰਹਿੰਦੇ ਹਨ। ਵੱਖਰੀਆਂ ਵੱਖਰੀਆਂ ਯੋਜਨਾਵਾਂ ਤਹਿਤ ਭਾਰਤ ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਵਿਚ ਆਪਣਾ ਅਸਰ ਵਧਾਉਣਾ ਚਾਹੁੰਦਾ ਹੈ ਤਾਂ ਕਿ ਇਸ ਇਲਾਕੇ ਵਿਚ ਲਗਾਤਾਰ ਵਧਦੇ ਚੀਨੀ ਅਸਰ ਦਾ ਮੁਕਾਬਲਾ ਕੀਤਾ ਜਾ ਸਕੇ।

ਸਿਰਫ਼ ਰੋਹਿੰਗਯਾ ਮੁਸਲਮਾਨ ਹੀ ਨਹੀਂ, ਸੀਰੀਆ ਤੇ ਇਰਾਕ ਵਰਗੇ ਮੁਲਕਾਂ ਦੇ ਲੋਕ ਵੀ ਹਿਜਰਤ ਕਰ ਰਹੇ ਹਨ ਪਰ ਇਸਲਾਮ ਦੀ ਦੁਹਾਈ ਦੇਣ ਵਾਲੇ ਸਊਦੀ ਮੁਲਕ ਵੀ ਇਨ੍ਹਾਂ ਲੋਕਾਂ ਨੂੰ ਕਦੇ ਪਨਾਹ ਨਹੀਂ ਦਿੰਦੇ। ਰੋਹਿੰਗਯਾ ਮੁਸਲਮਾਨ ਦਾ ਕੋਈ ਰਾਸ਼ਟਰ ਨਹੀਂ ਰਿਹਾ। ਨਾ ਮਿਆਂਮਾਰ ਉਨ੍ਹਾਂ ਨੂੰ ਸਵੀਕਾਰ ਕਰਦਾ ਹੈ ਤੇ ਨਾ ਹੀ ਬੰਗਲਾਦੇਸ਼, ਭਾਰਤ ਉਨ੍ਹਾਂ ਨੂੰ ਪਨਾਹ ਦੇਣਾ ਚਾਹੁੰਦੇ ਹਨ। ਮਨੁੱਖੀ ਅਧਿਕਾਰ ਸੰਸਥਾਵਾਂ ਲਾਚਾਰੀ ਦੀ ਹਾਲਤ ਵਿਚ ਹਨ। ਮਿਆਂਮਾਰ ਸਰਕਾਰ ਦੀਆਂ ਨਜ਼ਰਾਂ ਵਿਚ ਇਨ੍ਹਾਂ ਲੋਕਾਂ ਦੀ ਮਦਦ ਸਊਦੀ ਜਿਹਾਦੀ ਕਰਦੇ ਹਨ। ਪਰ ਸਾਊਦੀ ਅਰਬ ਨੂੰ ਕੋਈ ਸਵਾਲ-ਜਵਾਬ ਨਹੀਂ ਕਰਦਾ, ਸ਼ਾਇਦ ਇਸ ਲਈ ਕਿ ਇੱਥੇ ਕਿਸੇ ਨਾ ਕਿਸੇ ਮੁਲਕ ਦੇ ਨੇਤਾ ਵਪਾਰਕ ਦੌਰੇ 'ਤੇ ਰਹਿੰਦਾ ਹੈ। ਮਿਆਂਮਾਰ ਸਰਕਾਰ ਦੀਆਂ ਨਜ਼ਰਾਂ ਵਿਚ ਭੁੱਖ-ਨੰਗ, ਗੋਲੀਆਂ ਦੀ ਮਾਰ ਸਹਿ ਰਹੇ 11 ਲੱਖ ਰੋਹਿੰਗਯਾ ਮੁਸਲਮਾਨ ਮਨੁੱਖ ਨਹੀਂ, ਦਹਿਸ਼ਤਗਰਦ ਹਨ।

ਹੈਰਾਨੀ ਵਾਲੀ ਗੱਲ ਹੈ ਕਿ ਜਮਹੂਰੀ ਹੱਕਾਂ ਦੀ ਲੰਬਾ ਸਮਾਂ ਲੜਾਈ ਲੜਨ ਵਾਲੀ ਤੇ ਇਸ ਬਲਬੂਤੇ ਨੋਬੇਲ ਪੁਰਸਕਾਰ ਜਿੱਤਣ ਵਾਲੀ ਆਂਗ ਸਾਨ ਸੂ ਚੀ ਵੀ ਚੁੱਪ ਹੈ। ਸੱਤਾ ਵਿਚ ਆਉਂਦਿਆਂ ਹੀ ਉਸ ਦੇ ਸੁਰ ਬਦਲ ਗਏ ਹਨ। ਉਹ ਨਾ ਬੋਧ ਬਾਰੇ ਤੇ ਨਾ ਰੋਹਿੰਗਯਾ ਮੁਸਲਮਾਨਾਂ ਬਾਰੇ ਆਪਣੀ ਕੋਈ ਰਾਏ ਦੇਣਾ ਚਾਹੁੰਦੀ ਹੈ। ਹਾਂ, ਏਨਾ ਜ਼ਰੂਰ ਕਿਹਾ ਹੈ ਕਿ ਰੋਹਿੰਗਯਾ ਮੁਸਲਮਾਨ ਅਤਿਵਾਦ ਫੈਲਾ ਰਹੇ ਹਨ। ਪਰ ਇਸ ਗੱਲ ਦਾ ਜਵਾਬ ਉਨ੍ਹਾਂ ਕੋਲ ਨਹੀਂ ਕਿ ਇਨ੍ਹਾਂ ਲੋਕਾਂ ਨੂੰ ਦਹਿਸ਼ਤ ਫੈਲਾਉਣ ਲਈ ਹਥਿਆਰ ਕੌਣ ਮੁਹੱਈਆ ਕਰਵਾ ਰਿਹਾ ਹੈ। ਪਾਕਿਸਤਾਨ ਦੀ ਨੋਬੇਲ ਪੁਰਸਕਾਰ ਜੇਤੂ ਮਲਾਲਾ ਯੂਸੁਫ ਨੇ ਸੂ ਚੀ ਨੂੰ ਇਥੋਂ ਤੱਕ ਪੁਛਿਆ ਹੈ ਕਿ ਉਹ ਕਦੋਂ ਬੋਲੇਗੀ ? ਅਮਰੀਕਾ ਦੇ ਵਿਦੇਸ਼ ਸਕੱਤਰ ਬੋਰਿਸ ਜਾਨਸਨ ਨੇ ਵੀ ਸੂ ਚੀ ਨੂੰ ਚਿਤਾਵਨੀ ਦਿੱਤੀ ਹੈਂ ਕਿ ਉਹ ਰੋਹਿੰਗਯਾ ਮੁਸਲਮਾਨਾਂ ਤਕ ਮਦਦ ਪਹੁੰਚਾਉਣ ਤੋਂ ਰੋਕ ਕੇ ਚੰਗਾ ਨਹੀਂ ਕਰ ਰਹੀ। ਕੁਝ ਨੋਬੇਲ ਪੁਰਸਕਾਰ ਜੇਤੂਆਂ ਨੇ ਨੋਬੇਲ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਸੂ ਚੀ ਦਾ ਪੁਰਸਕਾਰ ਵਾਪਸ ਲੈ ਲੈਣ।

ਬੇਸ਼ੱਕ ਬੇਸਹਾਰਾ ਲੋਕਾਂ ਨੂੰ ਪਨਾਹ ਦੇਣ ਦੇ ਮੁੱਦੇ 'ਤੇ ਲੰਬੇ ਸਮੇਂ ਤੋਂ ਬਹਿਸ ਛਿੜੀ ਹੋਈ ਹੈ ਪਰ ਹੁਣ ਇਸ ਨੂੰ ਅਖੌਤੀ ਰਾਸ਼ਟਰਵਾਦ ਦੀ ਪੁੱਠ ਚੜ੍ਹਾ ਦਿੱਤੀ ਗਈ ਹੈ। ਦੇਸ਼ ਪ੍ਰੇਮ ਦੇ ਅਖੌਤੀ ਅਲੰਬਰਦਾਰਾਂ ਨੇ ਆਮ ਬੰਦੇ ਦੇ ਮੂੰਹ 'ਚੋਂ ਆਖ਼ਰੀ ਬੁਰਕੀ ਖੋਹਣ ਵਿਚ ਵੀ ਕੋਈ ਕਸਰ ਨਹੀਂ ਛੱਡੀ, ਵਿਕਾਸ ਦਾ ਭਰਮ ਜਾਲ ਪੈਦਾ ਕਰਕੇ ਆਪਣੇ ਸਵਾਰਥਾਂ ਦੇ ਟਿੱਚੇ ਮਿੱਥ ਲਏ ਹਨ। ਇਨ੍ਹਾਂ ਟਿੱਚਿਆਂ ਨੂੰ ਮਿਧਣ ਲਈ ਕਿਸੇ ਹਥਿਆਰ ਦੀ ਨਹੀਂ, ਆਮ ਬੰਦੇ ਨੂੰ ਸੋਝੀ ਦੀ ਲੋੜ ਹੈ।

# ਕਿਉਂ ਹੋਈ ਗੌਰੀ ਲੰਕੇਸ਼ ਦੀ ਹੱਤਿਆ ?



**ਗੌਰੀ ਲੰਕੇਸ਼ ਤਾਂ ਸਾਰੀਆਂ ਚੀਜ਼ਾਂ ਨੂੰ ਆਪਣੇ ਅੰਗੂਠੇ ਹੇਠ ਰੱਖਣ ਦੀ ਹਕੂਮਤੀ ਰਣਨੀਤੀ ਦਾ ਸਿੱਧਾ ਮਜ਼ਾਕ ਉਡਾਉਂਦੀ ਸੀ। ਇਸੇ ਲਈ ਹਕੂਮਤੀ ਹਮਾਇਤੀ ਚਾਹੁੰਦੇ ਹਨ ਕਿ ਵਿਰੋਧ ਦੀਆਂ ਅਜਿਹੀਆਂ ਆਵਾਜ਼ਾਂ ਨੂੰ ਦਬਾਅ ਦਿੱਤਾ ਜਾਵੇ ਤੇ ਜਾਂ ਉਹ ਵੀ ਉਨ੍ਹਾਂ ਦੇ ਇਸ਼ਾਰਿਆਂ 'ਤੇ ਨੱਚਣ ਲੱਗ ਪੈਣ। ਹੁਣ ਖੇਤਰੀ ਸੂਬੇਦਾਰ ਤਾਂ ਇਹੋ ਸਮਝਦੇ ਹਨ ਕਿ ਉਨ੍ਹਾਂ ਨੂੰ ਸੁਲਤਾਨ ਤੋਂ ਲਾਇਸੈਂਸ ਮਿਲਿਆ ਹੀ ਹੋਇਆ ਹੈ ਤੇ ਉਨ੍ਹਾਂ ਨੂੰ ਪੂਰੇ ਅਧਿਕਾਰ ਮਿਲੇ ਹੋਏ ਹਨ, ਇਸੇ ਲਈ ਉਨ੍ਹਾਂ ਦੇ ਜੇਰੇ ਪੂਰੀ ਤਰ੍ਹਾਂ ਖੁੱਲ੍ਹੇ ਹੋਏ ਹਨ ਤੇ ਉਹ ਗੌਰੀ ਲੰਕੇਸ਼ ਵਰਗੀਆਂ ਨੂੰ ਚੁੱਪ ਕਰਵਾਉਣ ਲਈ ਕੁਝ ਵੀ ਕਰ ਸਕਦੇ ਹਨ। ਇਹ ਵੱਖਰੀ ਗੱਲ ਹੈ ਕਿ ਗੌਰੀ ਲੰਕੇਸ਼ ਦੀ ਮੌਤ ਤਾਂ ਹੁਣ ਇੱਕ ਬਿੰਬ, ਇੱਕ ਪ੍ਰਤੀਕ ਬਣ ਗਈ ਹੈ।**

### ਹਰੀਸ਼ ਖਰੇ



ਸ਼ਾਇਦ ਸਾਨੂੰ ਕਦੇ ਵੀ ਪਤਾ ਨਾ ਲੱਗ ਸਕੇ ਕਿ ਗੌਰੀ ਲੰਕੇਸ਼ ਦੀ ਹੱਤਿਆ ਕਿਸ ਨੇ ਕੀਤੀ ਸੀ, ਪਰ ਅਸੀਂ ਵਾਜਬ ਢੰਗ ਨਾਲ ਇੰਨਾ ਕੁ ਅਨੁਮਾਨ ਤਾਂ ਲਾ ਹੀ ਸਕਦੇ ਹਾਂ ਕਿ ਉਸ ਨੂੰ ਆਖ਼ਿਰ ਮਾਰਿਆ ਕਿਉਂ ਗਿਆ ਸੀ ? ਜਾਂ, ਇਸ ਗੱਲ ਨੂੰ ਇੰਜ ਵੀ ਆਖਿਆ ਜਾ ਸਕਦਾ ਹੈ ਕਿ ਅਸੀਂ ਤਾਰਕਿਕ ਢੰਗ ਇਹ ਸਮਝ ਹੀ ਸਕਦੇ ਹਾਂ ਕਿ ਉਸ ਨੂੰ ਕਿਉਂ ਮਾਰਿਆ ਜਾਣਾ ਸੀ। ਦਰਅਸਲ, ਇਸ ਵਿੱਚ ਕੋਈ ਬਹੁਤਾ ਵੱਡਾ ਭੇਤ ਨਹੀਂ ਹੈ। ਸਗੋਂ ਇਸ ਵਿੱਚ ਤਾਂ ਕਿਤੇ ਕੁਝ ਵੀ ਗੁੰਝਲਦਾਰ ਨਹੀਂ ਹੈ। ਉਸ ਦੀ ਹੱਤਿਆ ਤਾਂ ਹੋਣੀ ਹੀ ਸੀ ਕਿਉਂਕਿ ਉਹ ਹੁਣ ਅੱਖਾਂ ਵਿੱਚ ਰੜਕਣ ਲੱਗ ਪਈ ਸੀ, ਅਤੇ ਸਾਡੇ ਨਵੇਂ ਭਾਰਤ ਵਿਚ ਅਸੀਂ ਅੱਖਾਂ ਵਿਚ ਰੜਕਣ ਵਾਲਿਆਂ ਨੂੰ ਬਰਦਾਸ਼ਤ ਕਰਨ ਦੇ ਰੌਂਅ ਵਿਚ ਨਹੀਂ।

ਬੇਸ਼ੱਕ, ਇਸ ਮਾਮਲੇ ਦੇ ਕੁਝ ਸਥਾਨਕ ਪੱਖ ਵੀ ਹਨ। ਪਰ ਇਹ ਚੇਤੇ ਰੱਖਣ ਦੀ ਵੀ ਜ਼ਰੂਰਤ ਹੈ ਕਿ ਹਰ ਤਰ੍ਹਾਂ ਦੀ ਸਿਆਸਤ ਹੀ ਸਥਾਨਕ ਹੁੰਦੀ ਹੈ। ਸੀਮਤ ਜਿਹੇ ਮੀਡੀਆ ਭਾਈਚਾਰੇ ਤੋਂ ਬਾਹਰ ਗੌਰੀ ਲੰਕੇਸ਼ ਨੂੰ ਬਹੁਤੇ ਲੋਕ ਨਹੀਂ ਸੀ ਜਾਣਦੇ। ਰਾਸ਼ਟਰੀ ਪੱਧਰ 'ਤੇ ਉਹ ਬੜਬੋਲੇ ਟੀਵੀ ਐਂਕਰਾਂ ਤੇ ਅਖੌਤੀ ਕੱਦਾਵਰ ਮੀਡੀਆ ਕਰਮੀਆਂ ਦੇ ਸਮੂਹ ਸਾਹਮਣੇ ਬਹੁਤ ਦੁਰਾਡੀ ਤੇ ਮਲੂਕ ਜਿਹੀ ਆਵਾਜ਼ ਸੀ। ਪਰ ਉਸ ਦੀ ਆਵਾਜ਼ ਸੁਣੀ ਜ਼ਰੂਰ ਜਾਂਦੀ ਸੀ ਅਤੇ ਕੰਨੜੀਗਾ ਸਿਆਸਤ ਅੰਦਰਲੇ ਮੂਲਵਾਦ ਨਾਲ ਜੁੜੇ ਵਾਤਾਵਰਣ ਵਿੱਚ ਇਸ 'ਤੇ ਨਾਖ਼ੁਸ਼ੀ ਵੀ ਪ੍ਰਗਟਾਈ ਜਾਂਦੀ ਸੀ। ਇਸ ਨਵੀਂ ਸਿਆਸੀ ਪ੍ਰਣਾਲੀ ਵਿੱਚ ਡਰਾਉਣ-ਧਮਕਾਉਣ ਤੇ ਦਬਾਅ ਪਾਉਣ ਦੀ ਨਵੀਂ ਵਿਆਕਰਣ ਰਚੀ ਜਾ ਰਹੀ ਸੀ। ਮੂੰਹ ਬੰਦ ਕਰਨ ਜਾਂ ਚੁੱਪ ਵੱਟ ਕੇ ਰੱਖਣ ਲਈ ਤਿਆਰ ਰਹਿਣ ਜਿਹੇ ਕਈ ਨਵੇਂ ਤਜਰਬੇ ਕਰਨ ਦੀ ਪਿਰਤ ਪੈ ਚੁੱਕੀ ਸੀ। ਨਵੇਂ-ਭਾਰਤ ਦੇ ਨਵੇਂ ਕਰਤਿਆਂ-ਧਰਤਿਆਂ ਨੂੰ ਜਿਹੜੀ ਆਵਾਜ਼ ਕੁਰੱਖ਼ਤ ਲੱਗਦੀ ਹੈ, ਉਸ ਨੂੰ ਉਹ ਪ੍ਰਵਾਨ ਨਹੀਂ ਕਰਦੇ।

ਇੱਥੇ ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਹਿੰਦੂਤਵ ਦੇ ਸਾਰਥੀਆਂ ਨੂੰ ਤਾਂ ਇੱਕ ਧੀਮੀ ਤੇ ਮਲੂਕ ਜਿਹੀ ਆਵਾਜ਼ ਦੀ ਬਹੁਤੀ ਪਰਵਾਹ ਕਰਨ ਦੀ ਜ਼ਰੂਰਤ ਹੀ ਨਹੀਂ ਹੈ। ਆਖ਼ਿਰ, ਹਿੰਦੂਤਵ ਦੇ ਪ੍ਰੋਜੈਕਟ ਨੂੰ ਤਾਂ ਇੱਕ ਰੱਬੀ ਆਸ਼ੀਰਵਾਦ ਹਾਸਲ ਹੈ ਅਤੇ ਇਸ ਨੂੰ ਰੂਹਾਨੀਅਤ ਤੇ ਧਾਰਮਿਕ ਕੁਲੀਨਤਾ ਦਾ ਆਦਰਸ਼ ਮੰਨਿਆ ਜਾਂਦਾ ਹੈ। ਅਤੇ ਇਹ ਵੀ ਸਪਸ਼ਟ ਹੈ ਕਿ ਕਿਸੇ ਨੂੰ ਵੀ ਧਰਮ-ਨਿਰਪੇਖਤਾ ਦਾ ਦਮ ਭਰਨ ਵਾਲੀਆਂ ਮੁੱਠੀ-ਭਰ ਨਾਰਾਜ਼ ਆਵਾਜ਼ਾਂ ਤੋਂ ਆਪਣਾ ਧਿਆਨ ਭਟਕਾਉਣਾ ਨਹੀਂ ਚਾਹੀਦਾ। ਅਜਿਹੀਆਂ ਆਵਾਜ਼ਾਂ ਪ੍ਰਤੀ ਤਾਂ ਰੁਖ਼ ਅਜਿਹਾ ਹੋਣਾ ਚਾਹੀਦਾ ਹੈ: ਇਨ੍ਹਾਂ ਨੂੰ ਆਪਣਾ ਪੂਰਾ ਤਾਣ ਲਾ ਲੈਣ ਦਿਉ, ਉਹ ਆਪੇ ਹੰਭ-ਹਾਰ ਕੇ ਬਹਿ ਜਾਣਗੀਆਂ। ਆਉ, ਆਪਾਂ ਆਪਣੀ ਚਾਲੇ ਅੱਗੇ ਵਧਦੇ ਜਾਈਏ।

ਪਰ ਗੌਰੀ ਲੰਕੇਸ਼ ਪ੍ਰਤੀ ਨਾਖ਼ੁਸ਼ੀ ਕੁਝ ਜ਼ਿਆਦਾ ਹੀ ਸੀ। ਉਸ ਵਰਗੀਆਂ ਆਵਾਜ਼ਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਤਾਂ ਆਪਣੀ ਅਸਹਿਮਤੀ ਜਤਾਉਂਦੀ ਹੀ ਰਹੇਗੀ। ਆਖ਼ਿਰ, ਉਹ ਬੇਕਾਬੂ ਵਿਅਕਤੀਗਤ ਆਵਾਜ਼ ਹੈ ਜਿਸ 'ਤੇ ਚਿੜ ਕੀਤੀ ਜਾਂਦੀ ਹੈ। ਸੋਸ਼ਲ ਮੀਡੀਆ 'ਤੇ ਵੀ, ਅਸੀਂ ਆਮ ਤੌਰ 'ਤੇ ਵਿਅਕਤੀਗਤ ਆਵਾਜ਼ਾਂ ਲਈ ਆਪਣੀਆਂ ਸਭ ਤੋਂ ਵੱਧ ਜ਼ਹਿਰੀਲੀਆਂ ਝਾੜਾਂ ਤੇ ਟਿੱਪਣੀਆਂ ਰਾਖਵੀਆਂ ਰੱਖਦੇ ਹਾਂ। ਆਖ਼ਿਰ ਇਨ੍ਹਾਂ ਵਿਅਕਤੀਗਤ ਆਵਾਜ਼ਾਂ ਦੀ ਜੁਰੱਅਤ ਕਿਵੇਂ ਪਈ ਸਰਕਾਰੀ ਸੋਚ 'ਤੇ ਕਿੰਤੂ-ਪ੍ਰੰਤੂ ਕਰਨ ਦੀ ? ਅਤੇ, ਫਿਰ ਅਜਿਹੇ ਵਿਰੋਧ ਦੀ ਧਾਰ ਵੱਧ ਤਿੱਖੀ ਭਾਸਦੀ ਹੈ ਜਦੋਂ ਇੱਕ ਤਾਨਾਸ਼ਾਹ ਵੱਲੋਂ ਵੱਡੇ ਕਾਰਪੋਰੇਟ ਮੀਡੀਆ ਨੂੰ ਬੜੀ ਆਸਾਨੀ ਨਾਲ ਆਪਣੇ ਕਾਬੂ ਹੇਠ ਕਰ ਲਿਆ ਗਿਆ ਹੋਵੇ।

ਬਿਨਾਂ ਬਹੁਤੇ ਯਤਨਾਂ ਦੇ, ਕਾਰਪੋਰੇਟ ਮੀਡੀਆ ਪ੍ਰਿੰਟ ਤੇ ਇਲੈਕਟ੍ਰੌਨਿਕ ਨੇ ਤਾਂ ਹੁਣ ਪੂਰੀ ਤਰ੍ਹਾਂ ਧਾਰ ਰੱਖਿਆ ਹੈ ਕਿ 'ਨਵੇਂ-ਭਾਰਤ' ਦੇ ਨਵੇਂ ਸੁਲਤਾਨਾਂ ਨੂੰ ਨਾਰਾਜ਼ ਨਹੀਂ ਕਰਨਾ। ਸਾਡੇ ਨਵੇਂ ਮੁਕਤੀਦਾਤੇ ਉਨ੍ਹਾਂ ਵਸੀਲਿਆਂ ਤੇ ਵੱਡੀਆਂ-ਵੱਡੀਆਂ ਜੇਬਾਂ ਦੀ ਪ੍ਰਕਿਰਤੀ ਤੇ ਆਕਾਰ ਨੂੰ ਭਲੀਭਾਂਤ ਜਾਣਦੇ ਹਨ ਕਿਉਂਕਿ ਉਨ੍ਹਾਂ ਦੇ ਦਮ 'ਤੇ ਹੀ ਤਾਂ ਉਹ ਸਮੁੱਚੇ ਦੇਸ਼ ਵਿੱਚ ਆਪਣੀ ਮੌਜੂਦਗੀ ਨੂੰ ਖ਼ਰੀਦਦੇ ਹਨ; ਅਤੇ ਇਹੋ ਵਿਸ਼ਾਲਤਾ ਹੈ ਜੋ ਉਸ ਕਮਜ਼ੋਰੀ ਨੂੰ ਜਥੇਬੰਦਕ ਤੇ ਪੇਸ਼ੇਵਰਾਨਾ ਰੂਪ ਦਿੰਦੀ ਹੈ ਜਿਹੜੀ ਸਰਕਾਰੀ ਡੰਡੇ ਦੀ ਆਮਦ ਦਿਸਦਿਆਂ ਹੀ ਮੀਡੀਆ ਘਰਾਣਿਆਂ ਨੂੰ ਆਪਣੀ ਸੁਰ ਬਦਲਣ ਦੇ ਰਾਹ ਪਾ ਦਿੰਦੀ ਹੈ। ਨਵੇਂ ਭਾਰਤ ਵਿੱਚ, ਸਰਕਾਰੀ ਤੰਤਰ ਦੀ ਤਾਕਤ ਦੀ ਵਰਤੋਂ ਉੱਤੇ ਕੋਈ ਰੋਕ ਨਹੀਂ ਹੈ ਅਤੇ ਜੇ ਕੋਈ ਸਿਆਸੀ ਆਗੂ (ਵਿਰੋਧੀ ਜਾਂ ਭਾਈਵਾਲ), ਕੋਈ ਕਾਰੋਬਾਰੀ ਜਾਂ ਕੋਈ ਪੱਤਰਕਾਰ, ਲੀਹ 'ਤੇ ਨਹੀਂ ਆਉਂਦਾ ਤਾਂ ਇਸ ਤਾਕਤ ਦੇ ਵੱਖ ਵੱਖ ਉਪਕਰਣਾਂ ਦੀ ਵਰਤੋਂ ਕਰਨ ਪ੍ਰਤੀ ਝਿਜਕ ਵੀ ਨਹੀਂ ਦਿਖਾਈ ਜਾਂਦੀ।

ਕਾਰਪੋਰੇਟ ਮੀਡੀਆ ਨੇ 'ਇੱਕ ਰਾਸ਼ਟਰ, ਇੱਕ ਟੈਕਸ, ਇੱਕ ਆਗੂ ਤੇ ਇੱਕ ਆਵਾਜ਼' ਦੇ ਤਰਕ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੈ। ਇਸ ਤਰਕ ਨੂੰ, ਦਰਅਸਲ, ਦੇਸ਼ਭਗਤੀ ਦੇ ਰੰਗਾਂ ਵਿੱਚ ਲਪੇਟ ਕੇ ਪੇਸ਼ ਕੀਤਾ ਗਿਆ ਹੈ। ਉੱਧਰ ਪਾਕਿਸਤਾਨ ਤੇ ਚੀਨ ਨਾਲ ਕਿਉਂਕਿ ਸ਼ੁਰੂ ਤੋਂ ਹੀ ਵੈਰ-ਵਿਰੋਧ ਤੇ ਰੇੜਕੇ ਚੱਲਦੇ ਆਏ ਹਨ, ਇਸੇ ਲਈ ਦੁਵੱਲੀ ਭੜਕਾਹਟ ਪੈਦਾ ਕਰਨ ਦੇ ਬਹੁਤ ਸਾਰੇ ਅਜਿਹੇ ਮੌਕੇ ਆਉਂਦੇ ਹਨ, ਜਦੋਂ ਪੂਰੇ ਜੋਸ਼ ਨਾਲ ਝੰਡਾ ਝੁਲਾ ਕੇ ਖ਼ੁਸ਼ ਹੋਇਆ ਜਾ ਸਕਦਾ ਹੈ ਤੇ ਇਸ ਦੌਰਾਨ ਕਿਸੇ ਨੂੰ ਧਮਕਾਇਆ ਵੀ ਜਾ ਸਕਦਾ ਹੈ। ਹੋਰ ਤਾਂ ਹੋਰ, ਅਰਥਚਾਰੇ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦੇਣ ਵਾਲੀ ਨੋਟਬੰਦੀ ਤੋਂ ਬਾਅਦ ਵੀ ਕਾਰਪੋਰੇਟ ਮੀਡੀਆ ਦੇ ਪ੍ਰਭਾਵਸ਼ਾਲੀ ਵਰਗ ਮੁਫ਼ਤ 'ਚ ਹੀ ਸਰਕਾਰੀ ਬੋਲੀ ਬੋਲਣ ਵਿੱਚ ਲੱਗੇ ਹੋਏ ਹਨ।

ਦਰਅਸਲ, ਇੱਥੇ ਕੋਈ ਅਜਿਹੀ ਦਲੀਲ ਵੀ ਦੇ ਸਕਦਾ ਹੈ ਕਿ ਇਹ 'ਨਵ-ਮੀਡੀਆ' ਹੀ 'ਨਵੇਂ ਭਾਰਤ' ਦੇ ਸੁਭਾਅ ਤੇ ਆਸਾਂ 'ਤੇ ਖਰਾ ਉੱਤਰ ਸਕਦਾ ਹੈ। ਭਾਰਤੀ ਮੀਡੀਆ ਦੀ ਅਜਿਹੀ ਭੂਮਿਕਾ ਪਹਿਲਾਂ ਕਦੇ ਵੀ ਅਜਿਹੇ ਨਵੇਂ ਢੰਗ ਨਾਲ ਪਰਿਭਾਸ਼ਿਤ ਨਹੀਂ ਹੋਈ- ਹੁਣ ਤਾਂ ਇਹ ਮੀਡੀਆ ਇੱਥੋਂ ਤਕ ਵੀ ਪੁੱਜ ਚੁੱਕਾ ਹੈ ਕਿ ਵਿਰੋਧੀ ਧਿਰ 'ਤੇ ਪੂਰੀ ਚੌਕਸ ਨਜ਼ਰ ਰੱਖੀ ਜਾਂਦੀ ਹੈ ਅਤੇ ਸਰਕਾਰੀ ਮੋਹਤਬਰ ਦੇ ਕਾਰਿਆਂ ਉੱਤੇ ਨਜ਼ਰ ਰੱਖਣ ਦੀ ਥਾਂ ਮੀਡੀਆ ਦੀ ਵਰਤੋਂ ਵਿਰੋਧੀ ਧਿਰ ਦੀ ਸਫ਼ਬੰਦੀ ਤੇ ਮਨੋਬਲ ਨੂੰ ਤੋੜਨ ਲਈ ਕੀਤੀ ਜਾਂਦੀ ਹੈ। ਨੋਟਬੰਦੀ ਤੋਂ ਲੈ ਕੇ ਡੋਕਲਾਮ ਤਕ ਸਰਕਾਰ ਦੇ ਸ਼ੱਕੀ ਦਾਅਵਿਆਂ 'ਤੇ ਕੋਈ ਕਿੰਤੂ-ਪ੍ਰੰਤੂ ਕਰਨ ਦੀ ਥਾਂ ਕਾਰਪੋਰੇਟ ਮੀਡੀਆ ਨੇ ਆਲੋਚਕਾਂ ਤੇ ਕੁਝ ਨਾਰਾਜ਼ ਆਵਾਜ਼ਾਂ ਨੂੰ ਚੁੱਪ ਕਰਵਾਉਣ ਦਾ ਕੰਮ ਸੰਭਾਲ ਲਿਆ ਹੈ।

ਸੱਤਾਧਾਰੀਆਂ ਦੀ ਸੋਚ ਜਨਰਲ ਸੈਮ ਮਾਨੇਕਸ਼ਾਅ ਵਾਂਗ ਹੈ ਕਿ ਜੇਕਰ ਇੱਕ ਵਾਰ ਢਾਕਾ, ਚਿਟਾਗੌਂ ਜਿਹੀਆਂ ਮੁੱਖ ਥਾਵਾਂ 'ਤੇ ਕਬਜ਼ਾ ਹੋ ਗਿਆ ਤਾਂ ਨਿੱਕੇ-ਨਿੱਕੇ ਪਿੰਡ ਤਾਂ ਆਪੇ ਪਿੱਛੇ ਲੱਗ ਜਾਣਗੇ। ਪਰ ਇੱਥੇ ਪਿੰਡਾਂ ਵਿਚ ਹੀ ਤਾਂ ਰੋਹ ਤੇ ਰੋਸ ਹੈ। ਅਤੇ ਗੌਰੀ ਲੰਕੇਸ਼ ਤਾਂ ਸਾਰੀਆਂ ਚੀਜ਼ਾਂ ਨੂੰ ਆਪਣੇ ਅੰਗੂਠੇ ਹੇਠ ਰੱਖਣ ਦੀ ਹਕੂਮਤੀ ਰਣਨੀਤੀ ਦਾ ਸਿੱਧਾ ਮਜ਼ਾਕ ਉਡਾਉਂਦੀ ਸੀ। ਇਸੇ ਲਈ ਹਕੂਮਤੀ ਹਮਾਇਤੀ ਚਾਹੁੰਦੇ ਹਨ ਕਿ ਵਿਰੋਧ ਦੀਆਂ ਅਜਿਹੀਆਂ ਆਵਾਜ਼ਾਂ ਨੂੰ ਦਬਾਅ ਦਿੱਤਾ ਜਾਵੇ ਤੇ ਜਾਂ ਉਹ ਵੀ ਉਨ੍ਹਾਂ ਦੇ ਇਸ਼ਾਰਿਆਂ 'ਤੇ ਨੱਚਣ ਲੱਗ ਪੈਣ। ਹੁਣ ਖੇਤਰੀ ਸੂਬੇਦਾਰ ਤਾਂ ਇਹੋ ਸਮਝਦੇ ਹਨ ਕਿ ਉਨ੍ਹਾਂ ਨੂੰ ਸੁਲਤਾਨ ਤੋਂ ਲਾਇਸੈਂਸ ਮਿਲਿਆ ਹੀ ਹੋਇਆ ਹੈ ਤੇ ਉਨ੍ਹਾਂ ਨੂੰ ਪੂਰੇ ਅਧਿਕਾਰ ਮਿਲੇ ਹੋਏ ਹਨ, ਇਸੇ ਲਈ ਉਨ੍ਹਾਂ ਦੇ ਜੇਰੇ ਪੂਰੀ ਤਰ੍ਹਾਂ ਖੁੱਲ੍ਹੇ ਹੋਏ ਹਨ ਤੇ ਉਹ ਗੌਰੀ ਲੰਕੇਸ਼ ਵਰਗੀਆਂ ਨੂੰ ਚੁੱਪ ਕਰਵਾਉਣ ਲਈ ਕੁਝ ਵੀ ਕਰ ਸਕਦੇ ਹਨ। ਇਹ ਵੱਖਰੀ ਗੱਲ ਹੈ ਕਿ ਗੌਰੀ ਲੰਕੇਸ਼ ਦੀ ਮੌਤ ਤਾਂ ਹੁਣ ਇੱਕ ਬਿੰਬ, ਇੱਕ ਪ੍ਰਤੀਕ ਬਣ ਗਈ ਹੈ।

ਸਾਡੇ ਦੇਸ਼ ਵਰਗੀ ਵਿਸ਼ਾਲ ਧਰਤੀ 'ਤੇ ਰੋਜ਼ਾਨਾ ਲੱਖਾਂ ਵਧੀਕੀਆਂ ਅਤੇ ਲੱਖਾਂ ਹੀ ਬਗ਼ਾਵਤਾਂ ਵੀ ਹੁੰਦੀਆਂ ਹਨ। ਹੋ ਸਕਦਾ ਹੈ ਕਿ ਉਹ ਵਿਦਰੋਹ ਛੋਟੇ ਤੇ ਨਿਗੂਣੇ ਹੋਣ ਅਤੇ ਅਸਲ ਵਿੱਚ ਅਜਿਹੀਆਂ ਘਟਨਾਵਾਂ ਨੂੰ ਕਦੇ ਅਖ਼ਬਾਰਾਂ ਦੇ ਮੁੱਖ ਪੰਨਿਆਂ ਜਾਂ ਖੇਤਰੀ ਪ੍ਰੈੱਸ ਵਿੱਚ ਵੀ ਕੋਈ ਥਾਂ ਨਹੀਂ ਮਿਲਦੀ; ਫਿਰ ਵੀ ਅਜਿਹੇ ਰੋਹ ਤੇ ਰੋਸਿਆਂ ਦੀਆਂ ਗਤੀਵਿਧੀਆਂ ਵਾਪਰਦੀਆਂ ਹਨ ਕਿਉਂਕਿ ਤਾਕਤ ਨਾਲ ਅੰਨ੍ਹਾ ਹੋਇਆ ਸਥਾਨਕ ਢਾਂਚਾ ਹਰ ਕਿਸੇ ਨੂੰ ਝੁਕਾਉਣ ਤੇ ਹੁਕਮਾਂ ਉੱਤੇ ਫੁੱਲ ਚੜ੍ਹਾਉਣ ਲਈ ਮਜਬੂਰ ਕਰਨ ਵਾਸਤੇ ਅਕਸਰ ਆਪਣਾ ਦਬਾਅ ਪਾਉਂਦਾ ਰਹਿੰਦਾ ਹੈ। ਅਜਿਹੇ ਕਰੋੜਾਂ ਨਾਗਰਿਕ ਹਨ, ਜਿਨ੍ਹਾਂ ਨੂੰ 'ਪੁਰਾਣਾ ਭਾਰਤ' ਅਤੇ ਉਸ ਦੀਆਂ ਨਹਿਰੂਵਾਦੀ ਕਦਰਾਂ-ਕੀਮਤਾਂ ਹੀ ਵਧੀਆ ਲੱਗਦੀਆਂ ਹਨ; ਪਰ ਉਹ ਟੈਲੀਵਿਜ਼ਨ ਸਟੂਡੀਓਜ਼ ਵਿੱਚ ਚੀਕ-ਚੀਕ ਕੇ ਕੀਤੇ ਜਾਣ ਵਾਲੇ ਬਹਿਸ-ਮੁਬਾਹਸਿਆਂ ਵਿੱਚ ਆਪਣੇ ਵਿਚਾਰ ਪ੍ਰਗਟ ਨਹੀਂ ਕਰ ਸਕਦੇ ਪਰ ਉਹ ਪਿੰਡ-ਪਿੰਡ ਤੇ ਗਲ਼ੀਆਂ-ਮੁਹੱਲਿਆਂ ਵਿੱਚ ਅਨੇਕਤਾਵਾਦ ਤੇ ਧਰਮ-ਨਿਰਪੇਖਵਾਦ ਨੂੰ ਜਿਉਂ ਕੇ ਵਿਖਾਉਂਦੇ ਹਨ।

ਗੌਰੀ ਲੰਕੇਸ਼ ਮਾਡਲ ਉਸੇ ਰੋਹ-ਰੋਸ ਤੇ ਅਸਹਿਮਤੀ ਦੀ ਰਵਾਇਤ ਨੂੰ ਆਵਾਜ਼ ਤੇ

ਬਾਕੀ ਸਫ਼ਾ 32 'ਤੇ

# ਰਾਸ਼ਟਰਵਾਦ ਦੇ ਰੰਗ

**ਅਜੋਕੇ ਸਮੇਂ ਦੇ ਸੱਤਾਵਾਨ ਵੀ ਸਭ ਕੁਝ ਆਪਣੀ ਮਰਜ਼ੀ ਮੁਤਾਬਕ ਕਰਨ ਦੀ ਸਥਿਤੀ ਵਿੱਚ ਨਹੀਂ ਹਨ ਚਾਹੇ ਸੋਸ਼ਲ ਮੀਡੀਆ ਉੱਤੇ ਹਾਵੀ ਉਨ੍ਹਾਂ ਦੇ ਹਮਾਇਤੀ ਕਿੰਨੇ ਵੀ ਦਮਗਜੇ ਕਿਉਂ ਨਾ ਮਾਰੀ ਜਾਣ। ਸੱਤਾਵਾਨ ਜਾਣਦੇ ਹਨ ਕਿ ਮੁਸਲਿਮ ਭਾਈਚਾਰੇ ਦਾ ਸਿੱਧਾ ਰੁਸੇਵਾਂ ਉਨ੍ਹਾਂ ਦੇ ਮਿਸ਼ਨ-2019 ਦੇ ਹਿੱਤ ਵਿੱਚ ਨਹੀਂ। ਇਸੇ ਲਈ ਅਜਮੇਰ ਸ਼ਰੀਫ਼ ਵਿਖੇ ਪ੍ਰਧਾਨ ਮੰਤਰੀ ਦੀ ਤਰਫ਼ੋਂ ਚਾਦਰ ਚੜ੍ਹਾਉਣਾ ਜਾਂ ਯੈਂਗੌਨ ਵਿੱਚ ਬਹਾਦੁਰਸ਼ਾਹ ਜ਼ਫ਼ਰ ਦੀ ਮਜ਼ਾਰ 'ਤੇ ਅਕੀਦਤ ਪੇਸ਼ ਕਰਨੀ ਲੋਕਰਾਜੀ ਪ੍ਰਬੰਧ ਦੀਆਂ ਮੰਗਾਂ-ਮਜਬੂਰੀਆਂ ਦੀ ਦੇਣ ਨਹੀਂ ਬਲਕਿ ਇਸ ਅਹਿਸਾਸ ਨੂੰ ਅਸਿੱਧੇ ਤੌਰ 'ਤੇ ਤਸਲੀਮ ਕਰਨਾ ਹੈ ਕਿ ਰਾਸ਼ਟਰਵਾਦ ਸਿਰਫ਼ ਭਗਵਾਂ ਨਹੀਂ ਹੋ ਸਕਦਾ।**



ਸੁਰਿੰਦਰ ਸਿੰਘ ਤੇਜ



ਵੱਟਸਐਪ ਦੀ ਚੜ੍ਹਤ ਦੇ ਮੌਜੂਦਾ ਦੌਰ ਵਿੱਚ ਰੋਜ਼ਾਨਾ ਅਜਿਹੇ ਸੁਨੇਹੇ ਵੀ ਮਿਲਦੇ ਹਨ ਜਿਨ੍ਹਾਂ ਨੂੰ ਦੇਖਣ ਜਾਂ ਪੜ੍ਹਨ ਦੀ ਇੱਛਾ ਨਹੀਂ ਹੁੰਦੀ। ਜਦੋਂ ਇਹ ਸੋਸ਼ਲ ਮੀਡੀਆ ਟੂਲ ਅਜੇ ਨਵਾਂ ਨਵਾਂ ਆਇਆ ਸੀ ਤਾਂ ਸੁਨੇਹਿਆਂ ਦੀ ਭਰਮਾਰ ਨਹੀਂ ਸੀ ਹੁੰਦੀ। ਵਿਰਲਾ-ਟਾਵਾਂ ਸੁਨੇਹਾ ਆਪਣੇ ਹੀ ਗਰੁੱਪ ਵਿਚੋਂ ਆਉਂਦਾ ਸੀ। ਇਸੇ ਗਰੁੱਪ ਵਿੱਚ ਸੇਵਾਮੁਕਤ ਬ੍ਰਿਗੇਡੀਅਰ ਪ੍ਰੇਮ ਨਜ਼ਰਥ ਨੂੰ ਸੁਨੇਹਾ ਮਿਲਿਆ ਕਿ ਹਿੰਦੂਆਂ ਦੇ ਦੇਸ਼ ਵਿੱਚ ਬਾਕੀ ਧਰਮਾਂ ਨੂੰ ਜ਼ਿਆਦਾ ਹੀ ਖੁੱਲ੍ਹ ਦਿੱਤੀ ਜਾ ਰਹੀ ਹੈ। ਇਹ ਖੁੱਲ੍ਹ ਦੇਸ਼ ਦਾ ਰੱਤ ਚੂਸਦੀ ਜਾ ਰਹੀ ਹੈ। ਸਮਾਂ ਆ ਗਿਆ ਹੈ ਕਿ ਹਿੰਦੂ ਆਪਣੇ ਗੌਰਵ ਤੇ ਸਨਮਾਨ ਦੀ ਰਾਖੀ ਲਈ ਲਾਮਬੰਦ ਹੋਣ ਅਤੇ ਰਾਜ ਪ੍ਰਬੰਧ ਉੱਤੇ ਆਪਣੀ ਸਰਦਾਰੀ ਦੀ ਮੋਹਰ ਲਾਉਣ।

ਨਜ਼ਰਥ ਹਿੰਦੂ ਨਹੀਂ। ਉਹ ਸੀਰੀਅਨ ਕ੍ਰਿਸ਼ਚਨ ਹਨ। ਇਸਾਈ ਮੱਤ ਦੀ ਇਸ ਸ਼ਾਖਾ ਨਾਲ ਜੁੜੇ ਕਈ ਦਰਜਨ ਪਰਿਵਾਰ 16ਵੀਂ ਸਦੀ ਵਿੱਚ ਔਟੋਮਨ ਤੁਰਕਾਂ ਤੇ ਕੱਟੜਪੰਥੀ ਅਰਬਾਂ ਦੇ ਜ਼ੁਲਮਾਂ ਤੋਂ ਅੱਕ-ਥੱਕ ਕੇ ਅਰਬ ਸਾਗਰ ਦੇ ਰਸਤੇ ਪੱਛਮੀ ਭਾਰਤ ਵਿੱਚ ਆ ਗਏ ਸਨ। ਪਾਰਸੀਆਂ ਵਾਂਗ ਉਨ੍ਹਾਂ ਨੂੰ ਵੀ ਉੱਥੇ ਸ਼ਰਨ ਮਿਲੀ। ਉਹ ਆਪਣਾ ਧਰਮ ਜਾਂ ਜੀਵਨ ਸ਼ੈਲੀ ਬਦਲੇ ਬਿਨਾਂ ਗੋਆ ਤੇ ਗੁਜਰਾਤ ਦੇ ਕੁਝ ਹਿੱਸਿਆਂ ਵਿੱਚ ਵਸ ਗਏ। ਹੌਲੀ ਹੌਲੀ ਉਹ ਭਾਰਤੀ ਸਮਾਜ ਵਿੱਚ ਇਸ ਹੱਦ ਤਕ ਰੱਚ-ਮਿੱਚ ਗਏ ਕਿ ਉਨ੍ਹਾਂ ਨੇ ਬੱਚਿਆਂ ਦੇ ਨਾਮ ਵੀ ਹਿੰਦੂਆਂ ਵਾਲੇ ਰੱਖਣੇ ਸ਼ੁਰੂ ਕਰ ਦਿੱਤੇ। ਬ੍ਰਿਗੇਡੀਅਰ ਪ੍ਰੇਮ ਜਾਂ ਉਨ੍ਹਾਂ ਦੇ ਲੇਖਕ ਤੇ ਕਾਲਮਨਵੀਸ ਬੇਟੇ ਸਮੀਰ ਨਜ਼ਰਥ ਦੇ ਨਾਮ ਇਸੇ ਵਰਤਾਰੇ ਦਾ ਹਿੱਸਾ ਹਨ। ਪੱਛਮੀ ਭਾਰਤ ਦੇ ਤੱਟਵਰਤੀ ਇਲਾਕਿਆਂ ਵਿੱਚ ਇੱਕ ਸਮੇਂ ਅਜਿਹੀ ਸਾਂਝ ਆਮ ਹੀ ਸੀ। ਫਿਰ ਕੱਟੜਵਾਦੀ ਇਸਲਾਮ ਤੇ ਨਾਲ ਹੀ ਹਿੰਦੂਤਵ ਦੇ ਉਭਾਰ ਨੇ ਸਾਂਝ ਦੀਆਂ ਤੰਦਾਂ ਪੀਡੀਆਂ ਨਹੀਂ ਰਹਿਣ ਦਿੱਤੀਆਂ। ਮਜ਼ਹਬੀ ਪਛਾਣ ਚਿੰਨ੍ਹ ਹਰ ਪਾਸੇ ਪ੍ਰਤੱਖ ਹੋ ਗਏ ਹਨ। ਮੈਮਨ ਮੁਸਲਮਾਨਾਂ ਦੀ ਮਿਸਾਲ ਸਾਡੇ ਸਾਹਮਣੇ ਹੈ। ਉਨ੍ਹਾਂ ਦੇ ਵਡੇਰੇ ਅਰਬ ਸਨ -ਖ਼ਲੀਫ਼ੇ ਦੇ ਜਵਾਈ ਮੁਹੰਮਦ ਬਿਨ-ਕਾਸਿਮ ਦੀ ਫ਼ੌਜ ਦਾ ਹਿੱਸਾ। ਬਿਨ-ਕਾਸਿਮ ਤਾਂ ਸਿੰਧ ਉੱਤੇ ਕਬਜ਼ਾ ਕਰਨ ਮਗਰੋਂ ਅਰਬ ਭੂਮੀ (ਇਰਾਕ) ਪਰਤ ਗਿਆ। ਪਿੱਛੇ ਰਹਿ ਗਏ ਫ਼ੌਜੀਆਂ ਨੇ ਮੁਕਾਮੀ ਲੋਕਾਂ ਨਾਲ ਘੁਲਣਾ-ਮਿਲਣਾ ਸ਼ੁਰੂ ਕਰ ਦਿੱਤਾ ਅਤੇ ਅਜਿਹਾ ਰਚੇ-ਮਿਚੇ ਕਿ ਕਬਾਇਲੀ ਬਿਰਤੀ ਤਿਆਗ ਦਿੱਤੀ, ਖੇਤੀ ਤੇ ਕਾਰੋਬਾਰ ਵੱਲ ਧਿਆਨ ਦੇਣ ਲੱਗੇ ਤੇ ਫਿਰ ਪੱਕੇ ਕਾਰੋਬਾਰੀ ਬਣ ਗਏ। ਗੁਜਰਾਤ ਦੇ ਬਹੁਤੇ ਮੁਸਲਮਾਨ ਕਾਰੋਬਾਰੀ ਮੈਮਨ ਹੀ ਹਨ। ਇੱਕ ਸਮੇਂ ਉਨ੍ਹਾਂ ਨੇ ਅੱਧੇ ਨਾਮ ਵੀ ਹਿੰਦੂਆਂ ਵਾਲੇ ਰੱਖਣੇ ਸ਼ੁਰੂ ਕਰ ਦਿੱਤੇ ਸਨ। ਕਾਰਪੋਰੇਟ ਘਰਾਣੇ 'ਵਿਪਰੋ' ਦੇ ਮੁਖੀ ਅਜ਼ੀਮ ਪ੍ਰੇਮਜੀ ਇਸੇ ਸੁਮੇਲ ਦੀ ਇੱਕ ਮਿਸਾਲ ਸਨ। ਹੁਣ ਅਜਿਹੀ ਮਿਸਾਲ ਲੱਭਣੀ ਔਖੀ ਹੋ ਗਈ ਹੈ।

ਬਹਰਹਾਲ, ਜਿਸ ਸੁਨੇਹੇ ਨੂੰ ਦੇਖ ਕੇ ਬ੍ਰਿਗੇਡੀਅਰ ਪ੍ਰੇਮ ਨਜ਼ਰਥ ਪਰੇਸ਼ਾਨ ਹੋ ਗਏ ਸਨ, ਉਹੋ ਜਿਹੇ ਸੁਨੇਹੇ ਮਿਲਣੇ ਹੁਣ ਆਮ ਹੀ ਹਨ। ਅਸੀਂ ਧਾਰਮਿਕ ਪੁਨਰ-ਸੁਰਜੀਤੀ ਦੇ ਨਾਂਅ 'ਤੇ ਭਗਵੇਂ ਰਾਸ਼ਟਰਵਾਦ ਦੇ ਦੌਰ ਵਿੱਚੋਂ ਲੰਘ ਰਹੇ ਹਾਂ। ਕੌਮੀ ਵਸੋਂ ਦੇ ਇੱਕ ਵੱਡੇ ਵਰਗ ਦਾ ਹਾਵ-ਭਾਵ ਅਤੇ ਦੇਸ਼ ਦੇ ਹਾਕਮਾਂ ਦੇ ਰੰਗ-ਢੰਗ ਕੌਮੀ ਇਤਿਹਾਸ ਦਾ ਨਸਲੀ ਸੁਧਾਰ ਕਰਨ ਲਈ ਦ੍ਰਿੜ੍ਹ ਜਾਪਦੇ ਹਨ। ਨਸਲੀ ਸੁਧਾਰ ਦੇ ਇਸੇ ਅਮਲ ਰਾਹੀਂ ਸਾਰੇ 'ਵਿਦੇਸ਼ੀ' ਹੁਕਮਰਾਨਾਂ ਦਾ ਦਾਨਵੀਕਰਨ ਕੀਤਾ ਜਾ ਰਿਹਾ ਹੈ। ਕੇਂਦਰ ਦੀ ਸਰਕਾਰ ਜਾਂ ਇੱਕ ਦਰਜਨ ਸੂਬਾਈ ਸਰਕਾਰਾਂ ਇਸੇ ਨਵੇਂ 'ਰਾਸ਼ਟਰੀ' ਫ਼ਲਸਫ਼ੇ ਮੁਤਾਬਕ ਕਾਨੂੰਨ ਬਣਾਉਣ ਦੀ ਸਥਿਤੀ ਵਿੱਚ ਹਨ। ਉਹ ਅਜਿਹਾ ਕਰ ਵੀ ਰਹੀਆਂ ਹਨ। ਲੋਕਾਂ ਨੇ ਕੀ ਖਾਣਾ ਹੈ, ਕੀ ਪਹਿਨਣਾ ਹੈ, ਕੀ ਬੋਲਣਾ ਹੈ ਇਹ ਸਭ ਕੁਝ ਤੈਅ ਕਰਨ ਦਾ ਸਿਲਸਿਲਾ ਜਾਰੀ ਹੈ। ਕਦੇ ਧਰਮ ਨਿਰਪੇਖਤਾ ਨੂੰ ਭਾਰਤੀ ਜੀਵਨ ਸ਼ੈਲੀ ਦੀ ਰੂਹੇ-ਰਵਾਂ ਮੰਨਿਆ ਜਾਂਦਾ ਸੀ, ਹੁਣ ਹਿੰਦੂਤਵ ਨੂੰ ਇਹ ਦਰਜਾ ਦੇਣ ਦੇ ਯਤਨ ਕੀਤੇ ਜਾ ਰਹੇ ਹਨ। ਆਜ਼ਾਦਾਨਾ ਤੇ ਤਾਰਕਿਕ ਸੂਹਜ ਵਾਲਿਆਂ ਦੀਆਂ ਹੱਤਿਆਵਾਂ ਵੱਖਰੇ ਤੌਰ 'ਤੇ ਚਿੰਤਾਵਾਂ ਪੈਦਾ ਕਰ ਰਹੀਆਂ ਹਨ। ਪਰ ਕੀ ਇਹ ਪ੍ਰਾਜੈਕਟ ਸਥਾਈ ਰੂਪ ਗ੍ਰਹਿਣ ਕਰ ਸਕੇਗਾ?

ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਹੁਕਮਰਾਨ ਧਿਰ ਵੱਲੋਂ ਲੋਕਾਂ ਉੱਤੇ ਇੱਕ ਵਿਸ਼ੇਸ਼ ਧਰਮ ਜਾਂ ਇੱਕ ਵਿਸ਼ੇਸ਼ ਜੀਵਨ ਸ਼ੈਲੀ ਠੋਸਣ ਦੇ ਯਤਨ ਕੀਤੇ ਜਾਂਦੇ ਹਨ ਤਾਂ ਮੁੱਢ ਵਿੱਚ ਤਾਂ ਕਾਮਯਾਬੀ ਵਾਲਾ ਪ੍ਰਭਾਵ ਬਣਦਾ ਹੈ ਪਰ ਹੌਲੀ ਹੌਲੀ ਇਸ ਜ਼ਬਰਦਸਤੀ ਖ਼ਿਲਾਫ਼ ਅਕੇਵਾਂ ਵੀ ਸਿਰ ਚੁੱਕਣ ਲੱਗਦਾ ਹੈ। ਸਮਰਾਟ ਅਸ਼ੋਕ ਨੇ ਕਾਲਿੰਗਾ ਉੱਤੇ ਕਹਿਰ ਢਾਹੁਣ ਅਤੇ ਲੱਖਾਂ ਜਾਨਾਂ ਲੈਣ ਮਗਰੋਂ ਪਸ਼ਚਾਤਾਪ ਵਜੋਂ ਬੁੱਧ ਮੱਤ ਧਾਰਨ ਕਰ ਲਿਆ ਅਤੇ ਫਿਰ ਨਵੇਂ ਨਵੇਂ ਜਨੂਨ ਵਿੱਚ ਆਪਣੀ ਸਮੁੱਚੀ ਪ੍ਰਜਾ ਉੱਤੇ ਇਹੋ ਧਰਮ ਠੋਸਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਉਸ ਦੇ ਜੀਵਨ-ਕਾਲ ਦੌਰਾਨ ਤਾਂ ਬੋਧੀਸੱਤਵ ਦਾ ਪਸਾਰਾ ਹਰ ਪਾਸੇ ਦੇਖਣ ਨੂੰ ਮਿਲਿਆ, ਪਰ ਮਰਦਿਆਂ ਹੀ ਹਿੰਦੂ ਧਰਮ ਵੱਧ ਜਲੌਅ ਨਾਲ ਸੁਰਜੀਤ ਹੋ ਗਿਆ। 14ਵੀਂ ਸਦੀ ਦੇ ਮੁੱਢ ਵਿੱਚ ਸੁਲਤਾਨ ਅਲਾਉਦੀਨ ਖਿਲਜੀ ਦੀ ਹਕੂਮਤ ਹੁਣ ਵਾਲੇ ਸਮੁੱਚੇ ਅਫ਼ਗਾਨਿਸਤਾਨ ਤੋਂ ਲੈ ਕੇ ਪੂਰਬ ਵਿੱਚ ਕਾਮਰੂਪ (ਅਸਾਮ) ਅਤੇ ਮੌਜੂਦਾ ਊਧਮਪੁਰ ਤੋਂ ਲੈ ਕੇ ਕੋਚੀ (ਕੇਰਲਾ) ਤਕ ਫੈਲ ਗਈ। ਅਜਿਹੇ ਪਸਾਰੇ ਦੇ ਬਾਵਜੂਦ ਉਸ ਨੂੰ ਮਹਿਜ਼ 7 ਸਾਲਾਂ ਦੇ ਅੰਦਰ ਯਕੀਨ ਹੋ ਗਿਆ ਕਿ ਉਹ ਨਾ ਤਾਂ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾ ਸਕੇਗਾ ਅਤੇ ਨਾ ਹੀ ਚੈਨ ਨਾਲ ਸ਼ਾਸਨ ਕਰ ਸਕੇਗਾ। ਉਸ ਨੇ ਚੁਪ-ਚੁਪੀਤਿਆਂ ਸੂਫ਼ੀਵਾਦ ਨੂੰ ਹੁਲਾਰਾ ਦੇਣਾ ਸ਼ੁਰੂ ਕਰ ਦਿੱਤਾ। ਕਾਰਿੰਦਿਆਂ ਤਕ ਬਦਲੀਆਂ ਨੀਤੀਆਂ ਦਾ ਸੁਨੇਹਾ ਖ਼ੁਦ-ਬਖ਼ੁਦ ਪਹੁੰਚਣਾ ਸ਼ੁਰੂ ਹੋ ਗਿਆ। ਅਮੀਰ ਖ਼ੁਸਰੋ ਤੇ ਹੋਰ ਸੂਫ਼ੀਆਂ ਦਾ ਉਭਾਰ ਉਸੇ ਯੁੱਗ ਤੋਂ ਆਰੰਭ ਹੋਇਆ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਅੰਤਾਂ ਦਾ ਤੁਅੱਸਬੀ ਮੰਨਿਆ ਜਾਂਦਾ ਰਿਹਾ ਹੈ, ਪਰ ਹਿੰਦੂ ਅਹਿਲਕਾਰਾਂ ਨੂੰ ਸ਼ਾਹੀ ਦਰਬਾਰ ਵਿੱਚ ਥਾਂ ਦੇਣ ਦਾ ਜੋ ਸਿਲਸਿਲਾ ਅਲਾਉਦੀਨ ਖ਼ਿਲਜੀ ਨੇ ਸ਼ੁਰੂ ਕੀਤਾ ਸੀ, ਉਸ ਦਾ ਸਿਖ਼ਰ ਛੇ ਸਦੀਆਂ ਬਾਅਦ ਆਲਮਗੀਰੀ ਹਕੂਮਤ ਵਿੱਚ ਦੇਖਿਆ ਗਿਆ ਜਿਸ ਦੇ ਹਿੰਦੂ ਅਹਿਲਕਾਰਾਂ ਦੀ ਨਫ਼ਰੀ 42 ਫ਼ੀਸਦੀ ਤਕ ਜਾ ਪਹੁੰਚੀ।

ਇੱਕ ਗੱਲ ਸਾਫ਼ ਹੈ ਕਿ ਕੋਈ ਵੀ ਹਕੂਮਤ ਆਪਣੀ ਵਸੋਂ ਦੇ ਕਿਸੇ ਵੱਡੇ-ਛੋਟੇ ਵਰਗ ਨੂੰ ਬਹੁਤਾ ਸਮਾਂ ਨਾਰਾਜ਼ ਕਰਕੇ ਨਹੀਂ ਰੱਖ ਸਕਦੀ। ਸਿਤਮਗਰੀ ਦਾ ਦੌਰ ਬਗ਼ਾਵਤਾਂ ਨੂੰ ਜਨਮ ਦਿੰਦਾ ਹੈ; ਹਕੂਮਤੀ ਜ਼ੋਰ ਨਾਲ ਬਗ਼ਾਵਤਾਂ ਦੀ ਸ਼ਿੱਦਤ ਤਾਂ ਮੱਠੀ ਪਾਈ ਜਾ ਸਕਦੀ ਹੈ, ਇਨ੍ਹਾਂ ਦੀ ਸੁਲਗ਼ਣ ਨਹੀਂ ਰੋਕੀ ਜਾ ਸਕਦੀ। ਜਦੋਂ ਵੀ ਇਹ ਖ਼ਤਮ ਹੋਈਆਂ ਹਨ, ਸੁਲ੍ਹਾ-ਸਫ਼ਾਈ ਵਾਲੇ ਅਮਲ ਰਾਹੀਂ ਹੀ ਹੋਈਆਂ ਹਨ। ਆਜ਼ਾਦ ਭਾਰਤ ਵਿੱਚ ਅਸੀਂ ਅਜਿਹਾ ਅਮਲ ਆਮ ਹੀ ਵੇਖਦੇ ਆ ਰਹੇ ਹਾਂ। 1857 ਦੇ ਸੰਗਰਾਮ ਦੀ ਮਿਸਾਲ ਵੀ ਸਾਡੇ ਸਾਹਮਣੇ ਹੈ। ਅੰਗਰੇਜ਼ਾਂ ਨੇ ਇੱਕ ਵਾਰ ਭਾਰਤੀ ਸੰਗਰਾਮੀਆਂ ਦਾ ਸਫ਼ਾਇਆ ਕਰਨ ਲਈ ਅੰਤਾਂ ਦਾ ਕਹਿਰ ਢਾਹਿਆ, ਪਰ ਬਗ਼ਾਵਤ ਕੰਟਰੋਲ ਵਿੱਚ ਆਉਂਦਿਆਂ ਹੀ ਕੰਪਨੀ ਰਾਜ ਖ਼ਤਮ ਕਰਕੇ ਅਤੇ ਭਾਰਤ ਨੂੰ ਸਿੱਧੇ ਤੌਰ 'ਤੇ ਬ੍ਰਿਟਿਸ਼ ਪਾਰਲੀਮੈਂਟ ਅਧੀਨ ਲਿਆ ਕੇ ਪ੍ਰਸ਼ਾਸਨਿਕ, ਆਰਥਿਕ ਤੇ ਰਾਜਸੀ ਸੁਧਾਰਾਂ ਦਾ ਕਾਜ ਆਰੰਭਿਆ। ਇਸੇ ਨੀਤੀ ਅਧੀਨ ਹਕੂਮਤੀ ਪ੍ਰਬੰਧ ਵਿੱਚ ਭਾਰਤੀਆਂ ਦੀ ਸ਼ਮੂਲੀਅਤ ਵਧਾਈ ਗਈ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਸੁਧਾਰਾਂ ਨੇ ਹੀ ਆਜ਼ਾਦੀ ਦੀ ਤਾਂਘ ਪ੍ਰਚੰਡ ਕਰਨ ਵਿੱਚ ਭਰਵਾਂ ਯੋਗਦਾਨ ਪਾਇਆ।

ਅਜੋਕੇ ਸਮੇਂ ਦੇ ਸੱਤਾਵਾਨ ਵੀ ਸਭ ਕੁਝ ਆਪਣੀ ਮਰਜ਼ੀ ਮੁਤਾਬਕ ਕਰਨ ਦੀ ਸਥਿਤੀ ਵਿੱਚ ਨਹੀਂ ਹਨ ਚਾਹੇ ਸੋਸ਼ਲ ਮੀਡੀਆ ਉੱਤੇ ਹਾਵੀ ਉਨ੍ਹਾਂ ਦੇ ਹਮਾਇਤੀ ਕਿੰਨੇ ਵੀ ਦਮਗਜੇ ਕਿਉਂ ਨਾ ਮਾਰੀ ਜਾਣ। ਸੱਤਾਵਾਨ ਜਾਣਦੇ ਹਨ ਕਿ ਮੁਸਲਿਮ ਭਾਈਚਾਰੇ ਦਾ ਸਿੱਧਾ ਰੁਸੇਵਾਂ ਉਨ੍ਹਾਂ ਦੇ ਮਿਸ਼ਨ-2019 ਦੇ ਹਿੱਤ ਵਿੱਚ ਨਹੀਂ। ਇਸੇ ਲਈ ਅਜਮੇਰ ਸ਼ਰੀਫ਼ ਵਿਖੇ ਪ੍ਰਧਾਨ ਮੰਤਰੀ ਦੀ ਤਰਫ਼ੋਂ ਚਾਦਰ ਚੜ੍ਹਾਉਣਾ ਜਾਂ ਯੈਂਗੌਨ ਵਿੱਚ ਬਹਾਦੁਰਸ਼ਾਹ ਜ਼ਫ਼ਰ ਦੀ ਮਜ਼ਾਰ 'ਤੇ ਅਕੀਦਤ ਪੇਸ਼ ਕਰਨੀ ਲੋਕਰਾਜੀ ਪ੍ਰਬੰਧ ਦੀਆਂ ਮੰਗਾਂ-ਮਜਬੂਰੀਆਂ ਦੀ ਦੇਣ ਨਹੀਂ ਬਲਕਿ ਇਸ ਅਹਿਸਾਸ ਨੂੰ ਅਸਿੱਧੇ ਤੌਰ 'ਤੇ ਤਸਲੀਮ ਕਰਨਾ ਹੈ ਕਿ ਰਾਸ਼ਟਰਵਾਦ ਸਿਰਫ਼ ਭਗਵਾਂ ਨਹੀਂ ਹੋ ਸਕਦਾ।

('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)

# ਮੁੰਬਈ ਧਮਾਕਿਆਂ 'ਚ ਗੈਂਗਸਟਰ ਅਬੂ ਸਲੇਮ ਨੂੰ ਉਮਰ ਕੈਦ

## *'ਟਾਡਾ' ਕੋਰਟ ਨੇਂ ਤਾਹਿਰ ਤੇ ਫ਼ਿਰੋਜ਼ ਨੂੰ ਦਿੱਤੀ ਫਾਂਸੀ ਦੀ ਸਜ਼ਾ*

**ਮੁੰਬਈ/ਬਿਊਰੋ ਨਿਊਜ਼:** ਟਾਡਾ ਅਦਾਲਤ ਨੇ 1993 ਦੇ ਲੜੀਵਾਰ ਧਮਾਕਿਆਂ ਦੇ ਕੇਸ ਵਿੱਚ ਤਾਹਿਰ ਮਰਚੈਂਟ ਤੇ ਫ਼ਿਰੋਜ਼ ਅਬਦੁਲ ਰਾਸ਼ਿਦ ਖ਼ਾਨ ਨੂੰ ਫਾਂਸੀ ਅਤੇ ਗੈਂਗਸਟਰ ਅਬੂ ਸਲੇਮ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਇਸ ਕੇਸ ਵਿੱਚ ਸਲੇਮ ਤੋਂ ਇਲਾਵਾ ਕਰੀਮ-ਉੱਲਾ ਖ਼ਾਨ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ, ਜਦੋਂ ਕਿ ਪੰਜਵੇਂ ਦੋਸ਼ੀ ਰਿਆਜ਼ ਸਿੱਦੀਕੀ ਨੂੰ 10 ਸਾਲਾਂ ਦੀ ਸਜ਼ਾ ਸੁਣਾਈ ਗਈ। ਵਿਸ਼ੇਸ਼ ਟਾਡਾ ਅਦਾਲਤ ਨੇ ਮੁੱਖ ਸਾਜ਼ਿਸ਼ਘਾੜੇ ਮੁਸਤਫ਼ਾ ਦੌਸਾ ਅਤੇ ਸਲੇਮ ਸਣੇ ਛੇ ਜਣਿਆਂ ਨੂੰ ਜੂਨ ਵਿੱਚ ਦੋਸ਼ੀ ਠਹਿਰਾਇਆ ਸੀ। ਹਾਲਾਂਕਿ ਮੁਲਜ਼ਮ ਅਬਦੁਲ ਕਿਊਮ ਨੂੰ ਸਬੂਤਾਂ ਦੀ ਘਾਟ ਕਾਰਨ ਛੱਡ ਦਿੱਤਾ ਗਿਆ। ਇਨ੍ਹਾਂ ਸਾਰੇ ਸੱਤ ਮੁਲਜ਼ਮਾਂ ਉਤੇ ਫੌਜਦਾਰੀ ਸਾਜ਼ਿਸ਼, ਭਾਰਤ ਸਰਕਾਰ ਵਿਰੁੱਧ ਜੰਗ ਛੇੜਨ ਤੇ ਕਤਲ ਸਣੇ ਕਈ ਦੋਸ਼ ਸਨ। ਅਦਾਲਤ ਨੇ 16 ਜੂਨ ਨੂੰ ਛੇ ਜਣਿਆਂ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਸੀ ਕਿ ਮੁੱਦਈ ਧਿਰ ਸਲੇਮ ਨੂੰ ਮੁੱਖ ਸਾਜ਼ਿਸ਼ਘਾੜਾ ਸਾਬਤ ਕਰਨ ਵਿੱਚ ਕਾਮਯਾਬ ਰਹੀ ਅਤੇ ਉਸ ਨੇ ਤਿੰਨ ਏਕੇ-56 ਰਾਈਫਲਾਂ, ਅਸਲਾ ਤੇ ਹਥਗੋਲੇ ਅਦਾਕਾਰ ਸੰਜੇ ਦੱਤ ਨੂੰ ਦਿੱਤੇ ਸਨ। ਅਦਾਲਤ ਨੇ ਕਿਹਾ ਕਿ ਦਾਊਦ ਇਬਰਾਹਿਮ ਦੇ ਫਰਾਰ ਭਰਾ ਅਨੀਸ ਇਬਰਾਹਿਮ ਅਤੇ ਦੌਸਾ ਦੇ ਨੇੜੇ ਰਿਹਾ ਸਲੇਮ ਡਿੱਘੀ ਤੋਂ ਮੁੰਬਈ ਤੱਕ



ਫ਼ਿਰੋਜ਼ ਖ਼ਾਨ



ਤਾਹਿਰ ਮਰਚੈਂਟ



ਅਬੂ ਸਲੇਮ



ਕਰੀਮ-ਉੱਲਾ

ਹਥਿਆਰ ਤੇ ਅਸਲਾ ਲੈ ਕੇ ਆਇਆ। ਅਬੂ ਸਲੇਮ, ਮੁਸਤਫ਼ਾ ਦੌਸਾ, ਕਰੀਮ-ਉੱਲਾ ਖ਼ਾਨ, ਫ਼ਿਰੋਜ਼ ਅਬਦੁਲ ਰਾਸ਼ਿਦ ਖ਼ਾਨ, ਰਿਆਜ਼ ਸਿੱਦੀਕੀ, ਤਾਹਿਰ ਮਰਚੈਂਟ ਅਤੇ ਅਬਦੁਲ ਕਿਊਮ ਖ਼ਿਲਾਫ਼ ਸੁਣਵਾਈ ਮੁੱਖ ਕੇਸ ਤੋਂ ਵੱਖ ਚੱਲੀ ਕਿਉਂਕਿ ਉਨ੍ਹਾਂ ਨੂੰ ਬਾਅਦ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਦੌਸਾ ਦੀ 28 ਜੂਨ ਨੂੰ ਦਿਲ ਦੇ ਦੌਰੇ ਕਾਰਨ ਮੁੰਬਈ ਦੇ ਜੇ.ਜੇ. ਹਸਪਤਾਲ ਵਿੱਚ ਮੌਤ ਹੋ ਗਈ ਸੀ। ਅਦਾਲਤ ਨੇ ਮੰਨਿਆ ਕਿ ਤਾਹਿਰ ਮਰਚੈਂਟ ਮੁੱਖ ਸਾਜ਼ਿਸ਼ਘਾੜਿਆਂ ਵਿੱਚੋਂ ਸੀ। ਉਸ ਨੇ ਦੁਬਈ ਵਿੱਚ ਇਸ ਸਾਜ਼ਿਸ਼ ਸਬੰਧੀ ਕਈ ਮੀਟਿੰਗਾਂ ਵਿੱਚ ਟਾਈਗਰ ਮੈਮਨ ਨਾਲ ਭਾਗ ਲਿਆ। ਅਦਾਲਤ ਨੇ 16 ਜੂਨ ਨੂੰ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਸਾਜ਼ਿਸ਼ ਵਿੱਚ ਤਾਹਿਰ ਦੀ ਭੂਮਿਕਾ ਅਹਿਮ ਹੈ। ਉਹ ਸਾਜ਼ਿਸ਼ ਦੇ ਮੋਢੀਆਂ ਵਿੱਚੋਂ ਹੈ। ਅਦਾਲਤ ਨੇ ਫ਼ਿਰੋਜ਼ ਦੇ ਵਕੀਲ ਦੀ ਉਹ ਦਲੀਲ ਖ਼ਾਰਜ ਕੀਤੀ ਕਿ ਉਹ ਫ਼ਿਰੋਜ਼ ਖ਼ਾਨ ਨਹੀਂ, ਸਗੋਂ ਹਮਜ਼ਾ ਹੈ। ਇਸ ਫੈਸਲੇ 'ਤੇ ਪ੍ਰਤੀਕਰਮ ਪ੍ਰਗਟਾਉਂਦਿਆਂ ਭਾਜਪਾ ਨੇ ਕਿਹਾ ਕਿ ਇਸ ਨਾਲ ਅਤਿਵਾਦੀ ਕਾਰਿਆਂ ਦੇ ਦੋਸ਼ੀਆਂ ਨੂੰ ਸਜ਼ਾ ਯਕੀਨੀ ਬਣਾਉਣ ਦੀ ਭਾਰਤ ਦੀ ਵਚਨਬੱਧਤਾ ਪੱਕੀ ਹੋਈ ਹੈ। ਕਾਂਗਰਸ ਨੇ ਕਿਹਾ ਕਿ ਆਖ਼ਰਕਾਰ ਇਨਸਾਫ਼ ਹੋਇਆ। ਪਾਰਟੀ ਨੇ ਉਮੀਦ ਜਤਾਈ ਕਿ ਦਾਊਦ ਇਬਰਾਹਿਮ ਤੇ ਟਾਈਗਰ ਮੈਮਨ ਵਰਗੇ ਅਤਿਵਾਦੀਆਂ ਨੂੰ ਵੀ ਸਜ਼ਾ ਹੋਵੇਗੀ।

# ਕੈਨੇਡੀਅਨ ਅਦਾਲਤ ਵਲੋਂ ਜੱਸੀ ਸਿੱਧੂ ਕਤਲ ਮਾਮਲੇ 'ਚ ਮਾਂ ਤੇ ਮਾਮੇ ਨੂੰ ਭਾਰਤ ਹਵਾਲੇ ਕਰਨ ਦਾ ਰਾਹ ਪੱਧਰਾ

**ਮੌਂਟਰੀਅਲ/ਬਿਊਰੋ ਨਿਊਜ਼** :ਕੈਨੇਡਾ ਦੀ ਸੁਪਰੀਮ ਕੋਰਟ ਨੇ 17 ਸਾਲ ਪਹਿਲਾਂ ਜਸਵਿੰਦਰ ਕੌਰ ਉਰਫ਼ ਜੱਸੀ ਸਿੱਧੂ ਦੇ ਅਣਖ਼ ਲਈ ਕੀਤੇ ਕਤਲ ਵਿਚ ਭੂਮਿਕਾ ਲਈ ਕੈਨੇਡੀਅਨ ਨਾਗਰਿਕ ਉਸ ਦੇ ਮਾਮੇ ਸੁਰਜੀਤ ਸਿੰਘ ਬਦੇਸ਼ਾ (72) ਅਤੇ ਉਸ ਦੀ ਮਾਂ ਮਲਕੀਤ ਕੌਰ ਸਿੱਧੂ (67) ਨੂੰ ਭਾਰਤ ਹਵਾਲੇ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਜੱਸੀ ਕਤਲ ਕੀਤੇ ਜਾਣ ਸਮੇਂ 25 ਸਾਲਾਂ ਦੀ ਸੀ ਅਤੇ ਜੂਨ 2000 ਵਿੱਚ ਉਸ ਦੀ ਲਾਸ਼ ਪੰਜਾਬ ਵਿਚੋਂ ਮਿਲੀ ਸੀ ਅਤੇ ਉਸ ਦਾ ਗਲ ਵੱਢਿਆ ਹੋਇਆ ਸੀ। ਕੈਨੇਡਾ ਵਿੱਚ ਜੰਮੀ ਜੱਸੀ ਸਿੱਧੂ 1996 ਵਿੱਚ ਪੰਜਾਬ ਆਈ ਸੀ ਅਤੇ ਜਗਰਾਉਂ ਵਿੱਚ ਉਸ ਦੀ ਰਿਕਸ਼ਾ ਚਾਲਕ ਸੁਖਵਿੰਦਰ ਸਿੰਘ ਉਰਫ਼ ਮਿੱਠੂ ਨਾਲ ਮੁਲਾਕਾਤ ਹੋਈ ਸੀ ਅਤੇ ਉਨ੍ਹਾਂ ਵਿੱਚ ਪਿਆਰ ਹੋ ਗਿਆ। ਇਸ ਬਾਅਦ 1999 ਵਿੱਚ ਜਦੋਂ ਉਹ ਭਾਰਤ ਆਈ ਤਾਂ ਘਰਦਿਆਂ ਨੂੰ ਦੱਸੇ ਬਿਨਾਂ ਉਨ੍ਹਾਂ ਨੇ ਚੁੱਪ-ਚਪੀਤੇ ਵਿਆਹ ਕਰਾ ਲਿਆ। ਇਸ ਬਾਰੇ ਆਪਣੇ ਪਰਿਵਾਰ ਨੂੰ ਦੱਸਣ ਬਾਅਦ ਜੱਸੀ ਸਿੱਧੂ ਆਪਣੇ ਪਤੀ ਨੂੰ ਮਿਲਣ ਲਈ ਕੈਨੇਡਾ ਤੋਂ ਭਾਰਤ ਆਈ। ਇਸ ਜੋੜੇ 'ਤੇ ਜੂਨ 2000 ਵਿੱਚ ਸੰਗਰੂਰ ਨੇੜਲੇ ਇਕ ਪਿੰਡ ਵਿੱਚ ਹਮਲਾ ਹੋਇਆ ਜਦੋਂ ਉਹ ਸਕੂਟਰ 'ਤੇ ਜਾ ਰਹੇ ਸਨ। ਮਿੱਠੂ ਨੂੰ ਕੁੱਟ ਕੁੱਟ ਕੇ ਮਰਨ ਕੰਢੇ ਕਰਕੇ ਸੁੱਟ ਦਿੱਤਾ ਸੀ ਅਤੇ ਜੱਸੀ ਸਿੱਧੂ ਨੂੰ ਅਗਵਾ ਕਰਕੇ ਬਾਅਦ ਵਿਚ ਕਤਲ ਕਰ ਦਿੱਤਾ ਸੀ। ਜਾਂਚ ਅਧਿਕਾਰੀਆਂ ਮੁਤਾਬਕ ਜੱਸੀ ਸਿੱਧੂ ਦੀ ਮਾਂ ਤੇ ਮਾਮੇ ਨੇ ਇਹ ਵਾਰਦਾਤ ਭਾੜੇ ਦੇ ਗੁੰਡਿਆਂ ਤੋਂ ਕਰਾਈ ਸੀ। ਭਾਰਤ ਵਿਚ ਇਸ ਕਤਲ ਕੇਸ ਵਿਚ 3 ਵਿਅਕਤੀ ਦੋਸ਼ੀ ਠਹਿਰਾਏ ਗਏ ਸਨ ਪਰ ਅਧਿਕਾਰੀਆਂ ਨੂੰ 2 ਕੈਨੇਡੀਅਨ ਨਾਗਰਿਕਾਂ ਸੁਰਜੀਤ ਸਿੰਘ ਤੇ ਮਲਕੀਤ ਕੌਰ ਨੂੰ ਭਾਰਤ ਲਿਆਉਣ ਲਈ

ਬਾਕੀ ਸਫ਼ਾ 33 'ਤੇ

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

# ਇੰਟਰਨੈਸ਼ਨਲ ਕਬੱਡੀ ਕੱਪ 2017



## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

**Sikh Temple, 7676 Bradshaw Road, Sacramento, 95829**

**ਦੀਆਂ ਖੇਡ ਗਰਾਊਂਡਾਂ ਵਿਚ**

## 1 ਅਕਤੂਬਰ ਦਿਨ ਐਤਵਾਰ



**ਵਾਲੀਬਾਲ ਦੇ ਮੁਕਾਬਲੇ ਹੋਣਗੇ**

ਹੋਰ ਜਾਣਕਾਰੀ ਲਈ ਹੈਪੀ ਔਲਖ - 510-377-8306, ਪਰਮਜੀਤ ਲਾਡਾ -916-919-2769 ਅਤੇ ਗੁਰਨਾਮ ਸਿੰਘ ਗਰੇਵਾਲ - 916-275-8936 ਨੂੰ ਕਾਲ ਕਰੋ।



**ਬਾਸਕਟਬਾਲ ਦੇ ਮੁਕਾਬਲੇ ਹੋਣਗੇ**

ਹੋਰ ਜਾਣਕਾਰੀ ਲਈ ਪਾਲ ਵੜਿਆਨਾ -916-606-0142, ਹਰਦੀਪ ਢੀਂਡਸਾ-916-612-9262, ਮੱਖਣ ਵਿਰਕ - 916-996-5573 ਨੂੰ ਕਾਲ ਕਰੋ।



**ਟੂਰਨਾਮੈਂਟ ਲਈ ਰੈਫਰੀ ਟੋਰਾਂਟੋ 'ਤੋਂ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਹਨ।**

**ਪਹਿਲਾ ਇਨਾਮ :$15000**
**ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ**



**ਦੂਸਰਾ ਇਨਾਮ :$14000**
**ਸੈਂਟਰ ਵੈਲੀ ਸਪੋਰਟਸ ਕਲੱਬ, ਮੋਡੇਸਟੋ।**

**ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

» **ਸਕਿਓਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ।**

ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾ ਹੈ।

**ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।**

**ਕੁਮੈਂਟਰੀ**



ਆਸ਼ਾ ਸ਼ਰਮਾ | ਰਾਜਵਿੰਦਰ ਸਿੰਘ ਗੰਡਿਆਲਾ | ਇਕਬਾਲ ਗਾਲਿਬ | ਸੁਖਵਿੰਦਰ ਸੰਘੇੜਾ

**Live Kabaddi.com ਅਤੇ ALFA ETC Dish Channel 735 'ਤੇ ਕਬੱਡੀ ਦਾ ਸਿੱਧਾ ਪ੍ਰਸਾਰਨ ਹੋਵੇਗਾ।**

ਇਹ ਟੂਰਨਾਮੈਂਟ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੇ ਸਹਿਯੋਗ ਨਾਲ ਹੋਵੇਗਾ ਅਤੇ ਫੈਡਰੇਸ਼ਨ ਦੇ ਸਾਰੇ ਰੂਲ ਲਾਗੂ ਹੋਣਗੇ।

ਜਾਰੀ ਕਰਤਾ

## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

**Sikh Temple, 7676 Bradshaw Road, Sacramento, 95829**

ਪ੍ਰਗਟ ਸਿੰਘ ਸੰਧੂ : 209-810-5667, ਗੁਰਮੀਤ ਸਿੰਘ ਵੜੈਚ : 916-240-0369, ਨਿੰਦੀ ਬਾਂਦੀ : 916-813-1442, ਪੀਰਾ ਨਿੱਝਰ : 916-416-9527



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।।

# ਸਿੱਖ ਪੰਥ ਦੇ ਪਹਿਲੇ ਗ੍ਰੰਥੀ

# ਬਾਬਾ ਬੁੱਢਾ ਜੀ

## ਦੀ ਬਰਸੀ ਨੂੰ ਸਮਰਪਿਤ ਪ੍ਰੋਗਰਾਮ

ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB KHALSA CARE FOUNDATION

**9989 Laurel Canyon Blvd, Pacoima CA 91331**





**10 SEPTEMBER (SUNDAY) & 17 SEPTEMBER (SUNDAY)**

11.00 am to 01.00 pm — KATHA-Bhai Sahib Singh Ji (Canada Wale)
DHADHI JATHA-Badowal Bibiyan

**11 SEPTEMBER (MONDAY) TO 16 SEPTEMBER (SATURDAY)**

06.30 pm to 08.30 pm — KATHA-Bhai Sahib Singh Ji (Canada Wale)
DHADHI JATHA-Badowal Bibiyan

**BHAI KANHAIYA JEE LANGAR SEWA DAL**

FOR MORE INFORMATION PLEASE CONTACT:

BALDEV SINGH (818) 468-9595 BALWINDER SINGH (818) 404-0811 MAKHAN SINGH (661) 225-7157 PARAMJIT SINGH (626) 354-6653

Printed by: SS #9873467767

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



**Free Buffet** over 100 gallons

open 6am to midnight

**Phone: 765-478-6300**

NOW OPEN IN MODESTO/CERES



G.S. Pannu
Immigration Consultant-LDA

# PANNU'S

LEGAL SERVICES (Regd. & Bonded)

**510.677.5200**

ivisapass@gmail.com

**IMMIGRATION**

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Religious
  - ... & related matters

Family Petitions **FREE**

**DIVORCE**

- Petitions
- Child Support
- Child Visitation
- Child Custody
- Modification

...& related matters

RADIO GAL PUNJAB DI USA

LISTEN & SPONSOR

ਰੇਡੀਓ ਗੱਲ ਪੰਜਾਬ ਦੀ ਯੂਐਸਏ

Download on the App Store | ANDROID APP ON Google Play | Live on Facebook | Video on YouTube

www.radiogalpunjabdiusa.com

POWER OF ATTORNEY CREDIT REPAIR/CLEAR

SMALL CLAIM COURT CASES ...& help in legal documents preparation

**FREMONT** 40757 GRIMMER BLVD, CA 94538

**MODESTO/CERES** 3810 EAU CLAIRE AVE, CA 95307

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ



ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,

ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ (1173-1266 ਏ. ਡੀ.) ਜੀ ਦਾ ਆਗਮਨ ਪੁਰਬ **ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ, ਫਰੀਮਾਂਟ ਕੈਲੀਫੋਰਨੀਆ 94536**, ਫੋਨ ਨੰਬਰ (510) 790-0177 ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ।

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ** : 22 ਸਤੰਬਰ 2017 ਦਿਨ ਸ਼ੁੱਕਰਵਾਰ, ਸਵੇਰੇ 10:00 ਵਜੇ

**ਭੋਗ ਸ੍ਰੀ ਆਖੰਡ ਪਾਠ ਸਾਹਿਬ** : 24 ਸਤੰਬਰ 2017 ਦਿਨ ਐਤਵਾਰ, ਸਵੇਰੇ 10.00 ਵਜੇ

ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ ਜਾਵੇਗਾ।

## ਪਹੁੰਚ ਰਹੇ ਕੀਰਤਨੀ ਅਤੇ ਢਾਡੀ ਜਥੇ

*ਕੀਰਤਨੀ ਜੱਥਾ ਭਾਈ ਨਾਇਬ ਸਿੰਘ ਨਿਮਾਣਾ, ਬਾਬਾ ਫਰੀਦ ਸੰਗੀਤ ਅਕੈਡਮੀ, ਰਿਵਰਸਾਈਡ, ਐਲ ਏ ਵਾਲੇ, ਕੀਰਤਨੀ ਜੱਥਾ ਭਾਈ ਗੁਰਪ੍ਰੀਤ ਸਿੰਘ, ਬਠਿੰਡੇ ਵਾਲੇ, ਕਥਾਵਾਚਕ ਭਾਈ ਗੁਰਭੇਜ ਸਿੰਘ ਖਾਲਸਾ ਅਤੇ ਢਾਡੀ ਜੱਥਾ ਭਾਈ ਕੇਵਲ ਸਿੰਘ ਕੋਮਲ ਸੰਗਤਾਂ ਨੂੰ ਅੰਮ੍ਰਿਤਮਈ ਗੁਰਬਾਣੀ, ਗੁਰਬਾਣੀ ਵੀਚਾਰ ਅਤੇ ਗੁਰ ਇਤਿਹਾਸ ਸਰਵਣ ਕਰਵਾਉਣਗੇ।*

**ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ** : ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702 ਤਰਸੇਮ ਭਲਵਾਨ ਫਰੀਦਕੋਟ 510-258-9266, ਜਸਵੀਰ ਸਿੰਘ ਫਰੀਦਕੋਟ 510-303-8789 ਅਤੇ ਕਮਲ ਸਿੱਧੂ ਦੌਧਰ 510-717-9555

**ਵਲੋਂ : ਫਰੀਦਕੋਟ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ**

ਵੈਬਸਾਈਟ www.babafarid.net















## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# Paradise Ballrooms

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

ਟਰੱਕਿੰਗ ਕੰਪਨੀਆਂ ਦੀਆਂ ਮੁਸ਼ਕਲਾਂ ਦਾ ਹੱਲ, ਹੁਣ ਬਹੁਤ ਹੀ ਆਸਾਨ
ਅਸੀਂ ਤੁਹਾਨੂੰ ਦੇਵਾਂਗੇ, ਹਰ ਮੁਸ਼ਕਲ ਦਾ ਆਸਾਨ ਤਰੀਕਾ

ਹੁਣ ਤੁਹਾਨੂੰ DOT ਅਤੇ IFTA ਆਦਿ ਦੇ ਆਡਿਟ ਤੋਂ ਡਰਨ ਦੀ ਲੋੜ ਨਹੀਂ

- Paperless Trucking
- Driver Hiring
- Driver Application
- Maintainance Record
- Accident Record
- Drug Test Record etc

Coming Soon
E Logbook, Dispatch, Billing, Payroll, Vehicle Tracking, GPS, Automatic IFTA Report, Digital Logbook

Global Solution for Transportation
DBA E Trucking Solution




12 ਸਾਲ ਲਾਈਸੈਂਸ ਪਲੇਟਸ ਅਤੇ ਟਰੱਕ ਪਰਮਿਟ ਆਦਿ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਤੋਂ ਬਾਅਦ ਹੁਣ ਅਸੀਂ ਤੁਹਾਡੀ ਮਦਦ ਕਰਾਂਗੇ, ਚਿੰਤਾ ਮੁਕਤ ਕੰਪਨੀ ਚਲਾਉਣ ਵਿਚ।


Rajinder Singh Tanda


Lakhvir Singh

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
1-800-936-4011, 209-636-0880
Fax : 209-636-0850
Email : etrucking@etruckingsolution.com



$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# 'ਭਾਈ ਖਾਲੜਾ ਸਮੇਤ ਹੋਰਨਾਂ ਸ਼ਹੀਦਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੇ ਬਗੈਰ ਪੰਜਾਬ ਨਾਲ ਇਨਸਾਫ਼ ਦੀ ਆਸ ਕਰਨੀ ਬੇਮਾਅਨਾ'

## ਲੋਕ ਹੱਕਾਂ ਦੇ ਜੁਝਾਰੂ ਭਾਈ ਜਸਵੰਤ ਸਿੰਘ ਖਾਲੜਾ ਦੇ 22ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀਆਂ


ਸ਼ਹੀਦੀ ਸਮਾਗਮ 'ਚ ਜੁੜੀਆਂ ਸੰਗਤਾਂ


ਸ਼ਹੀਦੀ ਸਮਾਗਮ 'ਚ ਸ਼ਾਮਲ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ



ਸ਼ਹੀਦੀ ਦਿਹਾੜੇ ਮੌਕੇ ਲੱਗਿਆ ਇਕ ਬੈਨਰ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਇੱਕੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਦੌਰਾਨ ਭਾਰਤੀ ਨੀਮ ਫੌਜੀ ਦਸਤਿਆਂ ਅਤੇ ਪੰਜਾਬ ਪੁਲਿਸ ਵਲੋਂ ਲਾਵਾਰਸ ਕਰਾਰ ਦੇਕੇ 25 ਹਜ਼ਾਰ ਸਿੱਖਾਂ ਨੂੰ ਸ਼ਮਸ਼ਾਨਘਾਟਾਂ ਵਿੱਚ ਸਾੜੇ ਜਾਣ ਦਾ ਮਾਮਲਾ ਜਗ ਜਾਹਿਰ ਕਰਨ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਦਾ 22ਵਾਂ ਸ਼ਹੀਦੀ ਦਿਹਾੜਾ ਬੀਤੇ ਦਿਨ ਇੱਥੇ ਮਨਾਇਆ ਗਿਆ। ਸਥਾਨਕ ਕਬੀਰ ਪਾਰਕ ਸਥਿਤ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਸਿੰਘਾਂ ਨੇ ਗੁਰਬਾਣੀ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਭਾਈ ਖਾਲੜਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਬੁਲਾਰਿਆਂ ਨੇ ਇੱਕ ਅਵਾਜ਼ ਹੋ ਕੇ ਜ਼ੋਰ ਦਿੱਤਾ ਕਿ ਜਦ ਤੀਕ ਅਪ੍ਰੈਲ 1978 ਦੇ ਨਕਲੀ ਨਿਰੰਕਾਰੀ ਕਾਂਡ ਦੌਰਾਨ ਸ਼ਹੀਦ ਹੋਏ 13 ਸਿੰਘਾਂ ਦੀ ਸ਼ਹਾਦਤ ਤੋਂ ਲੈ ਕੇ 6 ਸਤੰਬਰ 1995 ਵਿੱਚ ਭਾਈ ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਵਲੋਂ ਚੁੱਕ ਕੇ ਕਤਲ ਕਰਨ ਫਿਰ ਲਾਸ਼ ਗਾਇਬ ਕਰ ਦੇਣ ਦੇ ਸਮੁੱਚੇ ਕਾਰੇ ਅਤੇ ਇਨ੍ਹਾਂ ਕਾਰਵਾਈਆਂ ਦੇ ਸਮੁੱਚੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲਦੀਆਂ ਪੰਜਾਬ ਅਤੇ ਭਾਰਤੀ ਉਪਮਹਾਂਦੀਪ 'ਚ ਵਸਦੀਆਂ ਘੱਟ ਗਿਣਤੀਆਂ ਨੂੰ ਇਨਸਾਫ ਨਹੀਂ ਮਿਲ ਸਕਦਾ ਤੇ ਨਾ ਹੀ ਆਸ ਕਰਨੀ ਚਾਹੀਦੀ ਹੈ। ਭਾਈ ਜੁਗਰਾਜ ਸਿੰਘ ਖਾਲੜਾ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਭਾਈ ਜਸਵੰਤ ਸਿੰਘ ਖਾਲੜਾ ਹਮੇਸ਼ਾ ਦੀਪਕ ਤੇ ਹਨੇਰੇ ਦੀ ਉਦਾਹਰਣ ਦਿੰਦੇ ਹੋਏ ਕਹਿੰਦੇ ਸਨ ਕਿ ਪੰਜਾਬ ਦੀਪਕ ਹੈ ਜੋ ਇਸ ਭਾਰਤੀ ਉਪਮਹਾਂਦੀਪ ਅੰਦਰ ਘੱਟਗਿਣਤੀਆਂ ਨਾਲ ਹੋ ਰਹੇ ਹਨੇਰ ਨੂੰ ਦੂਰ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਇਕ ਵਾਰ ਫਿਰ ਉਪਮਹਾਂਦੀਪ 'ਚ ਅਗਿਆਨਤਾ, ਅੰਧ ਵਿਸ਼ਵਾਸ਼, ਪਾਖੰਡ, ਗੁਰਬਤ ਤੇ ਅਨਪੜ੍ਹਤਾ ਦਾ ਹਨੇਰ ਛਾਇਆ ਹੋਇਆ ਹੈ ਇਸਨੂੰ ਦੂਰ ਕਰਨ ਲਈ ਸਾਨੂੰ ਸਭ ਨੂੰ ਇੱਕ ਜੁੱਟ ਹੋਕੇ ਦੀਪਕ ਦਾ ਫਰਜ਼ ਨਿਭਾਉਣਾ ਹੀ ਪਵੇਗਾ। ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਇੱਕ ਕਰੀਬੀ ਸਾਥੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਸੌਦਾ ਸਾਧ ਬਾਲਤਕਾਰ ਮਾਮਲੇ ਵਿੱਚ ਕੇਂਦਰੀ ਜਾਂਚ ਬਿਊਰੋ ਵਲੋਂ ਕੀਤੀ ਪੜਤਾਲ ਤੇ ਜੱਜ ਵਲੋਂ ਦਿਤੇ ਫੈਸਲੇ 'ਤੇ ਕਾਹਲੀ ਵਿੱਚ ਖੁਸ਼ ਨਹੀਂ ਹੋਣਾ ਚਾਹੀਦਾ ਵਿਚਾਰਨਾ ਚਾਹੀਦਾ ਹੈ ਕਿ ਇਸੇ ਕੇਂਦਰੀ ਜਾਂਚ ਬਿਊਰੋ ਨੇ ਭਾਈ ਖਾਲੜਾ ਦੇ ਕਤਲ ਦੀ ਜਾਂਚ ਕਰਦਿਆਂ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਨੂੰ ਦੋਸ਼ੀ ਕਿਉਂ ਨਹੀਂ ਬਣਾਇਆ। ਉਨ੍ਹਾਂ ਕਿਹਾ ਕਿ ਲਾਵਰਾਸ ਲਾਸ਼ਾਂ ਦੇ ਮਾਮਲੇ ਵਿੱਚ ਜਦੋਂ ਭਾਈ ਖਾਲੜਾ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਕੋਲ ਪਹੁੰਚ ਕੀਤੀ ਤਾਂ ਅਦਾਲਤ ਦਾ ਕਹਿਣਾ ਸੀ ਕਿ ਪੀੜਤ ਪ੍ਰੀਵਾਰ ਇਹ ਗੁਹਾਰ ਲਗਾਉਣ। ਉਨ੍ਹਾਂ ਕਿਹਾ ਕਿ ਅੱਜ ਸੂਬੇ ਵਿੱਚ ਵਿਰੋਧੀ ਵਿਚਾਰਧਾਰਾ ਵਾਲੀਆਂ ਦੋ ਪਾਰਟੀਆਂ ਬਾਦਲ ਦਲ ਤੇ ਕਾਂਗਰਸ ਮਿਲਕੇ ਰਾਜ ਕਰ ਰਹੀਆਂ ਹਨ, ਪੰਜਾਬ ਤੇ ਕਿਸਾਨੀ ਦੇ ਮਸਲੇ ਉਥੇ ਹੀ ਖੜ੍ਹੇ ਹਨ ਪਰ ਇਹ ਲੋਕ ਸਾਨੂੰ ਮੂਰਖ ਬਣਾਉਣ ਦੀ ਦੌੜ ਲਗਾ ਰਹੇ ਹਨ। ਆਪਣੇ ਸੰਬੋਧਨ ਵਿੱਚ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਇਹ ਮੁਲਾਂਕਣ ਸਮੇਂ ਦੀ ਲੋੜ ਹੈ ਕਿ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਹਾਲਤ ਜੋ ਜਸਵੰਤ ਸਿੰਘ ਖਾਲੜਾ ਛੱਡ ਗਏ ਸਨ, ਕਿਤਨੇ ਕੁ ਪੀੜਤਾਂ ਨੂੰ ਅਸੀਂ ਇਨਸਾਫ ਦਿਵਾ ਸਕੇ ਹਾਂ। ਉਨ੍ਹਾਂ ਕਿਹਾ ਕਿ ਹਰ ਪੰਥਕ ਸੰਸਥਾ ਦਾ ਟੀਚਾ ਕੌਮ ਨੂੰ ਇਨਸਾਫ ਦਿਵਾਉਣਾ ਹੈ ਪਰ ਆਪਸ ਵਿੱਚ ਇਕ ਜੁੱਟ ਹੋਕੇ ਮਿਲ ਬੈਠਣ ਲਈ ਇਹ ਤਿਆਰ ਨਹੀਂ ਹਨ ਇਹ ਤ੍ਰਾਸਦੀ ਹੈ। ਉਨ੍ਹਾਂ ਕਿਹਾ ਕਿ ਖੁੱਦ ਖੇਰੂੰ-ਖੇਰੂੰ ਹੋਕੇ ਅਤੇ ਕੌਮ ਖੇਰੂੰ-ਖੇਰੂੰ ਕਰਨ ਦਾ ਮਤਲਬ ਤਾਂ ਦੁਸ਼ਮਣ ਦੇ ਹੱਥ ਮਜਬੂਤ ਕਰਨਾ ਪਰ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਅਜਿਹਾ ਹਰਗਿਜ਼ ਨਹੀਂ ਹੋਣ ਦੇਵੇਗੀ।

ਇਸ ਮੌਕੇ ਬਾਬਾ ਦਰਸ਼ਨ ਸਿੰਘ ਖਾਲਸਾ, ਸ. ਦਲਬੀਰ ਸਿੰਘ ਪੱਤਰਕਾਰ, ਸਤਵੰਤ ਸਿੰਘ ਬੀਹਲਾ ਨੇ ਵੀ ਆਪਣੇ ਵਿਚਾਰ ਰੱਖੇ। ਸ. ਗੁਰਬਚਨ ਸਿੰਘ ਜਲੰਧਰ ਨੇ ਮਤੇ ਪੇਸ਼ ਕੀਤੇ ਜੋ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨ ਕੀਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮਨਬੀਰ ਸਿੰਘ ਸਰਹਾਲੀ, ਬਲਕਾਰ ਸਿੰਘ ਖਾਲੜਾ, ਪ੍ਰਦੀਪ ਕੁਮਾਰ, ਸਤਵੰਤ ਸਿੰਘ ਮਾਣਕ, ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਧਨਵੰਤ ਸਿੰਘ ਐਡਵੋਕੇਟ, ਕਰਨੈਲ ਸਿੰਘ ਫੌਜੀ, ਰੂੜ ਸਿੰਘ ਅਮੀਸ਼ਾਹ, ਕੁਲਦੀਪ ਸਿੰਘ ਕਿੱਲੀ ਬੋਦਲਾਂ, ਬਲਵਿੰਦਰ ਸਿੰਘ ਮਾਨੋਚਾਹਲ, ਹਰਜਿੰਦਰ ਸਿੰਘ ਹਰੀਕੇ, ਜਥੇਦਾਰ ਅੰਗਰੇਜ਼ ਸਿੰਘ, ਜਥੇਦਾਰ ਗੁਰਭੇਜ ਸਿੰਘ, ਜਥੇਦਾਰ ਗੁਰਜੀਤ ਸਿੰਘ, ਜਥੇਦਾਰ ਬਲਦੇਵ ਸਿੰਘ ਸਾਂਘਣਾ, ਜਥੇਦਾਰ ਕਾਬਲ ਸਿੰਘ, ਤਰਸੇਮ ਸਿੰਘ ਤਾਨਪੁਰ ਅਤੇ ਗੋਪਾਲ ਸਿੰਘ ਖਾਲੜਾ ਹਾਜ਼ਰ ਸਨ। ਇਸ ਮੌਕੇ ਪੇਸ਼ ਕੀਤੇ ਅਤੇ ਪ੍ਰਵਾਨ ਕੀਤੇ ਪ੍ਰਮੁੱਖ ਮਤਿਆਂ ਵਿੱਚ ਕੈਪਟਨ ਅਮਰਿੰਦਰ ਸਿੰਘ ਵਲੋਂ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਪਾਸ ਪੇਸ਼ ਕਰਵਾਏ ਸਿੱਖ ਨੌਜਵਾਨਾਂ, ਜੋ ਬਾਅਦ ਵਿੱਚ ਮਾਰ ਦਿੱਤੇ ਗਏ ਦੇ ਮਾਮਲੇ ਦੀ ਬਕਾਇਦਾ ਜਾਂਚ। ਸਿੱਖਾਂ ਦੇ ਕਾਤਲ ਬੇਅੰਤ ਸਿੰਘ ਦੇ ਪੋਤਰੇ ਨੂੰ ਦਿੱਤੀ ਗਈ ਡੀ.ਐਸ. ਪੀ. ਦੀ ਨੌਕਰੀ ਵਾਪਿਸ ਲੈਣ। ਕੈਪਟਨ ਅਮਰਿੰਦਰ ਸਿੰਘ ਦੀ ਸੁਰੱਖਿਆ ਦੇ ਮੁੱਖੀ ਖੂਬੀ ਰਾਮ, ਜਿਹੜਾ ਬੀਹਲਾ ਕਤਲ ਕਾਂਡ ਦਾ ਦੋਸ਼ੀ ਹੈ, ਨੂੰ ਨੌਕਰੀ ਤੋਂ ਵਿਹਲਾ ਕਰਕੇ ਕਤਲ ਕੇਸ ਚਲਾਉਣ ਦੇ ਮਤੇ ਸ਼ਾਮਿਲ ਸਨ।

### ਸ਼ਹੀਦ ਭਾਈ ਖਾਲੜਾ ਦੀ ਯਾਦ 'ਚ ਸਜਾਏ ਦੀਵਾਨ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਮਨੁੱਖੀ ਅਧਿਕਾਰ ਸੰਸਥਾ ਦੇ ਆਗੂ ਸ. ਜਸਵੰਤ ਸਿੰਘ ਖਾਲੜਾ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਲੰਘੇ ਐਤਵਾਰ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰਦੁਆਰਾ ਸਹਿਬ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ। ਰਾਗੀ ਭਾਈ ਸਰਬਜੀਤ ਸਿੰਘ ਸੁੰਦਰ ਨਗਰ ਵਾਲਿਆਂ ਦੇ ਜਥੇ ਨੇ ਰੱਬੀ ਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਮਲਕੀਤ ਸਿੰਘ ਨੇ ਗੁਰਬਾਣੀ ਦੀ ਰੌਸ਼ਨੀ ਹੇਠ ਸ਼ਹੀਦ ਖਾਲੜਾ ਦੇ ਜੀਵਨ 'ਤੇ ਚਾਨਣਾ ਪਾਇਆ। ਕਰਨਾਟਕਾ ਤੋਂ ਅਕਾਲੀ ਦਲ ਅੰਮ੍ਰਿਤਸਰ ਦੇ ਸੱਦੇ 'ਤੇ ਖਾਸ ਤੌਰ 'ਤੇ ਪਹੁੰਚੇ ਬਾਵਨ ਮਹੇਸ਼ ਨੇ ਘੱਟ ਗਿਣਤੀ ਤੇ ਦਲਿਤਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਹਿੰਦੂਤਵ ਦੇ ਭਗਵਾਂਕਰਨ ਵਿਰੁੱਧ ਡਟਣ ਲਈ ਬੇਨਤੀ ਕਰਦਿਆਂ ਸ਼ਹੀਦ ਖਾਲੜਾ ਨੂੰ ਇਨਸਾਨੀਅਤ ਲਈ ਕੁਰਬਾਨ ਹੋਣ ਵਾਲਾ ਮਹਾਨ ਪੁਰਖ ਗਰਦਾਨਿਆ। ਸਟੇਜ ਸੰਚਾਲਨ ਗੁਰਪ੍ਰੀਤ ਸਿੰਘ ਮਾਨ ਨੇ ਕੀਤਾ। ਕੜਾਹ ਪ੍ਰਸ਼ਾਦ ਦੀ ਦੇਗ ਮਗਰੋਂ ਗੁਰੂ ਕਾ ਲੰਗਰ ਅਤੁੱਟ ਵਰਤਿਆ।



# ਸੰਤ ਭਿੰਡਰਾਵਾਲੇ 'ਤੇ ਟਿੱਪਣੀ ਕਰਨ ਦੇ ਵਿਰੋਧ 'ਚ ਕੁਲਦੀਪ ਨਈਅਰ ਖ਼ਿਲਾਫ਼ ਮੁਜ਼ਾਹਰਾ


ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਅਹੁਦੇਦਾਰ ਕੁਲਦੀਪ ਨਈਅਰ ਦਾ ਪੁਤਲਾ ਫੂਕ ਕੇ ਰੋਸ ਪ੍ਰਗਟਾਉਂਦੇ ਹੋਏ।

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਕਥਿਤ ਮਾੜੇ ਸ਼ਬਦ ਲਿਖਣ ਦਾ ਦੋਸ਼ ਲਾ ਕੇ ਉੱਘੇ ਕਾਲਮਨਵੀਸ ਤੇ ਪੱਤਰਕਾਰ ਕੁਲਦੀਪ ਨਈਅਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਉਨ੍ਹਾਂ ਸ੍ਰੀ ਨਈਅਰ ਦਾ ਪੁਤਲਾ ਵੀ ਫੂਕਿਆ ਅਤੇ ਨਾਅਰੇਬਾਜ਼ੀ ਕੀਤੀ। ਪਾਰਟੀ ਦੇ ਬੁਲਾਰੇ ਇਕਬਾਲ ਸਿੰਘ ਟਿਵਾਣਾ, ਇਲਾਕਾ ਸਕੱਤਰ ਧਰਮ ਸਿੰਘ ਕਲੌੜ, ਹਲਕਾ ਇੰਚਾਰਜ ਕੁਲਦੀਪ ਸਿੰਘ ਪਹਿਲਵਾਨ ਅਤੇ ਸ਼ੰਗਾਰਾ ਸਿੰਘ ਬਡਲਾ ਨੇ ਕਿਹਾ ਕਿ ਕੁਲਦੀਪ ਨਈਅਰ ਨੇ ਆਪਣੀ ਇਕ ਰਚਨਾ ਵਿੱਚ ਭਿੰਡਰਾਂਵਾਲਿਆਂ ਦੀ ਤੁਲਨਾ ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨਾਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜਰਨੈਲ ਸਿੰਘ ਭਿੰਡਰਾਂਵਾਲੇ ਖ਼ਿਲਾਫ਼ 6 ਜੂਨ 1984 ਤਕ ਕੋਈ ਵੀ ਮੁਕੱਦਮਾ ਦਰਜ ਨਹੀਂ ਸੀ। ਇਸ ਤੋਂ ਇਲਾਵਾ ਲੇਖਕ ਨੇ ਉਨ੍ਹਾਂ ਨੂੰ ਅਤਿਵਾਦੀ ਕਹਿ ਕੇ ਵੀ ਸੰਬੋਧਿਤ ਕੀਤਾ ਹੈ। ਪਾਰਟੀ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੇ ਇਸ ਲੇਖ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਬੁਲਾਰਿਆਂ ਨੇ ਕਿਹਾ ਕਿ ਲੇਖਕ ਨੂੰ ਸਿੱਖ ਕੌਮ ਤੋਂ ਤੁਰੰਤ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਸਰਕਾਰ ਤੋਂ ਲੇਖਕ ਖ਼ਿਲਾਫ਼ ਮੁਕੱਦਮਾ ਦਰਜ ਕਰਨ ਦੀ ਵੀ ਮੰਗ ਕੀਤੀ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਲੇਖਕ ਖ਼ਿਲਾਫ਼ ਢੁੱਕਵੀਂ ਕਾਰਵਾਈ ਨਾ ਕੀਤੀ ਜਾਂ ਲੇਖਕ ਨੇ ਮੁਆਫ਼ੀ ਨਾ ਮੰਗੀ ਤਾਂ ਪਾਰਟੀ ਵੱਲੋਂ ਪੂਰੇ ਪੰਜਾਬ ਵਿੱਚ ਰੋਸ ਮੁਜ਼ਾਹਰੇ ਕੀਤੇ ਜਾਣਗੇ। ਇਸ ਮੌਕੇ ਸ਼ਿੰਗਾਰਾ ਸਿੰਘ, ਧਰਮ ਸਿੰਘ ਕਲੌੜ, ਦਲਵੀਰ ਸਿੰਘ ਮੰਡੋਫਲ, ਬਲਵਿੰਦਰ ਸਿੰਘ ਚਰਨਾਥਲ, ਦਲਵਾਰਾ ਸਿੰਘ ਮੰਡੋਫਲ, ਕ੍ਰਿਸ਼ਨ ਸਿੰਘ ਸਲਾਣਾ, ਸੁਰਿੰਦਰ ਸਿੰਘ ਬਰਕਤਪੁਰ, ਸਤਨਾਮ ਸਿੰਘ ਬਰਕਤਪੁਰ ਤੇ ਹਰਮਨ ਸਿੰਘ ਲਟੌਰ ਹਾਜ਼ਰ ਸਨ।

# ਸੁਖਪਾਲ ਸਿੰਘ ਖਹਿਰਾ ਨੇ ਰਮਨਜੀਤ ਸਿੱਕੀ ਖ਼ਿਲਾਫ਼ ਖੋਲ੍ਹਿਆ ਮੋਰਚਾ

### ਪਿੰਡ ਘੁੱਗਸ਼ੋਰ ਦੀ 5 ਏਕੜ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਦੇ ਦੋਸ਼

**ਜਲੰਧਰ/ਬਿਊਰੋ ਨਿਊਜ਼ :** ਵਿਰੋਧੀ ਧਿਰ ਦੇ ਆਗੂ ਅਤੇ ਹਲਕਾ ਭੁਲੱਥ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪਿੰਡ ਘੁੱਗਸ਼ੋਰ ਦੀ ਪੰਜ ਏਕੜ ਜ਼ਮੀਨ 'ਤੇ ਕਾਂਗਰਸੀ ਵਿਧਾਇਕ ਰਮਨਜੀਤ ਸਿੱਕੀ ਵੱਲੋਂ ਕੀਤੇ ਗਏ ਕਥਿਤ ਨਾਜਾਇਜ਼ ਕਬਜ਼ੇ ਅਤੇ ਉਸ ਦੀ ਦੁੱਧ ਫੈਕਟਰੀ ਵੱਲੋਂ ਪੰਚਾਇਤੀ ਜ਼ਮੀਨ ਵਿਚ ਪਾਏ ਜਾ ਰਹੇ ਜ਼ਹਿਰੀਲੇ ਪਾਣੀਆਂ ਸਬੰਧੀ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ।

ਸ੍ਰੀ ਖਹਿਰਾ ਨੇ ਕਿਹਾ ਕਿ ਕਾਂਗਰਸੀ ਵਿਧਾਇਕ ਦੀ ਦੁੱਧ ਫੈਕਟਰੀ ਵੱਲੋਂ ਸ਼ਰ੍ਹੇਆਮ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇਸ ਦੀ ਸ਼ਿਕਾਇਤ ਉਹ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਕਰਨਗੇ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨਾਂ ਤੋਂ ਇਸੇ ਜ਼ਮੀਨ ਵਿੱਚੋਂ ਨਾਜਾਇਜ਼ ਤੌਰ 'ਤੇ ਮਿੱਟੀ ਪੁੱਟੀ ਗਈ ਸੀ।



ਸੁਖਪਾਲ ਸਿੰਘ ਖਹਿਰਾ ਨੇ ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਦੱਸਿਆ ਕਿ ਵਿਧਾਇਕ ਸਿੱਕੀ ਦੇ ਪਿਤਾ ਮਰਹੂਮ ਕਪੂਰ ਸਿੰਘ ਗ੍ਰਾਮ ਪੰਚਾਇਤ ਘੁੱਗ ਦੀ ਹਦਬਸਤ ਨੰਬਰ 385 ਦੇ ਖਤੋਨੀ ਨੰਬਰ 187 ਵਿੱਚ ਗੈਰਕਾਨੂੰਨੀ ਕਾਬਜ਼ ਹਨ। ਉਨ੍ਹਾਂ ਕਿਹਾ ਕਿ 1948 ਦੇ ਐਕਟ ਵਿੱਚ ਕੀਤੀ ਗਈ ਸੋਧ ਅਨੁਸਾਰ ਅਜਿਹੀ ਕਿਸੇ ਵੀ ਜ਼ਮੀਨ ਨੂੰ ਨਾ ਤਾਂ ਵੰਡਿਆ ਜਾ ਸਕਦਾ ਹੈ ਤੇ ਨਾ ਹੀ ਵੇਚਿਆ ਜਾ ਸਕਦਾ ਹੈ। ਇਹ ਨੋਟੀਫਿਕੇਸ਼ਨ ਗ੍ਰਾਮ ਪੰਚਾਇਤ ਦੇ ਜ਼ਮੀਨੀ ਰਿਕਾਰਡ ਦੇ ਕਥਨ ਕਾਲਮ 8 ਵਿੱਚ ਦਰਜ ਵੀ ਹੈ। ਉਨ੍ਹਾਂ ਨੇ ਪਿੰਡ ਦੇ ਕੁਝ ਲੋਕਾਂ ਨੂੰ ਮੀਡੀਆ ਸਾਹਮਣੇ ਪੇਸ਼ ਕੀਤਾ, ਜਿਨ੍ਹਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਵੀ ਹਾਜ਼ਰ ਸਨ। ਸ੍ਰੀ ਖਹਿਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਸ ਪੰਚਾਇਤੀ ਜ਼ਮੀਨ ਦੇ ਕੇਸ ਵਿੱਚ ਪਿੰਡ ਦੇ ਲੋਕਾਂ ਦੀ ਮੱਦਦ ਕਰੇਗੀ ਅਤੇ ਇਸ ਨੂੰ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਲੜੇਗੀ।

ਉਨ੍ਹਾਂ ਦੋਸ਼ ਲਾਇਆ ਕਿ ਪਿੰਡ ਦੇ ਲੋਕਾਂ ਨੇ ਮੁੱਖ ਮੰਤਰੀ, ਡਿਪਟੀ ਕਮਿਸ਼ਨਰ ਜਲੰਧਰ, ਡੀ.ਡੀ.ਪੀ.ਓ. ਅਤੇ ਬੀ.ਡੀ.ਪੀ.ਓ. ਸਮੇਤ ਕਈ ਹੋਰ ਅਧਿਕਾਰੀਆਂ ਨੂੰ ਸ਼ਿਕਾਇਤਾਂ ਕੀਤੀਆਂ ਹਨ ਪਰ ਕਾਂਗਰਸੀ ਵਿਧਾਇਕ ਅਤੇ ਉਸ ਦੇ ਪਰਿਵਾਰ ਵੱਲੋਂ ਪਾਏ ਜਾ ਰਹੇ ਦਬਾਅ ਕਾਰਨ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਮੰਗ ਕੀਤੀ ਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਕਾਂਗਰਸੀ ਵਿਧਾਇਕ ਦੀਆਂ ਆਪ-ਹੁਦਰੀਆਂ ਰੋਕਣ ਲਈ ਸਖ਼ਤ ਕਾਰਵਾਈ ਕਰਨ। ਜੇਕਰ ਉਨ੍ਹਾਂ ਨੇ ਅਜਿਹਾ ਨਾ ਕੀਤਾ ਤਾਂ ਰਮਨਜੀਤ ਸਿੱਕੀ ਦੇ ਮਿਲਕ ਪਲਾਂਟ ਵਿਰੁੱਧ ਧਰਨਾ ਦਿੱਤਾ ਜਾਵੇਗਾ।

# ਖਾਲ੍ਹੀ ਪਿਆ ਹੈ ਪੰਜਾਬ ਸਰਕਾਰ ਦਾ ਖ਼ਜ਼ਾਨਾ

## ਪੈਸਾ ਨਾ ਹੋਣ ਕਾਰਨ ਰੁਕੇ ਪਏ ਨੇ ਕਰੋੜਾਂ ਰੁਪਏ ਦੇ ਬਿਲ

**ਚੰਡੀਗੜ੍ਹ/ਬਿਊਰੋ ਨਿਊਜ਼,** ਪੰਜਾਬ ਸਰਕਾਰ ਨੂੰ ਦਰਪੇਸ਼ ਗੰਭੀਰ ਮਾਲੀ ਸੰਕਟ ਕਾਰਨ ਵਿਕਾਸ ਕਾਰਜਾਂ ਨੂੰ ਹੀ ਬਰੇਕਾਂ ਨਹੀਂ ਲੱਗੀਆਂ ਸਗੋਂ ਗਰੀਬਾਂ ਨੂੰ ਵੀ ਇਸ ਦੀ ਮਾਰ ਝੱਲਣੀ ਪੈ ਰਹੀ ਹੈ। ਅਸਿੱਧੇ ਕਰਾਂ ਬਾਰੇ ਪ੍ਰਬੰਧ ਜੀਐਸਟੀ ਤੋਂ ਕਰਾਂ ਦੀ ਵਸੂਲੀ ਨੇ ਵੀ ਹਾਲ ਦੀ ਘੜੀ ਕੋਈ ਖਾਸ ਰੰਗ ਨਹੀਂ ਦਿਖਾਇਆ। ਵਿੱਤ ਵਿਭਾਗ ਦੇ ਸੂਤਰਾਂ ਮੁਤਾਬਕ ਖ਼ਜ਼ਾਨੇ ਵਿੱਚ 5 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੇ ਬਿਲਾਂ ਦਾ ਭੁਗਤਾਨ ਰੁਕਿਆ ਪਿਆ ਹੈ। ਜੀਐਸਟੀ ਲਾਗੂ ਹੋਣ ਤੋਂ ਬਾਅਦ ਕਰਾਂ 'ਚ ਮਹਿਜ਼ 4 ਫੀਸਦ ਦਾ ਵਾਧਾ ਹੋਇਆ ਹੈ ਤੇ ਅੰਤਰਰਾਜੀ ਵਿਕਰੀ ਤੋਂ ਆਉਣ ਵਾਲੇ ਕਰਾਂ ਦੇ ਹਿੱਸੇ ਬਾਰੇ ਅਜੇ ਭੰਬਲਭੂਸਾ ਬਰਕਰਾਰ ਹੈ। ਵਿੱਤੀ ਸੰਕਟ ਨੂੰ ਦੇਖਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅੱਜ ਇੱਥੇ ਵਿੱਤ ਤੇ ਹੋਰਨਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਤਾਜ਼ਾ ਸਥਿਤੀ ਦਾ ਜਾਇਜ਼ਾ ਵੀ ਲਿਆ। ਸਰਕਾਰ ਨੇ ਭਲਾਈ ਸਕੀਮਾਂ ਲਈ ਪੈਸਾ ਜਾਰੀ ਕਰਨ 'ਤੇ ਜ਼ੁਬਾਨੀ ਰੋਕ ਲਗਾਈ ਹੋਈ ਹੈ। ਸੂਬੇ ਦੇ 19.87 ਲੱਖ ਪੈਨਸ਼ਨਰਾਂ ਨੂੰ ਫਰਵਰੀ ਮਹੀਨੇ ਤੋਂ ਪੈਨਸ਼ਨਾਂ ਦਾ ਭੁਗਤਾਨ ਨਹੀਂ ਕੀਤਾ ਗਿਆ। ਕੈਪਟਨ ਸਰਕਾਰ ਨੇ ਪੈਨਸ਼ਨਰਾਂ ਦੀ ਪੜਤਾਲ ਦੇ ਬਹਾਨੇ ਭੁਗਤਾਨ ਨਾ ਹੋਣ ਦਾ ਬਹਾਨਾ ਘੜਿਆ ਹੈ ਜਦਕਿ ਅਸਲੀਅਤ ਵਿੱਚ ਖ਼ਜ਼ਾਨਾ ਖਾਲੀ ਹੈ।

ਪੰਜਾਬ ਦੇ ਵਿੱਤ ਵਿਭਾਗ ਨੇ ਚਲੰਤ ਮਾਲੀ ਸਾਲ ਦੇ ਪਹਿਲੇ ਪੰਜ ਮਹੀਨਿਆਂ (ਅਪਰੈਲ ਤੋਂ ਅਗਸਤ) ਦਾ ਮੁਲਾਂਕਣ ਕਰਦਿਆਂ ਸਿੱਟਾ ਕੱਢਿਆ ਹੈ ਕਿ ਵਿੱਤੀ ਹਾਲਤ ਬੇਹੱਦ ਗੰਭੀਰ ਹੈ ਕਿਉਂਕਿ ਜੀਐਸਟੀ ਲਾਗੂ ਹੋਣ ਮਗਰੋਂ ਕਰਾਂ 'ਚ ਵਾਧਾ 4 ਫੀਸਦੀ ਹੀ ਹੋਇਆ ਹੈ। ਇਸ ਦੇ ਉਲਟ ਸਰਕਾਰ ਦੇ ਖ਼ਰਚ ਵਿੱਚ 15 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਅੰਕੜਿਆਂ ਮੁਤਾਬਕ ਲੰਘੇ ਵਿੱਤੀ ਵਰ੍ਹੇ (2016-2017) ਦੌਰਾਨ ਕਰਾਂ ਦੀ ਵਸੂਲੀ 7793 ਕਰੋੜ ਰੁਪਏ ਹੋਈ ਸੀ ਜਦੋਂ ਕਿ ਇਸ ਵਾਰੀ 31 ਅਗਸਤ ਤੱਕ 8112 ਕਰੋੜ ਰੁਪਏ ਹੀ ਹੋਈ ਹੈ। ਇਸ ਤਰ੍ਹਾਂ ਨਾਲ ਸਿਰਫ਼ 319 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਕਿ ਜੋ ਕਿ 4 ਫੀਸਦੀ ਬਣਦਾ ਹੈ। ਪੰਜਾਬ 'ਚ ਵੈਟ ਦੀ ਥਾਂ ਜੀਐਸਟੀ ਦੀ ਵਸੂਲੀ ਪਹਿਲੀ ਜੁਲਾਈ ਤੋਂ ਸ਼ੁਰੂ ਹੋ ਗਈ ਸੀ ਤੇ ਇਸ ਨਵੀਂ ਕਰ ਪ੍ਰਣਾਲੀ ਅਧੀਨ ਰਾਜ ਸਰਕਾਰ ਦੇ ਖ਼ਜ਼ਾਨੇ ਵਿੱਚ 576 ਕਰੋੜ ਰੁਪਏ ਆਏ ਹਨ। ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਵਸੂਲੀ ਵੈਟ ਨਾਲੋਂ ਤਾਂ ਘੱਟ ਹੈ ਪਰ ਅੰਤਰਰਾਜੀ ਵਿਕਰੀ (ਆਈਜੀਐਸਟੀ) ਤੋਂ ਹੋਣ ਵਾਲੀ ਆਮਦਨ ਨਾਲ ਇਹ ਖੱਪਾ ਪੂਰੇ ਜਾਣ ਦੀ ਉਮੀਦ ਹੈ। ਆਈਜੀਐਸਟੀ ਤੋਂ ਹਾਲ ਦੀ ਘੜੀ 400 ਕਰੋੜ ਰੁਪਏ ਮਹੀਨਾ ਵਸੂਲੀ ਹੋਣ ਦਾ ਅਨੁਮਾਨ ਹੈ। ਪੰਜਾਬ ਸਰਕਾਰ ਲਈ ਵਿੱਤੀ ਪੱਖ ਤੋਂ ਇਹ ਦੌਰ ਬੇਹੱਦ ਸੰਕਟ ਵਾਲਾ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੋ ਮਹੀਨੇ ਪਹਿਲਾਂ ਪੇਸ਼ ਕੀਤੇ ਬਜਟ ਦੌਰਾਨ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ, ਪੈਨਸ਼ਨਾਂ ਵਧਾਉਣ ਸਮੇਤ ਕਈ ਹੋਰਨਾਂ ਰਾਹਤਾਂ ਦਾ ਐਲਾਨ ਤਾਂ ਕੀਤਾ, ਪਰ ਇਨ੍ਹਾਂ ਨੂੰ ਅਮਲੀਜਾਮਾ ਪਹਿਨਾਏ ਜਾਣ ਸਬੰਧੀ ਸਵਾਲੀਆ ਨਿਸ਼ਾਨ ਲਗਦਾ ਜਾ ਰਿਹਾ ਹੈ।

**ਵਿੱਤੀ ਖੱਪਾ ਪੂਰਨ ਲਈ ਵਾਧੂ ਫੰਡ ਲੋੜੀਂਦੇ**

ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰਨ ਲਈ ਜਿੱਥੇ 2 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਲੋੜੀਂਦੀ ਹੈ, ਉਥੇ ਬੁਢਾਪਾ, ਵਿਧਵਾ ਤੇ ਹੋਰਨਾਂ ਸਮਾਜ ਭਲਾਈ ਪੈਨਸ਼ਨਾਂ 'ਚ ਵਾਧੇ ਲਈ 750 ਕਰੋੜ ਰੁਪਏ ਵਾਧੂ ਲੋੜੀਂਦੇ ਹਨ। ਜੀਐਸਟੀ ਭੰਬਲਭੂਸੇ ਕਰਕੇ ਐਤਕੀਂ ਮੁਲਾਜ਼ਮਾਂ ਨੂੰ ਤਨਖਾਹਾਂ ਵੀ ਸਮੇਂ ਸਿਰ ਨਹੀਂ ਦਿੱਤੀਆਂ ਜਾ ਸਕੀਆਂ। ਮੁਲਾਜ਼ਮ ਤਨਖਾਹਾਂ ਤੇ ਪੈਨਸ਼ਨਾਂ ਦੇ ਭੁਗਤਾਨ ਲਈ ਹਰ ਮਹੀਨੇ 2500 ਕਰੋੜ ਰੁਪਏ ਦੀ ਰਾਸ਼ੀ ਚਾਹੀਦੀ ਹੈ।



### ਅਕਾਲੀਆਂ ਨੇ ਹੀ ਪੰਜਾਬ ਦਾ ਭੱਠਾ ਬਿਠਾਇਆ-ਕੈਪਟਨ

**ਚੰਡੀਗੜ੍ਹ/ਬਿਊਰੋ ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਸਰਕਾਰ ਵਿਰੁੱਧ ਪ੍ਰਚਾਰ ਕਰਨ ਅਤੇ ਲੋਕ ਵਿਰੋਧੀ ਏਜੰਡਾ ਅਪਣਾਉਣ ਲਈ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਤਿੱਖੀ ਆਲੋਚਨਾ ਕੀਤੀ। ਕਾਂਗਰਸ ਸਰਕਾਰ 'ਤੇ ਵਾਅਦਿਆਂ ਤੋਂ ਪਿੱਛੇ ਹਟਣ ਦੇ ਲਾਏ ਦੋਸ਼ਾਂ ਨੂੰ ਰੱਦ ਕਰਦਿਆਂ ਮੁੱਖ ਮੰਤਰੀ ਨੇ ਸੂਬੇ ਦੀ ਵਿੱਤੀ ਮੰਦਹਾਲੀ ਲਈ ਅਕਾਲੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਜੀਐਸਟੀ ਮਾਮਲੇ ਕਾਰਨ ਇਸ ਮਹੀਨੇ ਸਰਕਾਰੀ ਮੁਲਾਜ਼ਮਾਂ ਨੂੰ ਤਨਖ਼ਾਹ ਦੇਣ ਵਿੱਚ ਦੇਰੀ ਹੋਈ ਹੈ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਇਕ ਦਹਾਕਾ ਸੂਬੇ ਵਿੱਚ ਅੰਨ੍ਹੀ ਲੁੱਟ ਮਚਾਈ, ਜਿਸ ਕਾਰਨ ਸਰਕਾਰੀ ਖ਼ਜ਼ਾਨਾ ਕਰਜ਼ੇ ਦੇ ਬੋਝ ਹੇਠ ਆ ਗਿਆ ਹੈ ਤੇ ਹੁਣ ਉਹੀ ਆਗੂ ਵਿੱਤੀ ਮੰਦਹਾਲੀ ਲਈ ਕਾਂਗਰਸ ਸਰਕਾਰ 'ਤੇ ਦੋਸ਼ ਲਾ ਰਹੇ ਹਨ।

# ਕੈਪਟਨ ਸਰਕਾਰ ਨੇ ਪੰਜਾਬ ਦਾ ਕੱਖ ਨਹੀਂ ਸੰਵਾਰਿਆ:ਸੁਖਬੀਰ ਬਾਦਲ

## ਅਕਾਲੀ ਦਲ ਵਲੋਂ ਕਾਂਗਰਸੀ ਸਰਕਾਰ ਲੋਕ ਅੰਦੋਲਨ ਵਿੱਢਣ ਦਾ ਐਲਾਨ

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਕਾਂਗਰਸ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਕੀਤੇ ਹਰ ਵਾਅਦੇ ਤੋਂ ਮੁੱਕਰ ਕੇ ਪੰਜਾਬ ਦੀ ਜਨਤਾ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ ਹੈ। ਸ਼ੁਕਰਵਾਰ ਨੂੰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਪੰਜਾਬ ਦਾ ਕੱਖ ਨਹੀਂ ਸੰਵਾਰਿਆ। ਉਨ੍ਹਾਂ ਐਲਾਨ ਕੀਤਾ ਕਿ ਕਾਂਗਰਸ ਸਰਕਾਰ ਤੋਂ ਚੋਣ ਵਾਅਦੇ ਪੂਰੇ ਕਰਵਾਉਣ ਲਈ ਅਕਾਲੀ ਦਲ ਛੇਤੀ ਹੀ ਲੋਕ ਅੰਦੋਲਨ ਸ਼ੁਰੂ ਕਰੇਗਾ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਆਪਣੇ ਛੇ ਮਹੀਨੇ ਮੁਕੰਮਲ ਕਰਨ ਜਾ ਰਹੀ ਹੈ ਤੇ ਇਨ੍ਹਾਂ ਛੇ ਮਹੀਨਿਆਂ ਦੌਰਾਨ ਸਰਕਾਰ ਨੇ ਲੋਕਾਂ ਨੂੰ ਝੂਠੀਆਂ ਉਮੀਦਾਂ ਅਤੇ ਝੂਠੇ ਸੁਫ਼ਨੇ ਵਿਖਾ ਕੇ ਸਿਰਫ਼ ਧੋਖਾ ਅਤੇ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਦੀ ਕੋਰ ਕਮੇਟੀ 16 ਸਤੰਬਰ ਨੂੰ ਮੀਟਿੰਗ ਕਰ ਕੇ ਕਾਂਗਰਸ ਸਰਕਾਰ ਖ਼ਿਲਾਫ ਜਨਤਕ ਅੰਦੋਲਨ ਵਿੱਢਣ ਬਾਰੇ ਫ਼ੈਸਲਾ ਕਰੇਗੀ।



ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨਾਂ ਕੋਲੋਂ ਕਰਜ਼ਾ ਮੁਆਫ਼ੀ ਦੇ ਫਾਰਮ ਭਰਵਾ ਕੇ ਲਿਖਤੀ ਰੂਪ ਵਿੱਚ ਵਚਨਬੱਧਤਾ ਪ੍ਰਗਟਾਉਣ ਦੇ ਬਾਵਜੂਦ ਸਰਕਾਰ ਨੇ ਸੂਬੇ ਦੇ ਇੱਕ ਵੀ ਕਿਸਾਨ ਦਾ ਕਰਜ਼ਾ ਮੁਆਫ਼ ਨਹੀਂ ਕੀਤਾ। ਕਾਂਗਰਸ ਨੇ ਘਰ ਘਰ ਨੌਕਰੀ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਦੇ ਛੇ ਮਹੀਨੇ ਲੰਘ ਚੁੱਕੇ ਹਨ ਤੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਪੋਤੇ ਨੂੰ ਡੀਐਸਪੀ ਦੀ ਨੌਕਰੀ ਦੇਣ ਤੋਂ ਇਲਾਵਾ ਪੰਜਾਬ ਦੇ ਕਿਸੇ ਨੌਜਵਾਨ ਨੂੰ ਨੌਕਰੀ ਨਹੀਂ ਦਿੱਤੀ ਗਈ।

ਉਨ੍ਹਾਂ ਕਿਹਾ ਕਿ ਸਮਾਜ ਭਲਾਈ ਸਕੀਮਾਂ ਤਹਿਤ ਜਨਵਰੀ ਤੋਂ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ ਨਹੀਂ ਮਿਲ ਰਹੀ ਹੈ। ਕਿਸਾਨਾਂ ਦਾ ਸਿਹਤ ਬੀਮਾ, ਲੜਕੀਆਂ ਲਈ ਮੁਫ਼ਤ ਸਾਈਕਲ, ਅਨੁਸੂਚਿਤ ਜਾਤੀਆਂ ਨੂੰ ਘਰਾਂ ਲਈ 200 ਯੂਨਿਟ ਮੁਫ਼ਤ ਬਿਜਲੀ ਤੇ ਐਸਸੀ ਵਿਦਿਆਰਥੀਆਂ ਨੂੰ ਵਜ਼ੀਫੇ ਅਤੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਬੰਦ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ ਐਲਾਨ ਕੀਤਾ ਸੀ ਕਿ ਮੌਜੂਦਾ ਅਤੇ ਨਵੇਂ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਦਿੱਤੀ ਜਾਵੇਗੀ, ਜਦੋਂਕਿ ਇਹ ਐਲਾਨ ਵੀ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਤਨਖ਼ਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਤੇ ਕਾਨੂੰਨ ਵਿਵਸਥਾ ਲੀਹੋਂ-ਲੱਥੀ ਹੋਈ ਹੈ।

## ਖਾਲੀ ਬੋਝੇ ਵਾਲੀ ਕੈਪਟਨ ਸਰਕਾਰ ਗੁਰਦਾਸਪੁਰ 'ਤੇ ਹੋਈ ਮਿਹਰਬਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਨੇ ਖ਼ਜ਼ਾਨਾ ਖਾਲੀ ਹੋਣ ਦੇ ਬਾਵਜੂਦ ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਨੂੰ ਦੇਖਦਿਆਂ ਕਈ ਵਿਕਾਸ ਕੰਮਾਂ ਨੂੰ ਸ਼ੁਰੂ ਕਰਵਾ ਦਿੱਤਾ ਹੈ। ਕਿਸਾਨਾਂ ਅਤੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਨਾਲ ਜੋੜਨ ਲਈ ਸਰਕਾਰ ਵੱਲੋਂ ਉਚੇਚੇ ਤੌਰ 'ਤੇ ਉਪਰਾਲੇ ਕੀਤੇ ਗਏ ਹਨ। ਕਾਂਗਰਸ ਸਰਕਾਰ ਨੇ ਗੁਰਦਾਸਪੁਰ ਲੋਕ ਸਭਾ ਹਲਕੇ ਵਿੱਚ ਕਿਸਾਨਾਂ ਦੇ ਗੰਨੇ ਦੇ 24 ਕਰੋੜ ਰੁਪਏ ਦੇ ਬਕਾਏ ਅਦਾ ਕੀਤੇ ਹਨ ਪਰ ਸੂਬੇ ਦੇ ਹੋਰ ਕਿਸਾਨਾਂ ਨੂੰ ਗੰਨੇ ਦਾ ਕੋਈ ਬਕਾਇਆ ਨਹੀਂ ਮਿਲਿਆ ਹੈ। ਉਂਜ ਪਿਛਲੀ ਅਕਾਲੀ ਸਰਕਾਰ ਨੇ ਕਿਸਾਨਾਂ ਦੇ ਗੰਨੇ ਦੇ 116 ਕਰੋੜ ਰੁਪਏ ਦੇਣੇ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਜ਼ਾਦੀ ਦਿਵਸ ਮੌਕੇ ਗੁਰਦਾਸਪੁਰ ਵਿੱਚ ਕਈ ਵਿਕਾਸ ਸਕੀਮਾਂ ਨੂੰ ਪ੍ਰਵਾਨਗੀ ਦਿੱਤੀ ਸੀ। ਇਸ ਵਿਚੋਂ ਲਿੰਕ ਸੜਕਾਂ ਬਣਾਉਣ ਲਈ 45 ਕਰੋੜ ਰੁਪਏ ਭੇਜ ਦਿੱਤੇ ਗਏ ਹਨ। ਜ਼ਿਲ੍ਹੇ ਦੇ ਏਡੀਸੀ (ਵਿਕਾਸ) ਜਗਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸੜਕਾਂ ਬਣਾਉਣ ਲਈ ਟੈਂਡਰ ਜਾਰੀ ਕਰ ਦਿੱਤੇ ਗਏ ਹਨ ਅਤੇ ਛੇਤੀ ਹੀ ਕੰਮ ਅਲਾਟ ਕਰ ਦਿੱਤੇ ਜਾਣਗੇ। ਪਿੰਡਾਂ ਦੀਆਂ ਗਲੀਆਂ-ਨਾਲੀਆਂ ਦੇ ਵਿਕਾਸ ਲਈ ਪੇਂਡੂ ਪੰਚਾਇਤ ਤੇ ਵਿਕਾਸ ਵਿਭਾਗ ਨੇ 7 ਕਰੋੜ ਰੁਪਏ ਜਾਰੀ ਕੀਤੇ ਹਨ ਤੇ ਪਿੰਡਾਂ ਵਿੱਚ ਪਖਾਨੇ ਬਣਾਉਣ ਲਈ 84 ਕਰੋੜ ਰੁਪਏ ਪਹਿਲਾਂ ਹੀ ਪਏ ਸਨ ਅਤੇ ਇਹ ਪੈਸੇ ਪਖਾਨੇ ਬਣਾਉਣ ਲਈ ਵਰਤੇ ਜਾ ਰਹੇ ਹਨ। ਪਿਛਲੀ ਸਰਕਾਰ ਦੇ ਸਮੇਂ ਪੀਆਈਡੀਬੀ ਅਤੇ ਪੇਂਡੂ ਵਿਕਾਸ ਫੰਡ ਦੇ 190 ਕਰੋੜ ਰੁਪਏ ਜ਼ਿਲ੍ਹੇ ਨੂੰ ਦਿੱਤੇ ਗਏ ਸਨ ਜਿਸ ਵਿੱਚੋਂ 90 ਕਰੋੜ ਦੇ ਕਰੀਬ ਹੀ ਖਰਚੇ ਗਏ ਸਨ। ਗੁਰਦਾਸਪੁਰ ਜ਼ਿਲ੍ਹੇ ਵਿੱਚ ਬਚੇ ਹੋਏ 100 ਕਰੋੜ ਰੁਪਏ ਵੀ ਹੁਣ ਵਿਕਾਸ ਕੰਮਾਂ 'ਤੇ ਖਰਚੇ ਜਾ ਰਹੇ ਹਨ। ਮੁੱਖ ਮੰਤਰੀ ਨੇ ਸਕੂਲਾਂ ਦੀਆਂ ਇਮਾਰਤਾਂ ਦੀ ਮੁਰੰਮਤ ਲਈ 118 ਕਰੋੜ ਰੁਪਏ ਮਨਜ਼ੂਰ ਕਰਨ ਦਾ ਐਲਾਨ ਕੀਤਾ ਸੀ ਅਤੇ ਇਹ ਪੈਸੇ ਪ੍ਰਾਜੈਕਟ ਪਾਸ ਹੋਣ ਤੋਂ ਬਾਅਦ ਹੀ ਖਰਚੇ ਜਾਣਗੇ। ਸਿਹਤ ਕੰਮਾਂ ਲਈ 44.2 ਕਰੋੜ ਵੀ ਮਨਜ਼ੂਰ ਕੀਤੇ ਸਨ। ਦੀਨਾਨਗਰ ਕਸਬੇ ਵਿੱਚ ਰੇਲਵੇ ਲਾਈਨ 'ਤੇ ਬਣਨ ਵਾਲੇ ਰੇਲਵੇ ਓਵਰਬ੍ਰਿਜ ਲਈ 45 ਕਰੋੜ ਰੁਪਏ ਪਾਸ ਕਰਕੇ ਰੇਲਵੇ ਦੀ ਪ੍ਰਵਾਨਗੀ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ। ਪੇਂਡੂ ਪੰਚਾਇਤ ਤੇ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਵਿਕਾਸ ਕੰਮਾਂ ਲਈ ਉਨ੍ਹਾਂ ਦੇ ਵਿਭਾਗ ਨੇ ਵੀ ਪੈਸੇ ਜਾਰੀ ਕੀਤੇ ਹਨ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਨੇ ਦੱਸਿਆ ਕਿ ਮੰਡੀ ਬੋਰਡ ਨੇ ਵੀ ਸੜਕਾਂ ਦੀ ਮੁਰੰਮਤ ਲਈ 40 ਕਰੋੜ ਰੁਪਏ ਦੀ ਰਾਸ਼ੀ ਭੇਜ ਦਿੱਤੀ ਗਈ ਹੈ ਅਤੇ ਕੁਝ ਹੋਰ ਭੇਜੀ ਜਾਵੇਗੀ।

# ਕੈਪਟਨ ਹਕੂਮਤ ਦੇ ਪਹਿਲੇ ਵਿਧਾਨ ਸਭਾ ਸੈਸ਼ਨ 'ਚੋਂ 35 ਵਿਧਾਇਕਾਂ ਨੇ ਵੱਟੀ ਰੱਖੀ ਚੁੱਪ

## ਬਾਦਲਾਂ ਦਾ ਵੀ ਮੂੰਹ ਰਿਹਾ ਬੰਦ, 'ਆਪ' ਨੇ ਲਾਈ ਸਵਾਲਾਂ ਦੀ ਝੜੀ

**ਬਠਿੰਡਾ/ ਚਰਨਜੀਤ ਭੁੱਲਰ :** ਕੈਪਟਨ ਹਕੂਮਤ ਦੇ ਪਹਿਲੇ ਵਿਧਾਨ ਸਭਾ ਸੈਸ਼ਨ ਵਿੱਚ 35 ਵਿਧਾਇਕਾਂ ਨੇ ਮੂੰਹ ਨਹੀਂ ਖੋਲ੍ਹਿਆ। 'ਆਪ' ਵਿਧਾਇਕਾਂ ਨੇ ਸੁਆਲਾਂ ਦੀ ਝੜੀ ਲਾ ਦਿੱਤੀ, ਜਦੋਂਕਿ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਸੁਆਲ ਪੁੱਛਣ ਤੋਂ ਟਾਲਾ ਵੱਟੀ ਰੱਖਿਆ।

ਜੂਨ ਵਿੱਚ ਹੋਏ ਵਿਧਾਨ ਸਭਾ ਸੈਸ਼ਨ ਵਿੱਚ ਵਿਧਾਇਕਾਂ ਵੱਲੋਂ ਕੁੱਲ 1042 ਸੁਆਲ ਕੀਤੇ ਗਏ, ਜਿਨ੍ਹਾਂ ਵਿੱਚੋਂ 679 ਸੁਆਲ ਪ੍ਰਵਾਨ ਕੀਤੇ ਗਏ ਸਨ। ਪ੍ਰਵਾਨ ਕੀਤੇ ਸੁਆਲਾਂ ਵਿੱਚੋਂ ਕਰੀਬ 44 ਫ਼ੀਸਦੀ ਸੁਆਲ 'ਆਪ' ਵਿਧਾਇਕਾਂ ਦੇ ਸਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਵਜ਼ੀਰ ਸ਼ਰਨਜੀਤ ਸਿੰਘ ਢਿੱਲੋਂ ਤੇ ਪਰਮਿੰਦਰ ਸਿੰਘ ਢੀਂਡਸਾ ਨੇ ਇਸ ਸੈਸ਼ਨ ਵਿੱਚ ਇੱਕ ਵੀ ਸੁਆਲ ਨਹੀਂ ਪੁੱਛਿਆ, ਜਦੋਂਕਿ ਬਿਕਰਮ ਸਿੰਘ ਮਜੀਠੀਆ ਨੇ 7 ਸੁਆਲ ਪੁੱਛੇ। ਪੰਜਾਬ ਵਿਧਾਨ ਸਭਾ ਸਕੱਤਰੇਤ ਤੋਂ ਆਰਟੀਆਈ ਰਾਹੀਂ ਪ੍ਰਾਪਤ ਵੇਰਵਿਆਂ ਅਨੁਸਾਰ ਕੋਟਕਪੂਰਾ ਤੋਂ 'ਆਪ' ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਸਭ ਤੋਂ ਵੱਧ 62 ਸੁਆਲ ਸੈਸ਼ਨ ਦੌਰਾਨ ਪੁੱਛੇ, ਜਦੋਂਕਿ ਦੂਜਾ ਨੰਬਰ 'ਆਪ' ਵਿਧਾਇਕ ਹਰਪਾਲ ਸਿੰਘ ਚੀਮਾ ਦਾ ਹੈ, ਜਿਸ ਨੇ 38 ਸੁਆਲ ਪੁੱਛੇ। ਜੈਤੋ ਹਲਕੇ ਦੇ 'ਆਪ' ਵਿਧਾਇਕ ਬਲਦੇਵ ਸਿੰਘ ਇਸ ਮਾਮਲੇ ਵਿੱਚ 35 ਸੁਆਲਾਂ ਨਾਲ ਤੀਜੇ ਨੰਬਰ 'ਤੇ ਰਹੇ। ਇਸ ਸੈਸ਼ਨ ਵਿੱਚ ਕੁੱਲ 73 ਵਿਧਾਇਕਾਂ ਨੇ ਸੁਆਲ ਕੀਤੇ। 'ਆਪ' ਵਿਧਾਇਕ ਅਮਨ ਅਰੋੜਾ ਨੇ 24, ਨਾਜਰ ਸਿੰਘ ਮਾਨਸ਼ਾਹੀਆ ਨੇ 23, ਪ੍ਰੋ. ਬਲਜਿੰਦਰ ਕੌਰ ਨੇ 21 ਤੇ ਪਿਰਮਲ ਧੌਲਾ ਨੇ 16 ਸੁਆਲ ਪੁੱਛੇ ਹਨ। ਉਧਰ, ਹਰਦਿਆਲ ਸਿੰਘ ਕੰਬੋਜ ਨੇ 15, ਬਲਬੀਰ ਸਿੱਧੂ ਨੇ 18, ਕੁਲਬੀਰ ਜ਼ੀਰਾ ਨੇ 14, ਸੁਰਜੀਤ ਧੀਮਾਨ ਨੇ 13, ਹਰਿੰਦਰਪਾਲ ਚੰਦੂਮਾਜਰਾ ਨੇ 11 ਤੇ ਮਦਨ ਲਾਲ ਜਲਾਲਪੁਰ ਨੇ 14 ਸੁਆਲ ਕੀਤੇ ਹਨ। ਦੂਜੇ ਪਾਸੇ ਕੰਵਰਜੀਤ ਰੋਜ਼ੀ ਬਰਕੰਦੀ ਨੇ 2, ਦਿਲਰਾਜ ਭੂੰਦੜ ਨੇ 2, ਸੁਰਿੰਦਰ ਕੁਮਾਰ ਡਾਬਰ ਨੇ 2, ਰਾਜਿੰਦਰ ਬੇਰੀ ਨੇ ਇੱਕ ਤੇ ਹਰਜੋਤ ਕਮਲ ਨੇ 3 ਸੁਆਲ ਪੁੱਛੇ ਹਨ। ਅਕਾਲੀ ਤੇ ਕਾਂਗਰਸੀ ਵਿਧਾਇਕਾਂ ਦਾ ਤਰਕ ਹੈ ਕਿ ਉਨ੍ਹਾਂ ਦੇ ਸੁਆਲ ਪ੍ਰਵਾਨ ਹੀ ਨਹੀਂ ਕੀਤੇ ਗਏ। ਜਿਹੜੇ ਵਿਧਾਇਕਾਂ ਨੇ ਇੱਕ ਵੀ ਸੁਆਲ ਨਹੀਂ ਪੁੱਛਿਆ, ਉਨ੍ਹਾਂ ਵਿੱਚ ਵਿਧਾਇਕ ਓਮ ਪ੍ਰਕਾਸ਼ ਸੋਨੀ, ਸੁਨੀਲ ਦੱਤੀ, ਇੰਦਰਬੀਰ ਸਿੰਘ ਬੁਲਾਰੀਆ, ਰਾਜ ਕੁਮਾਰ ਵੇਰਕਾ, ਤਰਸੇਮ ਸਿੰਘ, ਸੁਖਵਿੰਦਰ ਸਿੰਘ ਡੈਨੀ, ਸੁੱਖ ਸਰਕਾਰੀਆ, ਪ੍ਰੀਤਮ ਸਿੰਘ ਕੋਟਭਾਈ, ਕੁਸ਼ਲਦੀਪ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਬੱਸੀ ਪਠਾਣਾਂ, ਦਵਿੰਦਰ ਸਿੰਘ ਘੁਬਾਇਆ, ਬਲਵਿੰਦਰ ਸਿੰਘ ਲਾਡੀ, ਫਤਹਿਜੰਗ ਸਿੰਘ ਬਾਜਵਾ, ਅਰੁਣ ਡੋਗਰਾ, ਸੁੰਦਰ ਸ਼ਾਮ ਅਰੋੜਾ, ਪਵਨ ਕੁਮਾਰ ਆਦਿਆ, ਪ੍ਰਗਟ ਸਿੰਘ, ਸੁਸ਼ੀਲ ਕੁਮਾਰ ਰਿੰਕੂ, ਚੌਧਰੀ ਸੁਰਿੰਦਰ ਸਿੰਘ, ਬਲਦੇਵ ਸਿੰਘ, ਸੰਜੀਵ ਤਲਵਾੜ, ਅਮਰੀਕ ਸਿੰਘ ਢਿੱਲੋਂ, ਦਰਸ਼ਨ ਸਿੰਘ

ਬਾਕੀ ਸਫ਼ਾ 32 'ਤੇ

# ਸਿਆਸੀ ਪਾਰਟੀਆਂ ਨੇ ਗੁਰਦਾਸਪੁਰ ਜ਼ਿਮਨੀ ਚੋਣ ਲਈ ਤੇਜ਼ ਕੀਤੀਆਂ ਸਰਗਰਮੀਆਂ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਸਿਆਸੀ ਪਾਰਟੀਆਂ ਨੇ ਸਰਗਰਮੀਆਂ ਵਿੱਢ ਦਿੱਤੀਆਂ ਹਨ। ਇਹ ਚੋਣ ਅਕਤੂਬਰ ਮਹੀਨੇ ਦੇ ਦੂਜੇ ਜਾਂ ਤੀਜੇ ਹਫ਼ਤੇ ਹੋਣ ਦੀ ਸੰਭਾਵਨਾ ਹੈ। ਹਫ਼ਤੇ ਕੁ ਅੰਦਰ ਹੀ ਜ਼ਿਮਨੀ ਚੋਣ ਦਾ ਐਲਾਨ ਹੋ ਸਕਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 15 ਅਗਸਤ ਦੇ ਸਮਾਗਮਾਂ ਦੀ ਆੜ ਹੇਠ ਗੁਰਦਾਸਪੁਰ ਸ਼ਹਿਰ ਦਾ ਦੌਰਾ ਕਰ ਆਏ ਹਨ ਤੇ ਭਾਜਪਾ ਨੇਤਾਵਾਂ ਨੇ ਵੀ ਗੁਰਦਾਸਪੁਰ ਨੂੰ ਹੀ ਸਿਆਸਤ ਦਾ ਕੇਂਦਰ ਬਣਾਇਆ ਹੋਇਆ ਹੈ। ਕੈਪਟਨ ਵੱਲੋਂ ਇਜ਼ਰਾਈਲ ਦੌਰਾ ਵੀ ਗੁਰਦਾਸਪੁਰ ਹਲਕੇ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਰੱਦ ਕੀਤੇ ਜਾਣ ਦੀ ਚਰਚਾ ਹੈ। ਇਹ ਜ਼ਿਮਨੀ ਚੋਣ ਫਿਲਮ ਅਦਾਕਾਰ ਵਿਨੋਦ ਖੰਨਾ ਦੀ ਮੌਤ ਕਾਰਨ ਕਰਾਈ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਜਿੱਥੇ ਮਰਹੂਮ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਟਿਕਟ ਹਾਸਲ ਕਰਨ ਲਈ ਜ਼ੋਰ ਅਜ਼ਮਾਈ ਕਰ ਰਹੀ ਹੈ, ਉਥੇ ਭਾਜਪਾ ਦੇ ਸੀਨੀਅਰ ਆਗੂ ਅਵਿਨਾਸ਼ ਰਾਏ ਖੰਨਾ ਦਾ ਨਾਮ ਵੀ ਦਾਅਵੇਦਾਰਾਂ ਵਜੋਂ ਉਭਰਿਆ ਹੈ। ਉਂਜ ਭਾਜਪਾ ਦੇ ਕੁੱਝ ਹੋਰ ਆਗੂਆਂ ਵੱਲੋਂ ਵੀ ਟਿਕਟ ਹਾਸਲ ਕਰਨ ਲਈ ਜ਼ੋਰ ਅਜ਼ਮਾਈ ਕੀਤੀ ਜਾ ਰਹੀ ਹੈ। ਕਾਂਗਰਸ ਦੇ ਗੁਰਦਾਸਪੁਰ ਸੰਸਦੀ ਹਲਕੇ ਨਾਲ ਸਬੰਧਤ ਵਿਧਾਇਕਾਂ ਨੇ ਪ੍ਰਦੇਸ਼ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਉਮੀਦਵਾਰ ਬਣਾਉਣ 'ਤੇ ਜ਼ੋਰ ਦਿੱਤਾ ਹੈ, ਜਦੋਂ ਕਿ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਪਤਨੀ ਚਰਨਜੀਤ ਕੌਰ ਸਮੇਤ ਹੋਰ ਵੀ ਕਈਆਂ ਨੇ ਕਾਂਗਰਸ ਦੀ ਟਿਕਟ ਹਾਸਲ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਆਮ ਆਦਮੀ ਪਾਰਟੀ (ਆਪ) ਨੇ ਵੀ ਇਸ ਚੋਣ ਵਿੱਚ ਉਮੀਦਵਾਰ ਖੜ੍ਹਾਉਣ ਦਾ ਐਲਾਨ ਕੀਤਾ ਹੋਇਆ ਹੈ। ਨਵੀਂ ਦਿੱਲੀ ਦੇ ਬਵਾਨਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ

ਬਾਕੀ ਸਫ਼ਾ 33 'ਤੇ

### ਕਾਂਗਰਸੀ ਉਮੀਦਵਾਰ ਦੀ ਚੋਣ ਦਿੱਲੀ ਤੋਂ ਹੀ ਹੋਵੇਗੀ

**ਚੰਡੀਗੜ੍ਹ/ਬਿਊਰੋ ਨਿਊਜ਼:** ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਵਿੱਚ ਹਿਲਜੁਲ ਸ਼ੁਰੂ ਹੋ ਗਈ ਹੈ ਤੇ ਇਸ ਸਿਲਸਿਲੇ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਲੋਕ ਸਭਾ ਹਲਕਾ ਗੁਰਦਾਸਪੁਰ 'ਚ ਪੈਂਦੇ ਨੌਂ ਵਿਧਾਨ ਸਭਾ ਹਲਕਿਆਂ ਵਿੱਚੋਂ ਸੱਤ ਕਾਂਗਰਸੀ ਵਿਧਾਇਕਾਂ ਤੇ ਹੋਰਨਾਂ ਆਗੂਆਂ ਨਾਲ ਮੀਟਿੰਗ ਕੀਤੀ ਤੇ ਹਲਕੇ ਵਿੱਚ ਸਰਗਰਮੀਆਂ ਸ਼ੁਰੂ ਕਰਨ ਬਾਰੇ ਚਰਚਾ ਕੀਤੀ। ਉਨ੍ਹਾਂ ਉਮੀਦਵਾਰ ਦੀ ਚੋਣ ਦਾ ਮਾਮਲਾ ਪਾਰਟੀ ਹਾਈਕਮਾਂਡ 'ਤੇ ਛੱਡਿਆ। ਇਸ ਹਲਕੇ ਦੇ ਜ਼ਿਆਦਾਤਰ ਕਾਂਗਰਸੀ ਵਿਧਾਇਕ ਸ੍ਰੀ ਜਾਖੜ ਨੂੰ ਉਮੀਦਵਾਰ ਬਣਾਉਣ ਦੇ ਹੱਕ ਵਿੱਚ ਹਨ ਤੇ ਸੀਨੀਅਰ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਜਾਖੜ ਸਰਬ ਪ੍ਰਮਾਣਿਤ ਅਤੇ ਪਾਰਟੀ ਦਾ ਸਾਫ਼ ਸੁਥਰਾ ਚਿਹਰਾ ਹਨ। ਦੂਜੇ ਪਾਸੇ ਸ੍ਰੀ ਜਾਖੜ ਨੇ ਚੋਣ ਬਾਰੇ ਫ਼ੈਸਲਾ ਕਾਂਗਰਸ ਹਾਈਕਮਾਂਡ 'ਤੇ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਕਈ ਉਮੀਦਵਾਰ ਹਨ। ਇਸ ਸਬੰਧੀ ਫ਼ੈਸਲਾ ਪਾਰਟੀ ਹਾਈਕਮਾਂਡ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਿਆ ਜਾਵੇਗਾ। ਮੁੱਖ ਮੰਤਰੀ ਇੰਗਲੈਂਡ ਦੌਰੇ ਹਨ ਤੇ ਉਹ ਵਾਪਸ ਪਰਤਣ ਤੋਂ ਬਾਅਦ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਸਲਾਹ ਮਸ਼ਵਰਾ ਕਰਕੇ ਹੀ ਉਮੀਦਵਾਰ ਦਾ ਫੈਸਲਾ ਕਰਨਗੇ।

## ਜੇਐੱਨਯੂ ਵਿਦਿਆਰਥੀ ਚੋਣਾਂ ਵਿਚ ਖੱਬੀਆਂ ਧਿਰਾਂ ਨੇ ਲਹਿਰਾਇਆ ਪਰਚਮ

*ਏਬੀਵੀਪੀ ਦੂਜੇ ਨੰਬਰ 'ਤੇ; ਕਾਂਗਰਸ ਨੂੰ ਨੋਟਾ ਤੋਂ ਵੀ ਘੱਟ ਵੋਟਾਂ*



**ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਚੋਣਾਂ 'ਚ ਜਿੱਤ ਤੋਂ ਬਾਅਦ ਐਤਵਾਰ ਤੜਕੇ ਜਸ਼ਨ ਮਨਾਉਂਦੇ ਹੋਏ ਖੱਬੇ-ਪੱਖੀਆਂ ਦੇ ਹਮਾਇਤੀ।**

ਨਵੀਂ ਦਿੱਲੀ/ਬਿਊਰੋ ਨਿਊਜ਼ :

ਖੱਬੀਆਂ ਧਿਰਾਂ ਦੇ ਸਾਂਝੇ ਮੁਹਾਜ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ (ਜੇਐੱਨਯੂਐੱਸਯੂ) ਚੋਣਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਰੇ ਸੀਟਾਂ ਜਿੱਤ ਲਈਆਂ ਪਰ ਇਸ ਵਾਰ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਏਬੀਵੀਪੀ ਨੇ ਚਾਰੋ ਸੀਟਾਂ ਲਈ ਦੂਜਾ ਥਾਂ ਹਾਸਲ ਕਰਕੇ ਆਪਣੀ ਸਥਿਤੀ ਪਹਿਲਾਂ ਨਾਲੋਂ ਮਜ਼ਬੂਤ ਕੀਤੀ ਹੈ। ਕਾਂਗਰਸ ਦੀ ਐੱਨਐੱਸਯੂਆਈ ਦੀ ਹਾਲਤ ਇਸ ਵਾਰ ਪਤਲੀ ਹੋ ਗਈ ਤੇ ਉਸ ਦੇ ਉਮੀਦਵਾਰ ਤੋਂ ਜ਼ਿਆਦਾ ਵੋਟ 'ਨੋਟਾ' ਨੂੰ ਮਿਲ ਗਏ। ਬਿਰਸਾ ਅੰਬੇਦਕਰ ਫੂਲੇ ਸਟੂਡੈਂਟਸ ਐਸੋਸੀਏਸ਼ਨ (ਬਾਪਸਾ) ਦੇ ਉਮੀਦਵਾਰਾਂ ਨੂੰ ਤੀਜੀ ਥਾਂ ਮਿਲੀ। ਨਤੀਜਿਆਂ ਮੁਤਾਬਕ ਜੇਐੱਨਯੂਐੱਸਯੂ ਲਈ ਖੱਬੇ ਸਾਂਝੇ ਮੁਹਾਜ ਦੀ ਉਮੀਦਵਾਰ ਗੀਤਾ ਕੁਮਾਰੀ ਨੂੰ 1506 ਵੋਟਾਂ ਮਿਲੀਆਂ ਤੇ ਏਬੀਵੀਪੀ ਨੂੰ 10 42 ਵੋਟਾਂ ਮਿਲ ਸਕੀਆਂ। ਬਾਪਸਾ ਉਮੀਦਵਾਰ ਨੂੰ 935 ਵੋਟ ਹਾਸਲ ਹੋਏ। ਮੀਤ ਪ੍ਰਧਾਨਗੀ ਲਈ ਖੱਬੀ ਧਿਰ ਤੋਂ ਸਿਮੋਨ ਜ਼ੋਇਆ ਖ਼ਾਂ ਨੂੰ 1876 ਤੇ ਏਬੀਵੀਪੀ ਤੋਂ ਦੁਰਗੇਸ਼ ਕੁਮਾਰ ਨੂੰ 1028 ਵੋਟਾਂ ਪ੍ਰਾਪਤ ਹੋਈਆਂ। ਜਨਰਲ ਸਕੱਤਰ ਲਈ ਉਮੀਦਵਾਰ ਦੁੱਗੀਰਾਜਾ ਸ੍ਰੀ ਕ੍ਰਿਸ਼ਨਾ ਨੂੰ 2082 ਵੋਟਾਂ ਤੇ ਏਬੀਵੀਪੀ ਉਮੀਦਵਾਰ ਨਿਕੁੰਜ ਮਾਕਵਾਨਾ ਨੂੰ 975 ਵੋਟਾਂ ਨਾਲ ਸਬਰ ਕਰਨਾ ਪਿਆ। ਬਾਪਸਾ ਨੂੰ 854 ਵੋਟ ਮਿਲੇ। ਸੰਯੁਕਤ ਸਕੱਤਰ ਵਜੋਂ ਸ਼ੁਭਸ਼ੂੰ ਸਿੰਘ ਨੂੰ 1755 ਤੇ ਭਾਜਪਾ ਪੱਖੀ ਪੰਕਜ ਕੇਸਰੀ ਨੂੰ 920 ਵੋਟ ਮਿਲੇ ਤੇ ਬਾਪਸਾ ਉਮੀਦਵਾਰ ਵਿਨੋਦ ਕੁਮਾਰ 862 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਰਿਹਾ। ਏਬੀਵੀਪੀ ਪਿਛਲੀ ਵਾਰ ਦੋ ਅਹੁਦਿਆਂ ਲਈ ਦੂਜੇ ਥਾਂ 'ਤੇ ਰਹੀ ਸੀ ਤੇ ਇਹ ਵਿਦਿਆਰਥੀ ਵਿੰਗ ਸਕੂਲ ਆਫ਼ ਸਾਇੰਸ ਵਿਚੋਂ ਚੰਗੀਆਂ ਵੋਟਾਂ ਹਾਸਲ ਕਰ ਗਿਆ ਜਿੱਥੋਂ ਨਿਖੁੰਜ ਮਕਵਾਨਾ ਨੇ ਬਾਕੀ ਉਮੀਦਵਾਰਾਂ ਤੋਂ ਵੱਧ ਵੋਟ ਹਾਸਲ ਕੀਤੇ। ਏਬੀਵੀਪੀ ਦੇ 10 ਕੌਂਸਲਰ ਮੈਂਬਰ ਵੀ ਜਿੱਤੇ ਹਨ ਤੇ ਇਸ ਧੜੇ ਦੇ ਆਗੂਆਂ ਦਾ ਮੰਨਣਾ ਹੈ ਕਿ ਉਹ ਜੇਐੱਨਯੂ ਵਿੱਚ ਸਭ ਤੋਂ ਵੱਡੀ ਇੱਕਲੌਤੀ ਪਾਰਟੀ ਵਜੋਂ ਉੱਭਰੀ ਹੈ। ਖੱਬੀਆਂ ਧਿਰਾਂ ਵਿੱਚ ਆਈਸਾ, ਐੱਸਐੱਫਆਈ ਤੇ ਡੀਐੱਸਐੱਫ ਨੇ ਸਾਂਝੇ ਉਮੀਦਵਾਰ ਖੜ੍ਹੇ ਕਰਕੇ ਆਪਣਾ ਵੋਟ ਬੈਂਕ ਸਾਂਭੀ ਰੱਖਿਆ। ਮੰਨਿਆ ਜਾਂਦਾ ਹੈ ਕਿ ਇਸ 'ਵਰਸਿਟੀ ਵਿੱਚ ਖੱਬੀਆਂ ਧਿਰਾਂ ਦਾ ਜ਼ਿਆਦਾਤਰ ਬੋਲ-ਬਾਲਾ ਰਿਹਾ ਹੈ। ਜੇਐੱਨਯੂ ਦੀ ਆਮ ਬਹਿਸ ਵਿੱਚ ਜ਼ੋਰਦਾਰ ਪ੍ਰਚਾਰ ਕਰਕੇ ਚਰਚਾ ਵਿੱਚ ਆਏ ਆਜ਼ਾਦ ਉਮੀਦਵਾਰ ਫਾਰੂਕ ਐਮਡੀ ਆਲਮ ਨੇ 419 ਵੋਟਾਂ ਲੈ ਕੇ ਹਾਜ਼ਰੀ ਲਾਈ। ਐਨਐਸਯੂਆਈ ਦੇ ਪ੍ਰਧਾਨਗੀ ਲਈ ਉਮੀਦਵਾਰ ਵ੍ਰਿਸ਼ਨਿਕਾ ਸਿੰਘ ਨੂੰ ਸਿਰਫ਼ 82 ਵੋਟਾਂ ਮਿਲੀਆਂ ਜੋ ਨੋਟਾ (127 ਵੋਟਾਂ) ਤੋਂ ਵੀ ਘੱਟ ਰਹੀਆਂ। ਜੇਐਨਯੂ ਦੇ ਲਾਪਤਾ ਵਿਦਿਆਰਥੀ ਨਜੀਬ ਨਾਲ ਉਲਝਣ ਦੇ ਕਥਿਤ ਦੋਸ਼ਾਂ ਵਿੱਚ ਸ਼ਾਮਲ ਮੰਨੇ ਜਾਂਦੇ ਏਬੀਵੀਪੀ ਉਮੀਦਵਾਰ ਅੰਕਿਤ ਰਾਏ ਨੂੰ ਕੌਂਸਲਰ ਦੇ ਮੁਕਾਬਲੇ ਵਿੱਚ ਤੀਜੀ ਥਾਂ ਹੀ ਮਿਲੀ।

## ਪੰਜਾਬ ਯੂਨੀਵਰਸਿਟੀ ਵਿਦਿਆਰਥੀ ਚੋਣਾਂ 'ਚ ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਜੇਤੂ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਵਿਦਿਆਰਥੀ ਕੌਂਸਲ ਦੀਆਂ ਅੱਜ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਵਿਦਿਆਰਥੀ ਜਥੇਬੰਦੀ ਐਨ. ਐਸ. ਯੂ. ਆਈ. ਪ੍ਰਧਾਨ, ਉਪ-ਪ੍ਰਧਾਨ ਅਤੇ ਸੈਕਟਰੀ ਦੇ ਅਹੁਦਿਆਂ ਲਈ ਹੋਈ ਚੋਣ ਜਿੱਤਣ ਵਿੱਚ ਕਾਮਯਾਬ ਰਹੀ। ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ (ਪੂਸੂ) ਨੇ ਸੰਯੁਕਤ ਸਕੱਤਰ ਦੇ ਅਹੁਦੇ 'ਤੇ ਜਿੱਤ ਹਾਸਲ ਕੀਤੀ ਹੈ। 2016 ਵਿਚ ਪੂਸੂ ਦੀ ਅਗਵਾਈ ਵਾਲੇ ਗਠਜੋੜ ਨੇ ਜਿੱਤ ਹਾਸਲ ਕੀਤੀ ਸੀ। ਐਨ. ਐਸ. ਯੂ. ਆਈ. ਦੇ ਜੋਸਨ ਕੰਬੋਜ ਨੇ ਵਿਦਿਆਰਥੀ ਕੌਂਸਲ ਦੀ ਪ੍ਰਧਾਨਗੀ 611 ਵੋਟਾਂ ਦੇ ਫਰਕ ਨਾਲ ਜਿੱਤੀ। ਯੂਨੀਵਰਸਿਟੀ ਵਿਚ ਕੁੱਲ 15602 ਵਿਦਿਆਰਥੀ ਵੋਟਰ ਸਨ ਅਤੇ ਸਾਰੇ ਚਾਰ ਅਹੁਦਿਆਂ ਲਈ ਕੁੱਲ 28 ਉਮੀਦਵਾਰ ਮੈਦਾਨ ਵਿੱਚ ਸਨ।

# ਖ਼ੁਦਕੁਸ਼ੀਆਂ ਦੀ ਫ਼ਸਲ : ਇਸ ਹਫ਼ਤੇ 6 ਕਿਸਾਨਾਂ ਅਤੇ 5 ਖੇਤ ਮਜ਼ਦੂਰਾਂ ਨੇ ਦਿੱਤੀ ਜਾਨ

**ਚੰਡੀਗੜ੍ਹ/ਬਿਊਰੋ ਨਿਊਜ਼ :**

ਵੱਖ-ਵੱਖ ਸਿਆਸੀ ਪਾਰਟੀਆਂ ਕਿਸਾਨਾਂ ਦੀਆਂ ਮੁਸ਼ਕਲਾਂ ਦੂਰ ਕਰਨ ਸਬੰਧੀ ਦਾਅਵੇ ਤੇ ਵਾਅਦੇ ਕਰਦੀਆਂ ਨਹੀਂ ਥੱਕਦੀਆਂ ਪਰ ਅਸਲ ਵਿੱਚ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਲਗਾਤਾਰ ਪਾਰੀ ਹੁੰਦੀ ਜਾ ਰਹੀ ਹੈ। ਇਸੇ ਕਰਜ਼ੇ ਦਾ ਭਾਰ ਨਾਲ ਝੱਲਦਿਆਂ ਇਸ ਹਫ਼ਤੇ 6 ਕਿਸਾਨਾਂ ਤੇ 5 ਮਜ਼ਦੂਰਾਂ ਨੇ ਨੇ ਜ਼ਿੰਦਗੀ ਨਾਲੋਂ ਮੌਤ ਨੂੰ ਬਿਹਤਰ ਮੰਨਦਿਆਂ ਖ਼ੁਦਕੁਸ਼ੀਆਂ ਕਰ ਲਈਆਂ।



**ਪਿੰਡ ਆਕਲੀਆਂ ਦੇ ਕਿਸਾਨ ਨੇ ਕੀਤੀ ਖ਼ੁਦਕੁਸ਼ੀ**

ਗੋਨਿਆਣਾ ਮੰਡੀ : ਪਿੰਡ ਆਕਲੀਆ ਕਲਾਂ ਦੇ ਕਿਸਾਨ ਗੁਰਬੇਗ ਸਿੰਘ (43) ਪੁੱਤਰ ਜੱਗਰ ਸਿੰਘ ਨੇ ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਲਈ। ਪਰਿਵਾਰ ਮੁਤਾਬਕ ਗੁਰਬੇਗ ਬੀਤੀ ਰਾਤ ਚੰਦਭਾਨ ਡਰੇਨ ਨੇੜਲੇ ਖੇਤਾਂ ਵਿੱਚ ਝੋਨੇ ਨੂੰ ਪਾਣੀ ਲਾਉਣ ਗਿਆ ਸੀ, ਜਿਥੇ ਉਸ ਨੇ ਮੋਟਰ ਵਾਲੇ ਕਮਰੇ ਵਿੱਚ ਕੀਟਨਾਸ਼ਕ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਸਰਪੰਚ ਸਵਰਨ ਸਿੰਘ ਮੁਤਾਬਕ ਗੁਰਬੇਗ 6 ਏਕੜ ਜ਼ਮੀਨ ਦਾ ਮਾਲਕ ਸੀ ਤੇ ਉਸ ਸਿਰ 12 ਲੱਖ ਦੇ ਕਰੀਬ ਕਰਜ਼ਾ ਸੀ, ਜਿਸ ਵਿੱਚ ਸਟੇਟ ਬੈਂਕ ਆਫ਼ ਇੰਡੀਆ ਦਾ 8 ਲੱਖ, ਸ਼ਾਹੂਕਾਰ ਦਾ 3 ਲੱਖ ਅਤੇ 1 ਲੱਖ ਪਿੰਡ ਦੀ ਸਹਿਕਾਰੀ ਬੈਂਕ ਦਾ ਸੀ। ਥਾਣਾ ਨੇਹੀਆਂਵਾਲਾ ਦੀ ਪੁਲੀਸ ਨੇ ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਦੇ ਬਲਾਕ ਪ੍ਰਧਾਨ ਅਮਰੀਕ ਸਿੰਘ ਨੇ ਮੰਗ ਕੀਤੀ ਕਿ ਕਿਸਾਨਾਂ ਦੇ ਸਮੁੱਚੇ ਕਰਜ਼ੇ 'ਤੇ ਲੀਕ ਮਾਰੀ ਜਾਵੇ।

**ਪਿੰਡ ਕੋਟਧਰਮੂ ਦੇ ਕਿਸਾਨ ਨੇ ਨਿਗਲੀ ਜ਼ਹਿਰ**

ਮਾਨਸਾ : ਪਿੰਡ ਕੋਟਧਰਮੂ ਦੇ ਕਿਸਾਨ ਗੁਰਦੀਪ ਸਿੰਘ ਉਰਫ਼ ਲੱਖਾ (34) ਨੇ ਕਰਜ਼ੇ ਕਾਰਨ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਪੰਜਾਬ ਕਿਸਾਨ ਯੂਨੀਅਨ ਦੇ ਪਿੰਡ ਕੋਟ ਧਰਮੂ ਇਕਾਈ ਦੇ ਪ੍ਰਧਾਨ ਦਰਸ਼ਨ ਸਿੰਘ ਅਤੇ ਸੀਪੀਆਈ (ਐਮਐਲ) ਲਿਬਰੇਸ਼ਨ ਦੇ ਤਹਿਸੀਲ ਆਗੂ ਸੁਰਜੀਤ ਹੈਪੀ ਨੇ ਦੱਸਿਆ ਕਿ ਗੁਰਦੀਪ ਸਿੰਘ ਸਿਰ 11 ਲੱਖ ਦੇ ਕਰੀਬ ਕਰਜ਼ਾ ਸੀ। ਉਹ ਦੋ ਏਕੜ ਜ਼ਮੀਨ ਵਾਹ ਕੇ ਗੁਜ਼ਾਰਾ ਕਰ ਰਿਹਾ ਸੀ ਤੇ ਵਿਆਜ ਭਰਨ ਤੋਂ ਅਸਮਰੱਥ ਹੋ ਗਿਆ ਸੀ, ਜਿਸ ਕਾਰਨ ਪ੍ਰੇਸ਼ਾਨ ਰਹਿੰਦਾ ਸੀ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਪਰਿਵਾਰ ਦਾ ਸਮੁੱਚਾ ਕਰਜ਼ਾ ਮੁਆਫ਼ ਕੀਤਾ ਜਾਵੇ ਅਤੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ।

**ਪਿੰਡ ਸਾਧੂਵਾਲਾ ਦੇ ਕਿਸਾਨ ਨੇ ਘੱਗਰ 'ਚ ਮਾਰੀ ਛਾਲ**

ਸਰਦੂਲਗੜ੍ਹ : ਛੇ ਮਹੀਨੇ ਪਹਿਲਾਂ ਸਰਦੂਲਗੜ੍ਹ ਨੇੜਲੇ ਪਿੰਡ ਸਾਧੂਵਾਲਾ ਵਿੱਚ ਵਿਆਹੀ ਸਰਬਜੀਤ ਕੌਰ (20) ਦਾ ਪਤੀ ਚਰਨਜੀਤ ਸਿੰਘ (23) ਆਰਥਿਕ ਤੰਗੀ ਕਾਰਨ ਘੱਗਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਗਿਆ। ਚਰਨਜੀਤ ਸਾਢੇ ਤਿੰਨ ਏਕੜ ਜ਼ਮੀਨ 'ਤੇ ਖੇਤੀ ਕਰਦਾ ਸੀ ਤੇ ਪਰਿਵਾਰ ਸਿਰ ਚਾਰ ਲੱਖ ਦਾ ਕਰਜ਼ਾ ਸੀ। ਸ਼ੁੱਕਰਵਾਰ ਦੁਪਹਿਰੇ ਚਰਨਜੀਤ ਨੇ ਕਿਸੇ ਵੱਡੀ ਪ੍ਰੇਸ਼ਾਨੀ ਕਾਰਨ ਘੱਗਰ ਵਿੱਚ ਛਾਲ ਮਾਰ ਦਿੱਤੀ। ਉਸ ਦੀ ਲਾਸ਼ ਪਿੰਡ ਤੋਂ ਅੱਧਾ ਕਿਲੋਮੀਟਰ ਦੂਰ ਬਾਬਾ ਹਕਤਲਾ ਡੇਰੇ ਕੋਲ ਝਾੜੀਆਂ ਵਿਚ ਫਸੀ ਮਿਲੀ।

**ਪਿੰਡ ਭੱਟੀਵਾਲ ਦੇ ਕਿਸਾਨ ਨੇ ਲਿਆ ਫਾਹਾ**

ਭਵਾਨੀਗੜ੍ਹ : ਜ਼ਿਲ੍ਹਾ ਸੰਗਰੂਰ ਦੇ ਪਿੰਡ ਭੱਟੀਵਾਲ ਕਲਾਂ ਦੇ ਇਕ ਕਿਸਾਨ ਵੱਲੋਂ ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਫਾਹਾ ਲੈ ਲਿਆ। ਇਸ ਸਬੰਧੀ ਪਿੰਡ ਦੇ ਸਰਪੰਚ ਕਰਨੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਭੱਟੀਵਾਲ ਕਲਾਂ ਦੇ ਕਿਸਾਨ ਭਗਵਾਨ ਸਿੰਘ ਪੁੱਤਰ ਦਿਆ ਸਿੰਘ ਦੇ ਸਿਰ ਕਰੀਬ 3 ਲੱਖ ਦਾ ਕਰਜਾ ਹੋਣ ਕਾਰਨ ਉਹ ਇਸ ਕਰਜੇ ਲੈ ਕੇ ਪਰੇਸ਼ਾਨ ਰਹਿੰਦਾ ਸੀ। ਜਿਸ ਤੇ ਚੱਲਦਿਆਂ ਉਸ ਨੇ ਆਪਣੇ ਘਰ ਵਿੱਚ ਹੀ ਫਾਹਾ ਲੈ ਲਿਆ।

**ਪਿੰਡ ਸੇਖੂ ਦੇ ਕਿਸਾਨ ਨੇ ਖਾਧੀ ਜ਼ਹਿਰ**

ਰਾਮਾਂ ਮੰਡੀ : ਇਥੋਂ ਨੇੜਲੇ ਪਿੰਡ ਸੇਖੂ ਦੇ ਕਿਸਾਨ ਕੁਲਵਿੰਦਰ ਸਿੰਘ (27) ਪੁੱਤਰ ਸੋਹਣ ਸਿੰਘ ਨੇ ਘਰ ਵਿੱਚ ਹੀ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ। ਪੀੜਤ ਪਰਿਵਾਰ ਸਿਰ 9 ਲੱਖ ਰੁਪਏ ਦਾ ਕਰਜ਼ਾ ਸੀ। ਕਿਸਾਨ ਬੇਮੌਸਮੇ ਮੀਂਹ ਅਤੇ ਤੇਲੇ ਦੇ ਹਮਲੇ ਕਾਰਨ ਖ਼ਰਾਬ ਹੋਈ ਨਰਮੇ ਦੀ ਫਸਲ ਕਰ ਕੇ ਪ੍ਰੇਸ਼ਾਨ ਸੀ।

**ਫਾਜ਼ਿਲਕਾ ਦੇ ਕਿਸਾਨ ਨੇ ਕੀਤੀ ਖ਼ੁਦਕੁਸ਼ੀ**

ਫ਼ਾਜ਼ਿਲਕਾ : ਫ਼ਾਜ਼ਿਲਕਾ ਵਿਖੇ ਕਰਜ਼ ਤੋਂ ਸਤਾਏ ਇਕ ਕਿਸਾਨ ਨੇ ਕੀਟਨਾਸ਼ਕ ਦਵਾਈ ਪੀ ਕੇ ਖੁਦਕੁਸ਼ੀ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਰਣਜੀਤ ਸਿੰਘ ਵਾਸੀ ਕੈਂਟ ਰੋਡ ਫ਼ਾਜ਼ਿਲਕਾ ਠੇਕੇ 'ਤੇ ਜ਼ਮੀਨ ਲੈ ਕੇ ਖੇਤੀਬਾੜੀ ਕਰਦਾ ਸੀ। ਉਸ ਨੇ ਕੁੱਝ ਵਿਅਕਤੀਆਂ ਤੋਂ 2 ਲੱਖ ਰੁਪਏ ਕਰਜ਼ਾ ਲਿਆ ਹੋਇਆ ਸੀ। ਰਣਜੀਤ ਸਿੰਘ ਦੇ ਪੁੱਤਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਕਰਜ਼ੇ ਦੇ ਬਦਲੇ ਉਨ੍ਹਾਂ ਅਤੇ ਉਨ੍ਹਾਂ ਦੇ ਪਿਤਾ ਨੇ ਖਾਲੀ ਚੈੱਕ ਅਤੇ ਇਕ ਰਜਿਸਟਰੀ ਦਿੱਤੀ ਹੋਈ ਸੀ, ਜਿਸ ਦੀ ਮਿਥੀ ਤਰੀਕ ਖ਼ਤਮ ਹੋ ਗਈ ਸੀ, ਪਰ ਆਰਥਿਕ ਤੰਗੀ ਕਾਰਨ ਉਸ ਦੇ ਪਿਤਾ ਪੈਸੇ ਦਾ ਇੰਤਜ਼ਾਮ ਨਹੀ ਕਰ ਸਕੇ। ਕਰਜ਼ਾ ਦੇਣ ਵਾਲੇ ਵਿਅਕਤੀ ਉਸ ਦੇ ਘਰ ਆ ਗਏ ਤੇ ਖਾਲੀ ਕਾਗ਼ਜ਼ ਅਤੇ ਰਜਿਸਟਰੀ 'ਤੇ ਕਾਨੂੰਨੀ ਕਾਰਵਾਈ ਦਾ ਕਹਿ ਕੇ ਚਲੇ ਗਏ। ਉਨ੍ਹਾਂ ਕਿਹਾ ਕਿ ਉਕਤ ਵਿਅਕਤੀ ਦਾ ਫ਼ੋਨ ਆਇਆ, ਜਿਸ ਤੋਂ ਬਾਅਦ ਮੇਰੇ ਪਿਤਾ ਨੇ ਤਣਾਅ ਵਿਚ ਆ ਕੇ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ।

**ਪਿੰਡ ਅਕਲੀਆਂ ਦੇ ਮਜ਼ਦੂਰ ਵੱਲੋਂ ਖ਼ੁਦਕੁਸ਼ੀ**

ਜੋਗਾ : ਪਿੰਡ ਅਕਲੀਆ ਵਿਚ ਕਰਜ਼ੇ ਦੇ ਸਤਾਏ ਮਜ਼ਦੂਰ ਬੇਅੰਤ ਸਿੰਘ (29) ਨੇ ਜ਼ਹਿਰ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਬੇਅੰਤ ਸਿੰਘ ਦੇ ਪੁੱਤਰ ਦਾ ਦੋ ਵਾਰ ਅਪਰੇਸ਼ਨ ਹੋਣ ਕਾਰਨ ਉਹ ਡੇਢ ਲੱਖ ਦਾ ਕਰਜ਼ਾਈ ਹੋ ਗਿਆ, ਜਿਸ ਕਾਰਨ ਉਸ ਨੂੰ ਘਰ ਦਾ ਕੁੱਝ ਹਿੱਸਾ ਵੀ ਵੇਚਣਾ ਪਿਆ ਪਰ ਕਰਜ਼ੇ ਦਾ ਬੋਝ ਹੌਲਾ ਨਾ ਹੋਇਆ। ਉਸ ਦੇ ਪੁੱਤਰ ਦਾ ਇੱਕ ਅਪਰੇਸ਼ਨ ਹੋਰ ਹੋਣਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਸੀ।

**ਪਿੰਡ ਲਹਿਰੀ ਦੇ ਖੇਤ ਮਜ਼ਦੂਰ ਵੱਲੋਂ ਖ਼ੁਦਕੁਸ਼ੀ**

ਤਲਵੰਡੀ ਸਾਬੋ : ਪਿੰਡ ਲਹਿਰੀ ਦੇ ਇੱਕ ਕਰਜ਼ੇ ਹੇਠ ਦੱਬੇ ਖੇਤ ਮਜ਼ਦੂਰ ਨੇ ਆਰਥਿਕ ਤੰਗੀ ਦੇ ਚੱਲਦਿਆਂ ਕੋਈ ਜ਼ਹਿਰਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ। ਖੇਤ ਮਜ਼ਦੂਰ ਬਿੱਕਰ ਸਿੰਘ (40 ਸਾਲ) ਪਿੰਡ ਦੇ ਕੁੱਝ ਕਿਸਾਨਾਂ ਦਾ ਕਰਜ਼ਈ ਸੀ ਅਤੇ ਘਰ ਦੀ ਆਰਥਿਕ ਹਾਲਤ ਪਤਲੀ ਹੋਣ ਕਰਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਬੀਤੀ ਰਾਤ ਉਸ ਨੇ ਘਰ ਵਿੱਚ ਹੀ ਕੋਈ ਜ਼ਹਿਰਲੀ ਚੀਜ਼ ਖਾ ਲਈ, ਜਿਸ ਦਾ ਪਤਾ ਪਰਿਵਾਰ ਵਾਲਿਆਂ ਨੂੰ ਸਵੇਰੇ ਲੱਗਿਆ।

**ਪਿੰਡ ਪੱਖੋਂ ਕਲਾਂ ਦੇ ਖੇਤ ਮਜ਼ਦੂਰ ਨੇ ਕੀਤੀ ਖ਼ੁਦਕੁਸ਼ੀ**

ਰੂੜੇਕੇ ਕਲਾਂ : ਨੇੜਲੇ ਪਿੰਡ ਪੱਖੋ ਕਲਾਂ ਦੇ ਖੇਤ ਮਜ਼ਦੂਰ ਅੰਮ੍ਰਿਤਪਾਲ ਸਿੰਘ(30) ਪੁੱਤਰ ਜਗਰਾਜ ਸਿੰਘ ਨੇ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ। ਮਜ਼ਦੂਰ ਆਰਥਿਕ ਤੰਗੀ ਕਰ ਕੇ ਮਾਨਸਿਕ ਪ੍ਰੇਸ਼ਾਨੀ ਵਿੱਚ ਸੀ।

**ਪਿੰਡ ਭੁੱਲਰਵਾਲਾ 'ਚ ਖੇਤ ਮਜ਼ਦੂਰ ਵੱਲੋਂ ਪੁੱਤ ਸਮੇਤ ਖ਼ੁਦਕੁਸ਼ੀ**

ਲੰਬੀ : ਹਲਕੇ ਦੇ ਪਿੰਡ ਭੁੱਲਰਵਾਲਾ ਵਿੱਚ ਖੇਤ ਮਜ਼ਦੂਰ ਬਲਜੀਤ ਸਿੰਘ(40) ਨੇ ਆਪਣੇ 6 ਸਾਲਾ ਲੜਕੇ ਸਮੇਤ ਫ਼ਾਹਾ ਲੈ ਲਿਆ। ਬਲਜੀਤ ਚਾਰ ਧੀਆਂ ਅਤੇ ਇੱਕ ਪੁੱਤਰ ਦਾ ਪਿਤਾ ਸੀ ਤੇ ਗਰੀਬੀ ਕਾਰਨ ਪ੍ਰੇਸ਼ਾਨ ਰਹਿੰਦਾ ਸੀ। ਜਦੋਂ ਇਹ ਭਾਣਾ ਵਾਪਰਿਆ ਉਸ ਦੀ ਪਤਨੀ ਜਸਵਿੰਦਰ ਕੌਰ ਪੇਕੇ ਪਿੰਡ ਹੈਬੂਆਨਾ ਗਈ ਹੋਈ ਸੀ ਤੇ ਧੀਆਂ ਬਾਹਰ ਖੇਡ ਰਹੀਆਂ ਸਨ। ਪੁਲੀਸ ਨੇ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ।

# ਪੰਜਾਬੀ ਭਾਸ਼ਾ ਦੇ ਮੁੱਦੇ 'ਤੇ ਦਿੱਲੀ ਕਮੇਟੀ ਨੇ ਕੇਜਰੀਵਾਲ ਸਰਕਾਰ ਨੂੰ ਘੇਰਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਦਿੱਲੀ ਵਿਚ ਮਾਂ-ਬੋਲੀ ਪੰਜਾਬੀ ਨੂੰ ਮਾੜੀ ਸਥਿਤੀ ਤੋਂ ਉਭਾਰ ਕੇ ਉਸ ਦਾ ਬਣਦਾ ਸਤਿਕਾਰ ਦਿਵਾਉਣ ਦੇ ਮੱਦੇਨਜ਼ਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਡੇ ਫ਼ੈਸਲਿਆਂ ਦਾ ਐਲਾਨ ਕੀਤਾ ਹੈ। ਦਿੱਲੀ ਕਮੇਟੀ ਦਫ਼ਤਰ ਵਿਖੇ ਸੱਦੀ ਗਈ ਪ੍ਰੈੱਸ ਕਾਨਫ਼ਰੰਸ ਦੌਰਾਨ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ, ਦਿੱਲੀ ਵਿਚ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਜਿੱਥੇ ਇਕ ਪਾਸੇ ਛੇਤੀ ਦਿੱਲੀ ਸਰਕਾਰ ਦੀ ਸਿਆਸੀ ਘੇਰਾਬੰਦੀ ਕਰਨ ਦੀ ਗੱਲ ਆਖੀ ਹੈ ਉੱਥੇ ਹੀ ਪੂਰੀ ਦਿੱਲੀ ਵਿਚ ਮਾਂ-ਬੋਲੀ ਸਤਿਕਾਰ ਲਹਿਰ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ ਹੈ। ਦੋਵਾਂ ਆਗੂਆਂ ਨੇ ਦੋਸ਼ ਲਾਇਆ ਕਿ ਕੇਜਰੀਵਾਲ ਸਰਕਾਰ ਵੱਲੋਂ ਐਕਟ ਤੋਂ ਬਾਹਰ ਜਾ ਕੇ ਪੰਜਾਬੀ ਭਾਸ਼ਾ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਪੰਜਾਬੀ ਅਧਿਆਪਕਾਂ ਦੀ ਭਰਤੀ ਕਰਨ ਤੋਂ ਜਾਣ ਬੁੱਝ ਕੇ



ਪਾਸਾ ਵੱਟਿਆ ਜਾ ਰਿਹਾ ਹੈ।

ਕਮੇਟੀ ਪ੍ਰਧਾਨ ਜੀ.ਕੇ. ਨੇ ਮਾਂ-ਬੋਲੀ ਸਤਿਕਾਰ ਲਹਿਰ ਸ਼ੁਰੂ ਕਰਨ ਦਾ ਐਲਾਨ ਕਰਦੇ ਹੋਏ ਦਿੱਲੀ ਦੇ ਸਮੂਹ ਪੰਜਾਬੀਆਂ ਨੂੰ ਆਪਣੇ ਘਰਾਂ, ਦਫ਼ਤਰਾਂ ਅਤੇ ਦੁਕਾਨਾਂ 'ਤੇ ਲੱਗਣ ਵਾਲੇ ਪ੍ਰਚਾਰ ਬੋਰਡਾਂ ਵਿਚ ਪੰਜਾਬੀ ਭਾਸ਼ਾ ਦੀ ਲਾਜ਼ਮੀ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਭਾਸ਼ਾ ਨੂੰ ਸਿਰਫ਼ ਸਿੱਖਾਂ ਨਾਲ ਜੋੜੇ ਜਾਣ ਨਾਲ ਕਾਫ਼ੀ ਨੁਕਸਾਨ ਹੋਇਆ ਹੈ, ਜਦਕਿ ਦੂਜੇ ਭਾਈਚਾਰਿਆਂ ਦੀ ਵੱਡੀ ਗਿਣਤੀ ਵੀ ਪੰਜਾਬੀ ਭਾਸ਼ਾ ਬੋਲਦੇ ਹਨ। ਇਸ ਕਾਨਫ਼ਰੰਸ ਵਿਚ ਮੌਜੂਦ ਮਿਸ਼ਨ ਤਾਲੀਮ ਦੇ ਨਸੀਬ ਅੱਲੀ ਨੇ ਉਰਦੂ ਅਧਿਆਪਕਾਂ ਦੀ ਭਰਤੀ ਦਿੱਲੀ ਸਰਕਾਰ ਵਲੋਂ ਨਾ ਕੀਤੇ ਜਾਣ ਨੂੰ ਗੰਭੀਰ ਮਸਲਾ ਦੱਸਦੇ ਹੋਏ ਭਾਸ਼ਾ ਖੋਹਣ ਨੂੰ ਜੁਬਾਨ ਕੱਟੇ ਜਾਣ ਵਜੋਂ ਪਰਿਭਾਸ਼ਿਤ ਕੀਤਾ।

# ਪਾਕਿਸਤਾਨੀ 'ਚ ਵੀ ਬਥੇਰਾ ਹੈ ਬਾਬਿਆਂ ਦਾ ਬੋਲ-ਬਾਲਾ

## ਦੋਵਾਂ ਮੁਲਕਾਂ 'ਚ ਸਿਆਸਤਦਾਨ ਸ਼ਰੇਆਮ ਦਿੰਦੇ ਨੇ ਸਿਆਸੀ ਸ਼ਹਿ

**ਪਰਵੇਜ਼ ਹੁੱਦਭਾਈ**

ਭਾਰਤ ਤੇ ਪਾਕਿਸਤਾਨ ਦੇ ਪ੍ਰਤੀ ਵਰਗ ਮੀਲ ਦਾਇਰੇ ਅੰਦਰ ਜਿੰਨੇ ਪ੍ਰਭਾਵਸ਼ਾਲੀ ਧਾਰਮਿਕ ਰਹਿਨੁਮਾ ਹਨ, ਓਨੇ ਹੋਰ ਕਿਤੇ ਨਹੀਂ। ਕੁਝ



ਤਾਂ ਸਿਰਫ਼ ਅਮੀਰ ਹਨ ਜਦੋਂਕਿ ਜ਼ਿਆਦਾਤਰ ਅਮੀਰ ਹੋਣ ਦੇ ਨਾਲ ਸ਼ਕਤੀਸ਼ਾਲੀ ਵੀ ਬਣੇ ਹੋਏ ਹਨ। ਕਦੇ ਸਮਾਂ ਹੁੰਦਾ ਸੀ ਕਿ ਇਨ੍ਹਾਂ ਦੇ ਸ਼ਰਧਾਲੂ ਗ਼ਰੀਬ, ਅੰਧ-ਵਿਸ਼ਵਾਸੀ ਤੇ ਅਨਪੜ੍ਹ ਹੁੰਦੇ ਸਨ। ਪਰ ਦੋਵਾਂ ਦੇਸ਼ਾਂ ਅੰਦਰ ਧਰਮਾਂ ਵਿੱਚ ਭਾਰੀ ਪੁਨਰ ਉਭਾਰ ਆਉਣ ਬਾਅਦ ਇਨ੍ਹਾਂ ਦਾ ਆਧਾਰ ਫੈਲਿਆ ਤੇ ਸ਼ਰਧਾਲੂਆਂ ਵਿੱਚ ਸਿਆਸਤਦਾਨ, ਫ਼ਿਲਮ, ਕ੍ਰਿਕਟ ਸਟਾਰ ਅਤੇ ਕਾਲਜਾਂ ਵਿੱਚ ਪੜ੍ਹੇ ਲੋਕ ਵੀ ਸ਼ਾਮਲ ਹੋ ਗਏ ਜਿਹੜੇ ਅੰਗਰੇਜ਼ੀ ਬੋਲਦੇ ਤੇ ਮਹਿੰਗੀਆਂ ਕਾਰਾਂ ਝੂਟਦੇ ਸਨ।

ਭਾਰਤ ਵਿੱਚ ਕੋਈ ਵਿਰਲੀ ਉਦਾਹਰਣ ਹੋਏਗੀ ਜਦੋਂ ਕਿਸੇ ਧਾਰਮਿਕ ਰਹਿਨੁਮਾ ਦੇ ਬੁਰੇ ਦਿਨ ਆਏ ਹੋਣ, ਪਰ ਹੁਣੇ ਜਿਹੇ ਅਜਿਹੀ ਇੱਕ ਘਟਨਾ ਵਾਪਰ ਗਈ ਹੈ। ਇੱਕ ਸਵੈ-ਘੋਸ਼ਿਤ ਰੱਬ ਦੇ ਦੂਤ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਮਰਥਕ ਨੂੰ ਹਰਿਆਣਾ ਰਾਜ ਦੇ ਸ਼ਹਿਰ ਪੰਚਕੂਲਾ ਵਿੱਚ ਅਦਾਲਤ ਨੇ ਇੱਕ ਕੇਸ 'ਚ ਸਜ਼ਾ ਸੁਣਾਉਣੀ ਸੀ, ਤਾਂ ਉਸ ਨਾਲ ਡੇਰੇ ਤੋਂ ਇੱਕ ਸੌ ਤੋਂ ਵੱਧ ਕਾਰਾਂ ਦਾ ਕਾਫ਼ਲਾ ਸੀ। ਉਹ ਆਪਣੇ ਪੰਜ ਤੋਂ ਛੇ ਕਰੋੜ ਸ਼ਰਧਾਲੂ ਹੋਣ ਦਾ ਦਾਅਵਾ ਕਰਦਾ ਹੈ। ਵੋਟਾਂ ਦੇ ਭੁੱਖੇ ਸਿਆਸਤਦਾਨ ਉਨ੍ਹਾਂ ਦੇ ਪੈਰ ਛੂੰਹਦੇ ਅਤੇ ਸੌਦੇਬਾਜ਼ੀਆਂ ਕਰਦੇ ਰਹੇ ਹਨ। ਜੱਜ ਵੱਲੋਂ ਉਸ ਨੂੰ ਵੀਹ ਸਾਲ ਦੀ ਬਾਮੁਸ਼ੱਕਤ ਕੈਦ ਐਲਾਨੇ ਜਾਣ ਬਾਅਦ ਸ਼ਰਧਾਲੂਆਂ ਨੇ ਹਿੰਸਾ ਕੀਤੀ, ਆਪਣੇ ਰਹਿਨੁਮਾ ਨੂੰ ਸਾਜ਼ਿਸ਼ ਤਹਿਤ ਫਸਾਏ ਜਾਣ ਉੱਪਰ ਵਿਸ਼ਵਾਸ ਕੀਤਾ। ਇਸ ਹਿੰਸਾ ਦੌਰਾਨ 38 ਵਿਅਕਤੀ ਮਾਰੇ ਗਏ, ਸੈਂਕੜੇ ਜ਼ਖ਼ਮੀ ਹੋਏ ਅਤੇ ਸਰਕਾਰੀ ਇਮਾਰਤਾਂ ਨੂੰ ਅੱਗਾਂ ਲਾਈਆਂ ਗਈਆਂ।

ਭਾਵੇਂ ਕਿ ਇਹ ਰੱਬ ਦਾ ਦੂਤ ਵੱਡੇ ਧਾਰਮਿਕ ਰਹਿਨੁਮਾਵਾਂ ਵਿੱਚ ਗਿਣਿਆ ਜਾਂਦਾ ਹੈ, ਫਿਰ ਵੀ ਅਜੇ ਛੋਟਾ ਹੈ ਕਿਉਂਕਿ ਉਹ ਨਿਪਟ ਸਕਣ ਯੋਗ ਹੈ। ਅਸਲੀ ਸ਼ਕਤੀਸ਼ਾਲੀ ਉਹ ਹਨ ਜਿਹੜੇ ਕੌਮੀ ਸਿਆਸਤ ਵਿੱਚ ਧਰਮ ਦੀ ਵਰਤੋਂ ਕਰਨਾ ਜਾਣਦੇ ਹਨ। ਭਾਰਤ ਇਸ ਵੇਲੇ ਗੋਵਲਕਰ ਤੇ ਸਾਵਰਕਰ ਦੀ ਇੰਤਹਾਪਸੰਦੀ ਹਿੰਦੂ ਵਿਚਾਰਧਾਰਾ ਅਤੇ ਨਾਲ ਹੀ ਸਰਕਾਰ ਦੇ ਅਜਿਹੇ ਮੁਖੀ, ਜੋ ਹਿੰਦੂ ਗਲਬੇ ਲਈ ਖੁੱਲ੍ਹ ਕੇ ਵਚਨਬੱਧ ਹੈ, ਵਰਗਾ ਮਾਹੌਲ ਹੰਢਾਅ ਰਿਹਾ ਹੈ। ਪਾਕਿਸਤਾਨ ਦੇ ਧਾਰਮਿਕ ਰਹਿਨੁਮਾਵਾਂ ਨੂੰ ਦੋ ਹਿੱਸਿਆਂ ਵਿੱਚ ਨਿਖੇੜਿਆ ਜਾ ਸਕਦਾ ਹੈ- ਪੀਰ ਤੇ ਮੌਲਵੀ। ਪੀਰਾਂ ਦੇ ਮੁਹਾਂਦਰੇ ਕੁਝ ਪੱਖਾਂ ਤੋਂ ਹਿੰਦੂ ਤੇ ਸਿੱਖ ਧਾਰਮਿਕ ਗੁਰੂ ਨਾਲ ਮਿਲਦੇ-ਜੁਲਦੇ ਹਨ। ਉਹ ਮੁਰੀਦਾਂ ਨੂੰ ਰੱਖ, ਨੁਸਖੇ ਤੇ ਆਸ਼ੀਰਵਾਦ ਦਿੰਦੇ ਹਨ- ਆਮ ਕਰਕੇ ਵੱਡੀ ਕੀਮਤ 'ਤੇ। ਕਿਹਾ ਜਾਂਦਾ ਹੈ ਕਿ ਪੀਰਾਂ ਕੋਲ ਜਾਦੂਈ ਛੋਹ ਸ਼ਕਤੀਆਂ ਹੁੰਦੀਆਂ ਹਨ। ਉਦਾਹਰਣ ਵਜੋਂ, ਬੇਨਜ਼ੀਰ ਭੁੱਟੋ (ਮਰਹੂਮ ਪ੍ਰਧਾਨ ਮੰਤਰੀ) ਹਰੇਕ ਗੱਲ ਨੂੰ ਪਹਿਲਾਂ ਹੀ ਜਾਣਨ ਦਾ ਦਾਅਵਾ ਕਰਨ ਵਾਲੇ ਪੀਰ ਪਗਾਰੋ ਦੀ ਮੁਰੀਦ ਹੁੰਦੀ ਸੀ। ਉਹ ਵਿਅਕਤੀ ਬਾਗਾਂ ਵਿੱਚ ਪਾਣੀ ਦੇ ਛਿੜਕਾਅ ਲਈ ਵਰਤੀ ਜਾਂਦੀ ਰਬੜ ਦੀ ਨਾਲੀ ਰਾਹੀਂ ਲੋਕਾਂ 'ਤੇ ਪਾਣੀ ਛਿੜਕ ਕੇ ਤੰਦਰੁਸਤ ਕਰਨ ਦਾ ਦਾਅਵਾ ਕਰਦਾ ਸੀ। ਬੇਨਜ਼ੀਰ ਦਾ ਪਤੀ, ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਆਪਣੇ ਪੀਰ ਦੇ ਕਹਿਣ 'ਤੇ ਰੋਜ਼ਾਨਾ ਇੱਕ ਕਾਲੀ ਬੱਕਰੀ ਦੀ ਬਲੀ ਦਿੰਦਾ ਸੀ। ਪਰ ਹੁਣ ਅਜਿਹੇ ਪੜ੍ਹੇ-ਲਿਖੇ ਮੁਸਲਮਾਨਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਜਿਹੜੇ ਮਰਜ਼ਾਂ ਦਾ ਇਸ ਤਰ੍ਹਾਂ ਇਲਾਜ ਕੀਤੇ ਜਾਣ ਉੱਪਰ ਵਿਸ਼ਵਾਸ ਨਹੀਂ ਕਰਦੇ ਅਤੇ ਇਸ ਕਰਕੇ ਪੀਰਾਂ ਦੀ ਅਹਿਮੀਅਤ ਘਟਦੀ ਜਾ ਰਹੀ ਹੈ।

ਪਾਕਿਸਤਾਨੀ ਧਾਰਮਿਕ ਰਹਿਨੁਮਾਵਾਂ ਦੀ ਦੂਜੀ ਕਿਸਮ ਮੁੱਲਾਂ ਦੇ ਰੂਪ ਵਿੱਚ ਹੈ। ਮੁਲਾਵਾਂ ਦਾ ਆਪਣਾ ਹੀ ਵੱਖਰਾ ਰਾਹ ਹੈ। ਇਨ੍ਹਾਂ ਦੀ ਕੇਵਲ ਜਨਾਜ਼ਿਆਂ ਅਤੇ ਜੁੰਮੇ ਦੀਆਂ ਨਮਾਜ਼ਾਂ ਸਮੇਂ ਲੋੜ ਪੈਂਦੀ ਹੈ। ਇੱਕ ਵਾਰੀ ਇੱਕ ਗ਼ਰੀਬ ਮੁਲਾਣਾ, ਜਿਹੜਾ ਬਹੁਤਿਆਂ ਲਈ ਮਜ਼ਾਕ ਦਾ ਪਾਤਰ ਸੀ, ਬੱਚਿਆਂ ਨੂੰ ਕੁਰਾਨ ਦੀ ਸਿੱਖਿਆ ਸਮਝਾ ਰਿਹਾ ਸੀ। ਅੱਲਾਮਾ ਇਕਬਾਲ ਨੇ ਉਸ ਨੂੰ ਬੁਰੀ ਤਰ੍ਹਾਂ ਝਾੜਦਿਆਂ ਕਿਹਾ: 'ਤੇਰੀ ਨਮਾਜ਼ ਮੇਂ ਬਾਕੀ ਜਲਾਲ ਹੈ ਨਾ ਜਮਾਲ (ਤੁਸੀਂ ਜਿਹੜੀ ਨਮਾਜ਼ ਸੁਣਾ ਰਹੇ ਹੋ ਉਹ ਸ਼ਾਨ ਤੇ ਵਡਿਆਈ ਤੋਂ ਸੱਖਣੀ ਹੈ), ਤੇਰੀ ਆਜ਼ਾਨ ਮੇਂ ਨਹੀਂ ਮੇਰੀ ਸਹਿਰ ਕਾ ਪੱਯਾਮ (ਤੁਹਾਡੀ ਆਜ਼ਾਨ ਠੰਢੀ ਤੇ ਕਾਇਲ ਨਾ ਕਰ ਸਕਣ ਵਾਲੀ ਹੈ)।



ਪਰ ਸੰਨ 1979 ਵਿੱਚ ਅਫ਼ਗਾਨਿਸਤਾਨ ਉੱਪਰ ਸੋਵੀਅਤ ਸੰਘ ਵੱਲੋਂ ਧਾਵਾ ਬੋਲੇ ਜਾਣ ਬਾਅਦ ਮੁਲਾਣਿਆਂ ਦੀ ਕਿਸਮਤ ਬਦਲ ਗਈ ਹੈ। ਅਮਰੀਕਾ-ਪਾਕਿਸਤਾਨ-ਸਾਊਦੀ ਅਰਬ ਮਹਾਗੱਠਜੋੜ ਸਦਕਾ, ਕਿਸੇ ਸਮੇਂ ਤਰਸਯੋਗ ਹਾਲਤ ਵਿੱਚ ਵਿਚਰ ਰਹੇ ਮੁਲਾਣੇ, ਹੁਣ ਐਸਯੂਵੀ ਵਾਹਨ ਝੂਟਦੇ, ਧਾਰਮਿਕ ਜਹਾਦੀਆਂ ਦੀ ਅਗਵਾਈ ਕਰਦੇ ਅਤੇ ਉੱਚੀ ਤੇ ਸ਼ੋਰੀਲੀ ਆਵਾਜ਼ ਵਾਲੇ ਲਾਊਡ ਸਪੀਕਰਾਂ ਰਾਹੀਂ ਭੜਕੀਲੇ ਭਾਸ਼ਣ ਦਿੰਦੇ ਵੇਖੇ-ਸੁਣੇ ਜਾ ਸਕਦੇ ਹਨ। ਆਖ਼ਰਕਾਰ ਕੁਝ ਜ਼ਮੀਨਾਂ ਉੱਪਰ ਨਾਜਾਇਜ਼ ਕਬਜ਼ੇ ਕਰਨ ਵਾਲੇ, ਵਾਹਨਾਂ ਦੇ ਡੀਲਰ ਤੇ ਸ਼ੱਕੀ ਕਾਰੋਬਾਰੀ ਬਣ ਗਏ ਹਨ। ਕੁਝ ਪਾਕਿਸਤਾਨੀ ਮੌਲਾਨਾ ਡੀਜ਼ਲ, ਮੌਲਾਨਾ ਵਿਸਕੀ, ਮੌਲਾਣਾ ਡਿਸਕੋ ਦੀਆਂ ਪਛਾਣਾਂ ਹੀ ਨਹੀਂ ਕਰ ਸਕਣਗੇ।

9/11 ਵਾਪਰਨ ਬਾਅਦ ਮੁੱਲਾ ਤੇ ਸਰਕਾਰ ਵਿੱਚ ਗੰਭੀਰ ਟਕਰਾਅ ਵੇਖਣ ਨੂੰ ਮਿਲਿਆ। ਜਨਰਲ ਪਰਵੇਜ਼ ਮੁਸ਼ੱਰਫ ਦੇ ਇੱਕ ਤਰ੍ਹਾਂ ਨਾਲ ਅਮਰੀਕਾ ਅੱਗੇ ਗੋਡੇ ਟੇਕਣ ਨੇ ਮੁੱਲਾ ਦਾ ਗੁੱਸਾ ਸਿਖ਼ਰ 'ਤੇ ਪਹੁੰਚਾ ਦਿੱਤਾ। ਪਾਕਿਸਤਾਨ ਦੀ ਰਾਜਧਾਨੀ ਦੇ ਦਿਲ ਵਿੱਚ ਇੱਕ ਸਰਕਾਰੀ ਇਮਾਰਤ ਉੱਪਰ ਲਾਲ ਮਸਜਿਦ ਤੇ ਜਾਮੀਆ ਹਾਫਸਾ ਦੇ ਕੁਝ ਹਥਿਆਰਬੰਦ ਗਰੁੱਪਾਂ ਨੇ ਜਨਵਰੀ 2007 ਵਿੱਚ ਕਬਜ਼ਾ ਕਰ ਲਿਆ। ਉਨ੍ਹਾਂ ਨੇ ਆਮ ਨਾਗਰਿਕਾਂ ਤੇ ਪੁਲੀਸ ਮੁਲਾਜ਼ਮਾਂ ਨੂੰ ਅਗਵਾ ਕਰਕੇ , ਪਾਕਿਸਤਾਨੀ ਫ਼ੌਜ ਨਾਲ ਲੜ ਰਹੇ ਕਬਾਇਲੀ ਅਤਿਵਾਦੀਆਂ ਦੀਆਂ ਮੰਗਾਂ ਦੁਹਰਾਈਆਂ। ਆਪਣੇ ਐੱਫ.ਐੱਮ. ਰੇਡੀਓ ਸਟੇਸ਼ਨ ਰਾਹੀਂ ਇਹ ਸੁਨੇਹਾ ਪ੍ਰਸਾਰਤ ਕੀਤਾ, "ਸਾਡੇ ਕੋਲ ਹਥਿਆਰ, ਗ੍ਰਨੇਡ ਹਨ ਅਤੇ ਅਸੀਂ ਬੰਬ ਬਣਾਉਣ ਵਿੱਚ ਮਾਹਿਰ ਹਾਂ। ਅਸੀਂ ਮਰਨ ਤੋਂ ਨਹੀਂ ਡਰਦੇ।" ਇਸਲਾਮਾਬਾਦ ਜੰਗੀ ਖੇਤਰ ਵਿੱਚ ਬਦਲ ਚੁੱਕਿਆ ਸੀ ਤੇ ਆਖਰਕਾਰ ਇਸ ਅਰਾਜਕਤਾ ਦਾ ਅੰਤ ਕਰ ਦਿੱਤਾ ਗਿਆ, 150-200 ਜਾਨਾਂ ਸਰਕਾਰ ਦੀ ਜੁਆਬੀ ਕਾਰਵਾਈ ਵਿੱਚ ਚਲੀਆਂ ਗਈਆਂ।

ਪਾਕਿਸਤਾਨੀ ਅਦਾਲਤਾਂ ਸਾਡੇ ਅਜਿਹੇ ਧਾਰਮਿਕ ਆਗੂਆਂ ਅਤੇ ਔਰਤਾਂ ਨੂੰ ਦੋਸ਼ੀ ਕਰਾਰ ਦੇਣ ਵਿੱਚ ਅਸਫਲ ਰਹੀਆਂ। ਉਦਾਹਰਣ ਵਜੋਂ ਮੌਲਾਣਾ ਅਜ਼ੀਜ਼ ਅਤੇ ਉਮੇ ਹਸਨ (ਉਸ ਦੀ ਪਤਨੀ ਤੇ ਜਾਮੀਆ ਹਾਫਸਾ ਦੀ ਮੁਖੀ) ਬਰੀ ਕਰਾਰ ਦੇ ਦਿੱਤੇ ਗਏ ਅਤੇ ਉਹ ਹੁਣ ਆਮ ਵਾਂਗ ਆਪਣੇ ਕਾਰਜ ਕਰ ਰਹੇ ਹਨ। ਅਦਾਲਤ ਨੇ ਫ਼ੈਸਲੇ ਵਿੱਚ ਲਿਖਿਆ ਕਿ ਮੁਲਜ਼ਮਾਂ ਕੋਲੋਂ ਭਾਰੇ ਹਥਿਆਰ ਮਿਲਣੇ ਸਾਬਤ ਨਹੀਂ ਹੋ ਸਕੇ। ਅਦਾਲਤ ਨੇ ਉਨ੍ਹਾਂ ਟੀ.ਵੀ. ਫੁਟੇਜ ਨੂੰ ਵੀ ਸਬੂਤ ਮੰਨਣ ਤੋਂ ਨਾਂਹ ਕਰ ਦਿੱਤੀ, ਜਿਨ੍ਹਾਂ 'ਚ ਅਜ਼ੀਜ਼ ਦੇ ਵਿਦਿਆਰਥੀ ਗੈਸ ਮਾਸਕ ਪਹਿਨ ਕੇ ਕਲਾਸ਼ਨੀਕੋਵ ਰਾਈਫਲਾਂ ਨਾਲ ਗੋਲੀਆਂ ਚਲਾਉਂਦੇ ਦਿਖਾਏ ਗਏ ਸਨ। ਫ਼ੌਜ ਵੱਲੋਂ ਉਨ੍ਹਾਂ ਕੋਲੋਂ ਬਰਾਮਦ ਕੀਤੇ ਹਥਿਆਰ, ਜੋ ਪੁਲੀਸ ਦੇ ਮਾਲਖਾਨੇ ਵਿੱਚ ਰੱਖੇ ਗਏ ਸਨ, ਭੇਤ-ਭਰੇ ਢੰਗ ਨਾਲ ਗਾਇਬ ਕਰ ਦਿੱਤੇ ਗਏ। ਭਾਵੇਂ ਪਾਕਿਸਤਾਨ ਦੀ ਇਸ ਕਾਰਵਾਈ ਦੌਰਾਨ ਐੱਸ.ਐੱਸ.ਜੀ. ਦੇ 10 ਕਮਾਂਡੋ ਵੀ ਮਾਰੇ ਗਏ ਸਨ। ਫ਼ੌਜ, ਜਿਹੜੀ ਬਲੋਚਿਸਤਾਨ ਵਿੱਚ ਤੁਰਤ ਕਾਰਵਾਈ ਕਰਨ ਵਜੋਂ ਜਾਣੀ ਜਾਂਦੀ ਹੈ, ਨੇ ਵੀ ਕੇਸ ਦਾ ਪਿੱਛਾ ਨਹੀਂ ਕੀਤਾ।

ਅਸੀਂ ਭਾਰਤੀ ਤੇ ਪਾਕਿਸਤਾਨੀ ਬਹੁਤ ਸਹਿਣਸ਼ੀਲ ਬਣ ਗਏ ਹਾਂ- ਨਹੀਂ, ਸਮਰਥਕ-ਧਾਰਮਿਕ ਰਹਿਨੁਮਾ, ਭਾਵੇਂ ਰੂਹਾਨੀ ਜਾਂ ਸਿਆਸੀ ਕਿਸਮ ਦਾ ਹੋਵੇ? ਜਿਹੜੇ ਸੱਤਾ ਦੇ ਖਾਹਿਸ਼ਮੰਦ ਹਨ, ਉਹ ਧਰਮ ਦੀ ਵਰਤੋਂ ਆਪਣੇ ਵੋਟਰਾਂ ਨੂੰ ਪ੍ਰੇਰਨ ਲਈ ਕਰਨ ਵਿੱਚ ਐਨੇ ਸਫਲ ਕਿਉਂ ਹੋ ਰਹੇ ਹਨ? ਆਖਰਕਾਰ, ਇਹ 21ਵੀਂ ਸਦੀ ਹੈ, 12ਵੀਂ ਸਦੀ ਨਹੀਂ।

ਅਪਰਾਧੀ ਦਾ ਆਧੁਨਿਕੀਕਰਨ ਹੋ ਸਕਦਾ ਹੈ। ਤਕਨਾਲੋਜੀ ਨੇ ਜਿਊਣ ਦੇ ਰਵਾਇਤੀ ਢੰਗਾਂ ਤੋਂ ਦੂਰ ਲਿਜਾ ਕੇ ਅਤੇ ਨਵੇਂ, ਅਨਿਸ਼ਚਿਤ ਤੇ ਹਮੇਸ਼ਾਂ ਬਦਲਦੀ ਰਹਿਣ ਵਾਲੀ ਦੁਨੀਆਂ ਵਿੱਚ ਲਿਆ ਕੇ ਮਨੁੱਖ ਉੱਪਰ ਭਾਰੀ ਮਨੋਵਿਗਿਆਨਕ ਕਸ਼ਟ ਵਧਾ ਦਿੱਤੇ ਹਨ। ਸਾਂਝੇ ਪਰਿਵਾਰਾਂ ਤੇ ਪੇਂਡੂ ਭਾਈਚਾਰਿਆਂ ਵਰਗੀਆਂ ਪੁਰਾਣੀਆਂ ਇਕਾਈਆਂ ਅਲੋਪ ਹੋ ਗਈਆਂ ਹਨ। ਜੀਵਨ ਹਾਲਤਾਂ ਨਿੱਘਰ ਗਈਆਂ ਹਨ, ਪ੍ਰਦੂਸ਼ਣ ਵਧ ਗਿਆ ਹੈ, ਹਰ ਪਾਸੇ ਕਰੂਪਤਾ ਨਜ਼ਰ ਆ ਰਹੀ ਹੈ, ਨੌਕਰੀਆਂ ਸੁਰੱਖਿਅਤ ਨਹੀਂ ਹਨ- ਇਹ ਸਚਾਈ ਹੈ, ਬਹੁਤ ਸਾਰੇ ਸ਼ਹਿਰੀ ਵਸਨੀਕਾਂ ਦੀ। ਜਦੋਂ ਦੁਨੀਆਂ ਵਿੱਚ ਲਗਪਗ ਸਭ ਅੱਛਾ ਸੀ, ਇਹ ਭਾਰੀ ਉਦਰੇਵਾਂ ਉਸ ਸਮੇਂ ਹੈ। ਇਹੀ ਕਾਰਨ ਹੈ ਕਿ ਲੋਕ ਅਜੋਕੇ ਗੁੰਝਲਦਾਰ ਸਵਾਲਾਂ ਦੇ ਸਾਦੇ ਜੁਆਬ ਧਾਰਮਿਕ ਰਹਿਨੁਮਾਵਾਂ ਕੋਲੋਂ ਲੱਭਦੇ ਹਨ। ਜਿਵੇਂ ਹਿੰਦੂਤਵਾ ਭਾਰਤੀ ਹਿੰਦੂਆਂ ਨੂੰ 'ਸ਼ੁੱਧ' ਭਾਰਤ ਦੇ ਸੁਪਨੇ ਵਿਖਾ ਰਿਹਾ ਹੈ, ਮੁਸਲਿਮ ਮੁਲਾਣੇ ਆਪਣੇ ਸ਼ਰਧਾਲੂਆਂ ਨੂੰ ਇਸਲਾਮ ਦਾ ਪੁਰਾਤਨ ਜਲਾਲ ਮੁੜ ਲਿਆਉਣ ਦੇ ਸੁਪਨੇ ਵਿਖਾ ਰਹੇ ਹਨ।

ਪਰ ਇਹ ਤਾਂ ਕੱਖ-ਕਾਨ ਇਕੱਠਾ ਕਰਨ ਵਾਂਗ ਹੈ। ਜਦੋਂ ਧਰਮ ਨੂੰ ਸਿਆਸਤ ਵਿੱਚ ਮਿਲਾਇਆ ਜਾਂਦਾ ਹੈ ਤਾਂ ਇਹ ਬਹੁਤ ਖ਼ਰਾਬ ਹੋ ਜਾਂਦਾ ਹੈ। ਜਿਹੜੇ ਧਾਰਮਿਕ ਰਹਿਨੁਮਾਵਾਂ ਨੂੰ ਅੰਨ੍ਹੀ ਸ਼ਰਧਾ ਤੇ ਬਗੈਰ ਕਿਸੇ ਸਵਾਲ ਕੀਤਿਆਂ ਮੰਨਦੇ ਹਨ, ਉਨ੍ਹਾਂ ਲਈ ਇਹ ਜ਼ਹਿਰ ਤੇ ਧਮਾਕਾਖੇਜ਼ ਸਮੱਗਰੀ ਦੇ ਰਲੇਵੇਂ ਵਰਗਾ ਹੁੰਦਾ ਹੈ। ਲੋਕਾਂ ਨੂੰ ਹੋਰ ਵੰਡੇ ਬਗੈਰ, ਭਾਵੇਂ ਕੌਮੀ ਸਰਹੱਦਾਂ ਦੇ ਅੰਦਰ ਹੋਣ ਜਾਂ ਬਾਹਰ, ਦੱਖਣੀ ਏਸ਼ੀਅਨ ਦੇਸ਼ਾਂ ਨੂੰ ਧਰਮ, ਜਾਤ ਤੇ ਨਸਲ ਦੇ ਵਿਤਕਰੇ ਦੂਰ ਕਰਕੇ ਸਰਬ-ਵਿਆਪੀ ਵਿਸ਼ਵ ਸਮਾਜ ਦਾ ਹਿੱਸਾ ਬਣਨ ਦਾ ਟੀਚਾ ਮਿਥਣਾ ਚਾਹੀਦਾ ਹੈ।

**(ਡਾਅਨ 'ਚੋਂ ਧੰਨਵਾਦ ਸਹਿਤ)**

# ਬਾਬਾਵਾਦੀ ਸਿਆਸਤ ਵੱਧਣ-ਫੁੱਲਣ ਦੇ ਕਾਰਨ ਤੇ ਲੋਕ ਮਸਲੇ

**ਰਣਜੀਤ ਸਿੰਘ ਘੁੰਮਣ (ਡਾ.)***
(ਸੰਪਰਕ: 98722- 20714)

ਡੇਰਾ ਸਿਰਸਾ ਦੇ ਮੁਖੀ ਗੁਰਮੀਤਰਾਮ ਰਹੀਮ ਨੂੰ ਪੰਚਕੂਲਾ ਦੀ ਸੀਬੀਆਈ ਅਦਾਲਤ ਵੱਲੋਂ ਬਲਾਤਕਾਰ ਕੇਸ ਵਿੱਚ ਸਜ਼ਾ ਸੁਣਾਏ ਜਾਣ



ਬਾਅਦ ਸਿਆਸਤਦਾਨਾਂ ਵਲੋਂ ਅਜਿਹੇ ਗੁੰਡਿਆਂ ਨੂੰ ਦਿੱਤੀ ਜਾਂਦੀ ਸ਼ਹਿ ਅਤੇ ਇਨ੍ਹਾਂ ਦੇ ਕਾਲੇ ਕਾਰਨਾਮਿਆਂ ਵਿਰੁਧ ਮੂੰਹ ਵਿੱਚ ਘੁੰਗਣੀਆਂ ਪਾਏ ਰੱਖਣ ਦੀ ਢੀਠਤਾਈ ਸ਼ਰੇਆਮ ਸਾਹਮਣੇ ਆਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਤਾਜ਼ਾ ਟਿੱਪਣੀ ਵਿੱਚ ਕਿਹਾ ਹੈ ਕਿ ਰਾਜਨੀਤਕ ਪਾਰਟੀਆਂ ਬਾਬਿਆਂ ਦਾ ਸਿਆਸੀ ਲਾਹਾ ਲੈਂਦੀਆਂ ਹਨ।

ਲੋਕਾਂ ਦੀਆਂ ਆਰਥਿਕ, ਸਮਾਜਿਕ, ਰਾਜਨੀਤਿਕ ਤੇ ਸੱਭਿਆਚਾਰਕ ਸਮੱਸਿਆਵਾਂ ਜਿਵੇਂ ਜਿਵੇਂ ਵਧਦੀਆਂ ਜਾਂਦੀਆਂ ਹਨ ਅਤੇ ਰਾਜਨੀਤਿਕ ਨੇਤਾਵਾਂ ਤੇ ਸਰਕਾਰਾਂ ਕੋਲੋਂ ਉਨ੍ਹਾਂ ਦਾ ਹੱਲ ਨਹੀਂ ਹੁੰਦਾ, ਲੋਕ ਡੇਰੇ ਵਾਲੇ ਬਾਬਿਆਂ ਦੀ ਸ਼ਰਨ ਵਿੱਚ ਜਾ ਪਹੁੰਚਦੇ ਹਨ। ਸਾਲ 1991 ਵਿੱਚ ਸ਼ੁਰੂ ਹੋਏ ਆਰਥਿਕ ਸੁਧਾਰਾਂ ਤੋਂ ਅਜਿਹਾ ਵਰਤਾਰਾ ਵੱਧ ਗਿਆ ਅਤੇ ਰਾਜਨੀਤਿਕ ਪਾਰਟੀਆਂ, ਸਰਕਾਰਾਂ ਅਤੇ ਬਾਬਿਆਂ ਵਿੱਚ 'ਨੇੜਤਾ' ਗੂੜ੍ਹੀ ਹੋਈ ਹੈ। ਬਾਬੇ ਲੋਕਾਂ ਨੂੰ ਤਰਕ ਅਧਾਰਿਤ ਸੋਚ ਤੋਂ ਦੂਰ ਰੱਖਣ ਵਿੱਚ ਕਾਮਯਾਬ ਹਨ। ਸਰਕਾਰਾਂ ਚਾਹੁੰਦੀਆਂ ਹਨ ਕਿ ਲੋਕ ਆਪਣੇ ਮਸਲਿਆਂ ਨੂੰ ਲੈ ਕੇ ਉਨ੍ਹਾਂ ਲਈ ਮੁਸੀਬਤਾਂ ਪੈਦਾ ਨਾ ਕਰਨ ਅਤੇ 'ਬਾਬੇ' ਇਨ੍ਹਾਂ ਮਸਲਿਆਂ ਦੇ ਹੱਲ ਲਈ ਜਿਹੜਾ ਰਾਹ ਵਿਖਾਉਂਦੇ ਹਨ, ਉਹ ਸਰਕਾਰਾਂ ਨੂੰ ਬਹੁਤ ਭਾਉਂਦਾ ਹੈ। ਵੋਟਾਂ ਦੀ ਲੋੜ ਨੇ ਸਿਆਸਤਦਾਨਾਂ ਲਈ 'ਬਾਬਿਆਂ' ਦੀ ਮਹੱਤਤਾ ਹੋਰ ਵੀ ਵਧਾ ਦਿੱਤੀ ਹੈ।

ਮਸਲਾ ਬਹੁਤ ਗੰਭੀਰ ਅਤੇ ਟੇਢਾ ਹੈ। ਸ਼ਾਇਦ ਹੀ ਕੋਈ ਸਮਾਜ ਹੋਵੇ ਜਿਥੇ ਬਾਬੇ ਮੌਜੂਦ ਨਾ ਹੋਣ। ਪੰਜਾਬ ਵਿੱਚ ਵੱਡੀ ਗਿਣਤੀ ਧਾਰਮਿਕ



ਬਾਬੇ ਹਰ ਰੋਜ਼ ਹਜ਼ਾਰਾਂ ਦੁਖੀਆਂ ਦਾ 'ਕਲਿਆਣ' ਕਰ ਰਹੇ ਹਨ। ਖਾਸ ਕਰਕੇ ਐਤਵਾਰ ਨੂੰ ਇਨ੍ਹਾਂ ਡੇਰਿਆਂ ਉਪਰ ਖਾਸ ਰੌਣਕਾਂ ਹੁੰਦੀਆਂ ਹਨ। ਇਥੋਂ ਤਕ ਕਿ ਡੇਰਿਆਂ ਦੇ ਪ੍ਰਬੰਧਕਾਂ ਨੇ ਆਪਣੇ ਸੇਵਾਦਾਰਾਂ ਦੀ ਡਿਊਟੀ ਜੀ.ਟੀ. ਰੋਡ ਵਰਗੀਆਂ ਮਹੱਤਵਪੂਰਨ ਸੜਕਾਂ ਉਤੇ ਆਵਾਜਾਈ ਦੇ ਪ੍ਰਬੰਧ ਲਈ ਲਾਈ ਹੁੰਦੀ ਹੈ। ਸ਼ਰਧਾਲੂਆਂ ਵਿੱਚ ਰਾਜਸੀ ਨੇਤਾ, ਵੱਡੇ ਛੋਟੇ ਅਫਸਰ, ਗਰੀਬ, ਅਮੀਰ, ਕਿਸਾਨ, ਮਜ਼ਦੂਰ, ਪੜ੍ਹੇ ਲਿਖੇ, ਅਨਪੜ੍ਹ, ਛੋਟੇ ਦੁਕਾਨਦਾਰ ਤੇ ਵੱਡੇ ਵਪਾਰੀ, ਉਦਯੋਗਪਤੀ ਸਭ ਹੁੰਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਜੇ ਸਮਾਜ ਦੇ ਹਰੇਕ ਵਰਗ ਦੇ ਵੱਡੀ ਗਿਣਤੀ ਲੋਕ ਇਨ੍ਹਾਂ ਬਾਬਿਆਂ ਦੇ ਡੇਰਿਆਂ ਵਿੱਚ ਹਾਜ਼ਰੀ ਭਰਦੇ ਹਨ ਤਾਂ ਉਥੇ ਕੁਝ ਨਾ ਕੁਝ ਤਾਂ ਅਜਿਹਾ ਹੁੰਦਾ ਹੀ ਹੋਵੇਗਾ ਜਿਸ ਤੋਂ ਪ੍ਰਭਾਵਿਤ ਹੋ ਕੇ ਉਹ ਵਕਤ ਕੱਢ ਲੈਂਦੇ ਹਨ। ਇਹ ਲੋਕ ਕਿਸੇ ਇਕ ਧਰਮ ਦੇ ਪੈਰੋਕਾਰ ਨਹੀਂ ਹੁੰਦੇ ਹਨ। ਉਨ੍ਹਾਂ ਦੇ ਆਪੋ ਆਪਣੇ ਧਰਮ ਗ੍ਰੰਥਾਂ ਵਿੱਚ ਸਾਰੇ ਮਸਲਿਆਂ ਦਾ ਹੱਲ ਮੌਜੂਦ ਹੈ, ਫਿਰ ਵੀ ਉਹ ਡੇਰਿਆਂ ਤੋਂ ਸੁਖ, ਸ਼ਾਂਤੀ ਅਤੇ ਦੁੱਖਾਂ ਕਲੇਸ਼ਾਂ ਦੀ ਨਵਿਰਤੀ ਭਾਲਦੇ ਹਨ । ਆਖ਼ਰ ਕਿਉ? ਇਹ ਪਰੰਪਰਾ ਲੰਬੇ ਸਮੇਂ ਤੋਂ ਸਮਾਜ ਵਿੱਚ ਚਲਦੀ ਆ ਰਹੀ ਹੈ। ਇਹ ਲੰਬੀ ਬਹਿਸ ਦਾ ਵਿਸ਼ਾ ਹੈ। ਪਰ ਇਕ ਗੱਲ ਜ਼ਰੂਰ ਹੈ ਕਿ ਜਦੋਂ ਵੀ ਸਮਾਜ/ਧਰਮ ਵਿੱਚ ਵਿਗਾੜ ਪੈਦਾ ਹੋਏ ਹਨ, ਕੋਈ ਨਾ ਕੋਈ ਸੁਧਾਰ ਲਹਿਰ ਸ਼ੁਰੂ ਹੁੰਦੀ ਰਹੀ ਹੈ। ਉਮੀਦ ਹੈ ਹੁਣ ਵੀ ਅਜਿਹਾ ਜ਼ਰੂਰ ਹੋਵੇਗਾ

ਪੰਜਾਬ ਅੱਜ ਇਕ ਅਜਿਹੀ ਹੀ ਨ੍ਹੇਰੀ ਗਲੀ ਦੇ ਮੋੜ 'ਤੇ ਖੜ੍ਹਾ ਹੈ। ਬਾਬਿਆਂ ਕਾਰਨ ਉਭਰੇ ਮਸਲਿਆਂ ਕਾਰਨ ਲੋਕ ਮਸਲੇ ਦੱਬਦੇ ਜਾ ਰਹੇ ਹਨ। ਹੁਣ ਵਰਗੇ ਵਰਤਾਰੇ ਕਾਰਨ ਲੋਕ ਮਸਲੇ, ਲੋਕ ਲਹਿਰਾਂ ਅਤੇ ਵਿਚਾਰੇ ਲੋਕ ਫਿਰ ਸਿਫ਼ਰ 'ਤੇ ਪਹੁੰਚ ਜਾਂਦੇ ਹਨ। ਇਸ ਵਿਚੋਂ ਕੁਝ ਅਜਿਹੇ ਸਵਾਲ ਉਭਰਦੇ ਹਨ ਜਿਨ੍ਹਾਂ ਦਾ ਜਵਾਬ ਲੱਭਣਾ ਅਤੇ ਦੱਸਣਾ ਮੁਸ਼ਕਲ ਜਾਪਦਾ ਹੈ।

ਸੰਗਠਿਤ ਸਮਾਜ ਵਿੱਚ ਰਹਿੰਦਿਆਂ ਮਨੁੱਖ ਨੇ ਆਪਣੇ ਜੀਵਨ ਨੂੰ ਨਿਯਮਬੱਧ ਕਰਨ ਲਈ ਹੋਰ ਵਿਵਸਥਾਵਾਂ ਤੋਂ ਇਲਾਵਾ ਧਰਮ ਦੀ ਉਤਪਤੀ ਕੀਤੀ। ਧਰਮ ਇਕ ਜੀਵਨ ਜਾਚ ਬਣ ਗਿਆ ਪਰ ਸੱਤਾ ਦੀ ਸਿਆਸਤ ਨੇ ਇਸ ਨੂੰ ਨਿਜ

ਬਾਕੀ ਸਫ਼ਾ 26 'ਤੇ

# ਰਾਹੁਲ ਗਾਂਧੀ ਨੂੰ ਕਰਨਾ ਪਵੇਗਾ ਸਿੱਖਾਂ ਦੇ ਸਖ਼ਤ ਵਿਰੋਧ ਦਾ ਸਾਹਮਣਾ

## *ਚੌਰਾਸੀ ਦੇ ਸਿੱਖ ਕਤਲੇਆਮ ਦਾ ਮੁੱਖ ਦੋਸ਼ੀ ਹੈ ਕਾਂਗਰਸੀ ਤੰਤਰ: ਕੋਆਰਡੀਨੇਸ਼ਨ ਕਮੇਟੀ*

**ਨਿਊਯਾਰਕ/ਬਿਊਰੋ ਨਿਊਜ਼:**
ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ ਐਸ ਏ) ਨੇ ਅਮਰੀਕਾ ਦੇ ਨਿਊਯਾਰਕ ਖੇਤਰ ਵਿਚ ਪੁੱਜਣ ਵਾਲੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦਾ ਵਿਆਪਕ ਪੱਧਰ ਤੇ ਵਿਰੋਧ ਕਰਨ ਦਾ ਪ੍ਰੋਗਰਾਮ ਬਣਾਇਆ ਹੈ। ਇਨ੍ਹੀਂ ਦਿਨ੍ਹੀ ਅਮਰੀਕਾ ਦੇ ਦੌਰੇ ਉੱਤੇ ਆਏ ਹੋਏ ਰਾਹੁਲ ਗਾਂਧੀ ਦਾ 20 ਸਤੰਬਰ ਨੂੰ ਇੱਥੇ ਪੁੱਜਣ ਦਾ ਪ੍ਰੋਗਰਾਮ ਹੈ।



ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਤਿੰਨ ਦਹਾਕੇ ਤੋਂ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਵੀ ਭਾਰਤ ਦੀਆਂ ਕੇਂਦਰੀ ਸਰਕਾਰਾਂ ਨੇ ਸਿੱਖਾਂ ਦੇ ਹੋਏ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਹੋਣ ਦਿੱਤੀ ਸਗੋਂ ਕਾਂਗਰਸ ਦੇ ਗਾਂਧੀ ਪਰਿਵਾਰ ਨੇ ਕਾਤਲਾਂ ਦੀ ਪੁਸ਼ਤ ਪਨਾਹੀ ਕੀਤੀ ਜਿਸ ਕਰਕੇ ਸਿੱਖਾਂ ਵਿਚ ਇਸ ਦਾ ਭਾਰੀ ਰੋਸ ਹੈ। ਸੀਨੀਅਰ ਪੱਤਰਕਾਰ ਹੁਸਨ ਲੜੋਆ ਬੰਗਾ ਦੀ ਰਿਪੋਰਟ ਅਨੁਸਾਰ ਅਮਰੀਕਾ ਤੋਂ ਪੰਥਕ ਜਥੇਬੰਦੀਆਂ ਦੇ ਆਗੂ ਹਿੰਮਤ ਸਿੰਘ ਸਮੇਤ ਅਵਤਾਰ ਸਿੰਘ ਪੰਨੂ ਸੁਰਜੀਤ ਸਿੰਘ ਕੁਲਾਰ ਕਰਮ ਸਿੰਘ, ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਕਿਹਾ ਹੈ ਕਿ ਪਿਛਲੇ ਸਮੇਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਦਾ ਵੀ ਵਿਆਪਕ ਵਿਰੋਧ ਕੀਤਾ ਗਿਆ ਸੀ ਇਸ ਤੋਂ ਪਹਿਲਾਂ ਤੋਤਾ ਸਿੰਘ ਵਰਗੇ ਅਕਾਲੀ ਲੀਡਰਾਂ ਨੂੰ ਵੀ ਇੱਥੋਂ ਭਜਾਇਆ ਗਿਆ ਸੀ ਹੁਣ 20 ਸਤੰਬਰ ਨੂੰ ਨਿਊਯਾਰਕ ਪੁੱਜ ਰਹੇ ਗਾਂਧੀ ਪਰਿਵਾਰ ਦੇ ਫਰਜ਼ੰਦ ਤੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਵੀ ਇੱਥੋਂ ਭਜਾਇਆ ਜਾਵੇਗਾ।

ਹਿੰਮਤ ਸਿੰਘ ਨੇ ਕਿਹਾ ਕਿ ਅਮਰੀਕਾ ਵਿਚ ਇਨਸਾਫ ਪਸੰਦ ਸਿੱਖ ਆਜ਼ਾਦੀ ਨਾਲ ਖੁਸ਼ਹਾਲ ਤੌਰ ਤੇ ਰਹਿ ਰਹੇ ਹਨ ਪਰ ਇੱਥੇ ਆ ਕੇ ਭਾਰਤ ਵਿਚ ਘੱਟ ਗਿਣਤੀਆਂ ਦੇ ਕਾਤਲ ਜੇਕਰ ਸਾਡੇ ਜ਼ਖ਼ਮਾਂ ਨੂੰ ਕੁਰੇਦਣਗੇ ਤਾਂ ਬਰਦਾਸ਼ਤ ਨਹੀਂ ਹੋਵੇਗਾ। ਰਾਹੁਲ ਗਾਂਧੀ ਦੀ ਦਾਦੀ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਢਹਿ ਢੇਰੀ ਕੀਤਾ ਸੀ ਤੇ ਉਨ੍ਹਾਂ ਦੇ ਪਿਤਾ ਰਾਜੀਵ ਗਾਂਧੀ ਨੇ ਸਿੱਖਾਂ ਦੇ ਕਤਲੇਆਮ 'ਤੇ ਕਿਹਾ ਸੀ ਕਿ 'ਜੇਕਰ ਵੱਡਾ ਰੁੱਖ ਗਿਰਦਾ ਹੈ ਤਾਂ ਧਰਤੀ ਹਿੱਲਦੀ ਹੈ' ਤਾਂ ਫਿਰ ਉਨ੍ਹਾਂ ਦੇ ਫਰਜ਼ੰਦ ਰਾਹੁਲ ਗਾਂਧੀ ਨੂੰ ਵੀ ਇਸ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਇਹ ਵਿਰੋਧ ਅਜਿਹਾ ਹੋਵੇਗਾ ਕਿ ਵਿਸ਼ਵ ਵਿਚ ਇਹ ਪਤਾ ਲੱਗ ਜਾਵੇਗਾ ਕਿ ਘੱਟ ਗਿਣਤੀਆਂ ਦੇ ਕਾਤਲਾਂ ਨੂੰ ਕਦੇ ਵੀ ਮਾਫ਼ ਨਹੀਂ ਕੀਤਾ ਜਾਵੇਗਾ।

ਹਿੰਮਤ ਸਿੰਘ ਨੇ ਕਿਹਾ ਹੈ ਕਿ ਪਿਛਲੇ ਸਮੇਂ ਤੋਂ ਸਿੱਖਾਂ ਦੇ ਕਾਤਲ ਬੇਅੰਤੇ ਦਾ ਪੋਤਾ ਰਵਨੀਤ ਬਿੱਟੂ ਵੀ ਸਿੱਖਾਂ ਤੇ ਘੱਟ ਗਿਣਤੀਆਂ ਦੇ ਖਿਲਾਫ਼ ਸਿਰ ਚੁੱਕ ਰਿਹਾ ਹੈ ਜਿਸ ਦਾ ਜਵਾਬ ਉਸ ਨੂੰ ਢੁਕਵੇਂ ਸਮੇਂ ਤੇ ਦਿੱਤਾ ਜਾਵੇਗਾ। ਉਹ ਜਦ ਕਦੇ ਵੀ ਵਿਦੇਸ਼ਾਂ ਦੀ ਧਰਤੀ ਤੇ ਪੁੱਜਿਆਂ ਤਾਂ ਉਸ ਨੂੰ ਵੀ ਸਿੱਖਾਂ ਦੇ ਜਾਹੋ ਜਲਾਲ ਦਾ ਅਹਿਸਾਸ ਕਰਾਉਂਦਿਆਂ ਸਬਕ ਸਿਖਾਇਆ ਜਾਵੇਗਾ. ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਦੇ ਕਾਤਲਾਂ ਨੂੰ ਅਮਰੀਕਾ ਵਿਚ ਕੋਈ ਥਾਂ ਨਹੀਂ ਦਿੱਤੀ ਜਾਵੇਗੀ।

# ਨਵੰਬਰ ਦਾ ਮਹੀਨਾ ਸਿੱਖ ਜਾਗਰੂਕਤਾ ਵਜੋਂ ਮਨਾਉਣ ਲਈ ਪੇਸ਼ ਕੀਤੇ ਮਤੇ ਲਈ ਅਸੈਂਬਲੀ ਮੈਂਬਰ ਐਸ਼ ਕਾਲੜਾ ਦਾ ਧੰਨਵਾਦ

## ਤਕਰੀਬਨ ਸਾਰੇ ਹੀ ਅਸੈਂਬਲੀ ਮੈਂਬਰਾਂ ਨੇ ਹਾਂ-ਪੱਖੀ ਵੋਟ ਪਾਈ

ਸੈਕਰਾਮੈਂਟੋ/ਬਿਊਰੋ ਨਿਊਜ਼: ਕੈਲੀਫੋਰਨੀਆ ਦੀ ਅਸੈਂਬਲੀ 'ਚ ਲਗਾਤਾਰ ਪੰਜਵੇਂ ਸਾਲ ਸਿੱਖ ਜਾਗਰੂਕਤਾ ਮਨਾਉਣ ਲਈ ਮਤਾ ਪਾਸ ਹੋ ਚੁੱਕਾ ਹੈ। ਇਹ ਮਤਾ ਇਸ ਵਾਰ ਅਸੈਂਬਲੀ ਮੈਂਬਰ ਐਸ਼ ਕਾਲੜਾ ਵੱਲੋਂ ਪੇਸ਼ ਕੀਤਾ ਗਿਆ। ACz-122 ਨਾਂ ਹੇਠ ਪੇਸ਼ ਹੋਏ ਇਸ ਮਤੇ ਨੂੰ ਤਕਰੀਬਨ ਸਾਰੇ ਹੀ ਅਸੈਂਬਲੀ ਮੈਂਬਰਾਂ ਨੇ ਹਾਂ-ਪੱਖੀ ਵੋਟ ਪਾਈ। ਇਸ ਮਤੇ ਦੇ ਅਸੈਂਬਲੀ ਵਿਚ ਪਾਸ ਹੋਣ ਤੋਂ ਬਾਅਦ ਸਿੱਖ ਭਾਈਚਾਰੇ ਵਿਚ ਖੁਸ਼ੀ ਦਾ ਇਜ਼ਹਾਰ ਪਾਇਆ ਜਾ ਰਿਹਾ ਹੈ। ਇਸ ਮਤੇ ਦੇ ਪਾਸ ਹੋਣ 'ਤੇ ਸਿੱਖ ਆਗੂਆਂ ਨੇ ਐਸ਼ ਕਾਲੜਾ ਸਮੇਤ ਵੱਖ-ਵੱਖ ਅਸੈਂਬਲੀ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਕੈਪੀਟਲ ਬਿਲਡਿੰਗ ਪਹੁੰਚ ਕੇ ਧੰਨਵਾਦ ਕੀਤਾ। ਇਨ੍ਹਾਂ ਆਗੂਆਂ 'ਚ ਹੋਰਨਾਂ ਤੋਂ ਇਲਾਵਾ ਗੁਰਜਤਿੰਦਰ ਸਿੰਘ ਰੰਧਾਵਾ ਅਤੇ ਜਗਰੂਪ ਸਿੰਘ ਜਰਖੜ ਵੀ ਹਾਜ਼ਰ ਸਨ। ਇਸ ਮਤੇ ਦੇ ਪਾਸ ਹੋਣ ਤੋਂ ਬਾਅਦ ਹੁਣ ਸਾਡਾ ਫਰਜ਼ ਬਣਦਾ ਹੈ ਕਿ ਸਮੁੱਚੀ ਸਿੱਖ ਕੌਮ ਨਵੰਬਰ ਮਹੀਨੇ ਦੌਰਾਨ ਆਪੋ-ਆਪਣੇ ਹਲਕਿਆਂ ਵਿਚ ਅਮਰੀਕੀ ਆਗੂਆਂ ਨਾਲ ਮਿਲ ਕੇ ਕੁਝ ਅਜਿਹੇ ਸਮਾਗਮ ਕਰਨ, ਜਿਸ ਨਾਲ ਇਥੇ ਵਸਦੇ ਲੋਕਾਂ ਨੂੰ ਸਿੱਖ ਕੌਮ ਬਾਰੇ ਜਾਣਕਾਰੀ ਹੋ ਸਕੇ। ਜ਼ਿਕਰਯੋਗ ਹੈ ਕਿ 2012 ਵਿਚ ਕੈਲੀਫੋਰਨੀਆ ਅਸੈਂਬਲੀ ਵੱਲੋਂ ਇਹ ਮਤਾ ਪਾਸ ਹੋਇਆ ਸੀ। ਉਮੀਦ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਾਲ ਵਿਚ ਇਸ ਮਤੇ ਨੂੰ ਬਜਾਏ ਹਰ ਸਾਲ ਪਾਸ ਕਰਾਉਣ ਦੇ ਪੱਕੇ ਤੌਰ 'ਤੇ ਲਾਗੂ ਕਰਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।



**ਗੁਰਜਤਿੰਦਰ ਸਿੰਘ ਰੰਧਾਵਾ ਅਤੇ ਜਗਰੂਪ ਸਿੰਘ ਜਰਖੜ ਕੈਪੀਟਲ ਬਿਲਡਿੰਗ 'ਚ ਅਸੈਂਬਲੀ ਮੈਂਬਰ ਐਸ਼ ਕਾਲੜਾ ਅਤੇ ਜਿਮ ਕੂਪਰ ਦਾ ਧੰਨਵਾਦ ਕਰਦੇ ਹੋਏ।**

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵੱਲੋਂ ਜਗਰੂਪ ਸਿੰਘ ਜਰਖੜ ਦਾ ਸਨਮਾਨ

**ਸੈਕਰਾਮੈਂਟੋ/ਬਿਊਰੋ ਨਿਊਜ਼:** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵੱਲੋਂ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਦਾ ਸਨਮਾਨ ਕੀਤਾ ਗਿਆ। ਇਥੇ ਹੋਏ ਇਕ ਸਮਾਗਮ ਵਿਚ ਪ੍ਰੋ. ਨਿਰੰਜਨ ਸਿੰਘ ਢੇਸੀ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਸਮਾਗਮ ਦੇ ਸ਼ੁਰੂ ਵਿਚ ਰਣਧੀਰ ਸਿੰਘ ਧੀਰਾ ਨਿੱਜਰ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਜਗਰੂਪ ਸਿੰਘ ਜਰਖੜ ਨੇ ਆਪਣਾ ਅਹਿਮ ਯੋਗਦਾਨ ਪਾਇਆ ਹੈ। ਪ੍ਰੋ. ਨਿਰੰਜਨ ਸਿੰਘ ਢੇਸੀ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਜੇ ਅਜਿਹੇ ਉਸਤਾਦ ਸਿੱਖਿਆ ਦੇ ਖੇਤਰ ਵਿਚ ਹੋਣਗੇ, ਤਾਂ ਸਾਡਾ ਸਮਾਜ ਯਕੀਨਨ ਤਰੱਕੀ ਕਰੇਗਾ।

ਗੁਰਜਤਿੰਦਰ ਸਿੰਘ ਰੰਧਾਵਾ ਨੇ ਜਗਰੂਪ ਸਿੰਘ ਜਰਖੜ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਖੇਡ ਜਗਤ ਵਿਚ ਪਾਏ ਵੱਡਮੁੱਲੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਜਰਖੜ ਖੇਡ ਅਕੈਡਮੀ ਵੱਲੋਂ ਇਸ ਵੇਲੇ 100 ਤੋਂ ਵੱਧ ਗਰੀਬ ਬੱਚਿਆਂ ਨੂੰ ਮੁਫਤ ਟ੍ਰੇਨਿੰਗ ਦਿੱਤੀ ਜਾ ਰਹੀ ਹੈ ਅਤੇ ਬਹੁਤ ਸਾਰੇ ਖਿਡਾਰੀ ਇਥੋਂ ਉੱਚ ਪੱਧਰੀ ਖੇਡ ਖੇਡ ਚੁੱਕੇ ਹਨ ਅਤੇ ਚੰਗਾ ਨਾਮਣਾ ਖੱਟ ਚੁੱਕੇ ਹਨ। ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਸ ਅਕੈਡਮੀ ਲਈ ਪ੍ਰਵਾਸੀ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਦੌਰਾਨ ਹੋਰ ਵੀ ਬਹੁਤ ਸਾਰੀਆਂ ਸ਼ਖਸੀਅਤਾਂ ਹਾਜ਼ਰ ਸਨ।



# ਟੈਕਸਾਸ ਵਿਚ ਗੋਲੀਬਾਰੀ ਦੌਰਾਨ 7 ਲੋਕਾਂ ਦੀ ਮੌਤ

## *ਪੁਲੀਸ ਨੇ ਹਮਲਾਵਰ ਨੂੰ ਵੀ ਮਾਰ ਗਿਰਾਇਆ*

**ਡੈਲਸ/ਬਿਊਰੋ ਨਿਊਜ਼** : ਟੈਕਸਾਸ ਸੂਬੇ ਦੇ ਡੈਲਸ ਸ਼ਹਿਰ ਵਿਚ ਐਤਵਾਰ ਸ਼ਾਮੀ ਇਕ ਸ਼ੱਕੀ ਬੰਦੂਕਧਾਰੀ ਨੇ ਇਕ ਘਰ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਜਿਸ ਵਿਚ 7 ਲੋਕਾਂ ਦੀ ਮੌਤ ਹੋ ਗਈ। ਬਾਅਦ ਵਿਚ ਪੁਲੀਸ ਨੇ ਉਸ ਹਮਲਾਵਰ ਨੂੰ ਗੋਲੀ ਮਾਰ ਦਿੱਤੀ। ਪੁਲੀਸ ਮੁਤਾਬਕ ਗੋਲਾਬਾਰੀ ਦੀ ਇਹ ਘਟਨਾ ਡੈਲਸ ਦੇ ਉੱਤਰ ਵਿਚ ਪਲਾਨੋ ਉਪ ਨਗਰ ਵਿਚ ਵਾਪਰੀ। ਪਲਾਨੋ ਪੁਲੀਸ ਵਿਭਾਗ ਦੇ ਬੁਲਾਰੇ ਡੇਵਿਡ ਟਿੱਲੀ ਨੇ ਦੱਸਿਆ ਕਿ ਪੁਲੀਸ ਮੁਕਾਬਲੇ ਦੌਰਾਨ ਹਮਲਾਵਰ ਮਾਰਿਆ ਗਿਆ। ਕੋਈ ਵੀ ਪੁਲੀਸ ਕਰਮੀਂ ਜ਼ਖ਼ਮੀ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਪਲਾਨੋ ਦੇ ਘਰ ਵਿਚੋਂ 7 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਉਨ੍ਹਾਂ ਦੱਸਿਆ ਕਿ ਗੋਲੀਆਂ ਦੇ ਸ਼ਿਕਾਰ ਹੋਏ 2 ਹੋਰ ਵਿਅਕਤੀਆਂ ਨੂੰ ਸਥਾਨਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ, ਜਿਨ੍ਹਾਂ ਦੀ ਹਾਲਤ ਬਾਰੇ ਅਜੇ ਕੁਝ ਵੀ ਕਿਹਾ ਨਹੀਂ ਜਾ ਸਕਦਾ। ਟਿੱਲੀ ਨੇ ਕਿਹਾ ਕਿ ਅਸੀਂ ਸਾਰੀਆਂ ਟੁੱਟੀਆਂ ਕੜੀਆਂ ਜੋੜਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਹਮਲਾਵਰ ਅਤੇ ਪੀੜਤਾਂ ਵਿਚਕਾਰ ਸਬੰਧਾਂ ਬਾਰੇ ਅਜੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ। ਸਥਾਨਕ ਮੀਡੀਆ ਰਿਪੋਰਟ ਮੁਤਾਬਕ ਗੋਲੀਬਾਰੀ ਦੀ ਇਹ ਘਟਨਾ ਘੋੜਸਵਾਰਾਂ ਦੀ ਪਾਰਟੀ ਦੌਰਾਨ ਵਾਪਰੀ।

## ਸਿੱਖ ਕਤਲੇਆਮ: ਅਭਿਸ਼ੇਕ ਦਾ ਪੌਲੀਗ੍ਰਾਫ ਟੈਸਟ 3 ਅਕਤੂਬਰ ਤੋਂ

**ਨਵੀਂ ਦਿੱਲੀ/ਬਿਊਰੋ ਨਿਊਜ਼** : ਸੀਬੀਆਈ ਨੇ ਇਥੋਂ ਦੀ ਇਕ ਅਦਾਲਤ ਵਿਚ ਦੱਸਿਆ ਕਿ ਵਿਵਾਦਤ ਅਸਲਾ ਡੀਲਰ ਅਭਿਸ਼ੇਕ ਵਰਮਾ, ਜੋ 1984 ਸਿੱਖ ਕਤਲੇਆਮ ਦਾ ਗਵਾਹ ਹੈ, ਦਾ ਪੌਲੀਗ੍ਰਾਫ ਟੈਸਟ 3 ਅਕਤੂਬਰ ਤੋਂ ਕਰਾਇਆ ਜਾਵੇਗਾ। ਐਡੀਸ਼ਨਲ ਚੀਫ ਮੈਟਰੋਪੋਲਿਟਨ ਮੈਜਿਸਟਰੇਟ ਅਮਿਤ ਅਰੋੜਾ ਨੂੰ ਸੀਬੀਆਈ ਨੇ ਦੱਸਿਆ ਕਿ ਸਰਕਾਰੀ ਫੌਰੈਂਸਿਕ ਲੈਬ, ਰੋਹਿਨੀ ਨੇ ਟੈਸਟ ਲਈ ਤਾਰੀਖ਼ਾਂ ਦੀ ਪੁਸ਼ਟੀ ਕਰ ਦਿੱਤੀ ਹੈ।

## ਖੇਡ ਮੰਤਰੀ ਮੇਰੇ ਗੁਵਾਚੇ ਤਗਮੇ ਹਾਸਲ ਕਰਨ ਦੀ ਤਾਂਘ ਸਮਝਣਗੇ : ਬਲਬੀਰ ਸਿੰਘ ਸੀਨੀਅਰ

**ਨਵੀਂ ਦਿੱਲੀ/ਬਿਊਰੋ ਨਿਊਜ਼** : ਆਪਣੇ ਗੁਆਚੇ ਤਗ਼ਮਿਆਂ ਲਈ ਪਿਛਲੇ 5 ਸਾਲਾਂ ਤੋਂ ਦਿੱਲੀ ਦੇ ਚੱਕਰ ਲਾ ਰਹੇ ਤੀਹਰੇ ਓਲੰਪਿਕ ਤਗ਼ਮਾ ਜੇਤੂ ਬਲਬੀਰ ਸਿੰਘ ਸੀਨੀਅਰ ਨੂੰ ਆਸ ਜਾਗੀ ਹੈ ਕਿ ਨਵੇਂ ਖੇਡ ਮੰਤਰੀ ਰਾਜਵਰਧਨ ਰਾਠੌੜ ਖ਼ੁਦ ਓਲੰਪਿਕ ਤਗ਼ਮਾ ਜੇਤੂ ਹੋਣ ਕਰ ਕੇ ਉਨ੍ਹਾਂ ਦੀ ਤਕਲੀਫ ਸਮਝਣਗੇ।

3 ਵਾਰ ਓਲੰਪਿਕ ਤਗ਼ਮਾ ਜਿੱਤ ਚੁੱਕੇ ਹਾਕੀ ਦੇ ਸਾਬਕਾ ਧੁਰੰਦਰ ਬਲਬੀਰ ਸੀਨੀਅਰ 94 ਸਾਲਾਂ ਦੇ ਹੋਣ ਵਾਲੇ ਹਨ ਅਤੇ ਪਿਛਲੇ 5 ਸਾਲਾਂ ਤੋਂ ਖੇਡ ਮੰਤਰਾਲੇ ਤੋਂ ਲੈ ਕੇ ਭਾਰਤੀ ਖੇਡ ਅਥਾਰਟੀ ਦੇ ਚੱਕਰ ਲਾ ਰਹੇ ਹਨ। ਉਨ੍ਹਾਂ ਦਾ ਸੁਪਨਾ ਹੈ ਕਿ ਉਨ੍ਹਾਂ ਦੀਆਂ ਲਾਪਤਾ ਧਰੋਹਰਾਂ ਮਤਲਬ 36 ਤਗ਼ਮੇ, 120 ਇਤਿਹਾਸਕ ਤਸਵੀਰਾਂ ਅਤੇ 1956 ਮੈਲਬਰਨ ਓਲੰਪਿਕ ਦਾ ਉਨ੍ਹਾਂ ਦਾ ਕਪਤਾਨ ਵਾਲਾ ਬਲੇਜ਼ਰ ਉਹ ਦੁਬਾਰਾ ਦੇਖ ਸਕਣ। ਉਨ੍ਹਾਂ ਮੈਲਬਰਨ ਵਿੱਚ ਲਗਾਤਾਰ ਦੂਜੀ ਵਾਰ ਭਾਰਤੀ ਦਲ ਦੀ ਅਗਵਾਈ ਕੀਤੀ ਸੀ ਅਤੇ ਇਸ ਨਾਲ ਉਨ੍ਹਾਂ ਦੀਆਂ ਕਾਫੀ ਯਾਦਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਦੀ ਧੀ ਸੁਸ਼ਬੀਰ ਨੇ ਪੀਟੀਆਈ ਨਾਲ ਗੱਲਬਾਤ ਦੌਰਾਨ ਕਿਹਾ ਕਿ ਬਹੁਤ ਘੱਟ ਲੋਕ ਦੇਸ਼ ਵਾਸਤੇ ਤਗ਼ਮੇ ਜਿੱਤਣ ਵਿੱਚ ਲੱਗਣ ਵਾਲੀ ਮਿਹਨਤ ਤੇ ਮਹਿਸੂਸ ਹੋਣ ਵਾਲੇ ਮਾਣ ਨੂੰ ਸਮਝ ਸਕਦੇ ਹਨ ਅਤੇ ਕਰਨਲ ਰਾਠੌੜ ਉਨ੍ਹਾਂ ਵਿੱਚੋਂ ਇਕ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਉਹ ਓਲੰਪਿਕ ਜੇਤੂ ਦੇ ਨਜ਼ਰੀਏ ਨਾਲ ਚੀਜ਼ਾਂ ਨੂੰ ਦੇਖਣਗੇ।

## ਬਾਬਾਵਾਦੀ ਸਿਆਸਤ ਵੱਧਣ-ਫੁੱਲਣ ਦੇ ਕਾਰਨ ਤੇ ਲੋਕ ਮਸਲੇ

*ਸਫ਼ਾ 25 ਦਾ ਬਾਕੀ*

ਤਕ ਸੀਮਤ ਨਹੀਂ ਰਹਿਣ ਦਿੱਤਾ। ਆਪਣੇ ਸੁਆਰਥਾਂ ਦੀ ਪੂਰਤੀ ਲਈ ਇਸ ਨੂੰ ਇਕ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ। ਕੌਣ ਨਹੀਂ ਜਾਣਦਾ ਕਿ ਰਾਜ ਅਤੇ ਧਰਮ ਦਾ ਮੁੱਢ ਕਦੀਮ ਤੋਂ ਹੀ ਡੂੰਘਾ ਰਿਸ਼ਤਾ ਰਿਹਾ ਹੈ। ਦੋਵੇਂ ਇਕ ਦੂਸਰੇ ਦੀ ਮਦਦ ਕਰਦੇ ਰਹੇ ਹਨ, ਕਰ ਰਹੇ ਹਨ ਅਤੇ ਕਰਦੇ ਰਹਿਣਗੇ । ਅੱਜ ਵੀ ਸੱਤਾ 'ਤੇ ਕਾਬਜ਼ ਹੋਣ ਅਤੇ ਕਾਬਜ਼ ਰਹਿਣ ਲਈ ਧਰਮ ਦਾ ਸਹਾਰਾ ਲਿਆ ਜਾ ਰਿਹਾ ਹੈ। ਬਾਬਾ ਪ੍ਰਥਾ ਦੀ ਲੋਕਪ੍ਰਿਅਤਾ ਦੀ ਜੜ੍ਹ ਆਰਥਿਕ, ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਮਸਲਿਆਂ ਵਿੱਚ ਪਈ ਹੋਈ ਹੈ । ਨਿਤ ਵਧ ਰਹੀ ਬੇਰੁਜ਼ਗਾਰੀ, ਗਰੀਬੀ, ਤੰਗੀ-ਤੁਰਸ਼ੀ, ਆਰਥਿਕ ਨਾ-ਬਰਾਬਰੀ ਅਤੇ ਭੁੱਖ ਮਰੀ ਦੇ ਹੱਲ ਲੋਕ ਬਾਬਿਆਂ ਦੇ ਡੇਰਿਆਂ ਤੋਂ ਢੂੰਡਦੇ ਹਨ। ਐਲੋਪੈਥੀ ਦੇ ਮਹਿੰਗੇ ਇਲਾਜ ਕਰਵਾ ਸਕਣ ਦੀ ਸਮਰੱਥਾ ਨਾ ਹੋਣ ਕਾਰਨ ਲੋਕ ਬਾਬਿਆਂ ਵੱਲੋਂ ਦਿੱਤੀ ਸੁਆਹ ਦੀ ਚੁਟਕੀ ਉਪਰ ਭਰੋਸਾ ਕਰਨ ਲਈ ਮਜਬੂਰ ਹੋ ਜਾਂਦੇ ਹਨ । ਅਨਪੜ੍ਹਤਾ, ਚੇਤਨਾ ਦਾ ਨੀਵਾਂ ਪੱਧਰ, ਸਹੀ ਸਿੱਖਿਆ ਦੀ ਘਾਟ, ਪਰਿਵਾਰਕ ਕਲੇਸ਼ ਆਦਿ ਬਾਬਿਆਂ ਦੀ ਹੋਂਦ ਅਤੇ ਪ੍ਰਫੁਲਤਾ ਦੇ ਸਮਾਜਿਕ ਕਾਰਨ ਹਨ। ਧਾਰਮਿਕ ਸੰਸਕਾਰ, ਅੰਧ-ਵਿਸ਼ਵਾਸ, ਸਵਰਗ ਦੀ ਲਾਲਸਾ ਅਤੇ ਨਰਕ ਦਾ ਡਰ, ਅਗਲਾ ਜਨਮ ਸੁਆਰਨ ਦਾ ਲਾਰਾ, ਗ਼ੈਬੀ ਸ਼ਕਤੀਆਂ ਦੀ ਹੋਂਦ ਵਿੱਚ ਵਿਸ਼ਵਾਸ, ਰਾਸ਼ੀ ਫਲ ਆਦਿ ਬਾਬਿਆਂ ਦੀ ਮਹਾਨਤਾ ਦੇ ਧਾਰਮਿਕ ਕਾਰਨ ਹਨ। ਸਿਆਸੀ ਪਾਰਟੀਆਂ ਅਤੇ ਨੇਤਾਵਾਂ ਵਲੋਂ ਸਮਾਜ ਦੀ ਧਰਮ, ਜਾਤ, ਬੋਲੀ, ਰੰਗ ਰੂਪ ਅਤੇ ਲਿੰਗ ਦੇ ਆਧਾਰ 'ਤੇ ਵੰਡ ਇਸ ਦੇ ਰਾਜਨੀਤਕ ਕਾਰਨ ਹਨ। ਜੇਕਰ ਕੋਈ ਵਿਅਕਤੀ ਜਾਂ ਸੰਸਥਾ ਵੱਲੋਂ ਬਾਬਿਆਂ ਦੀਆਂ ਗਤੀਵਿਧੀਆਂ ਉਜਾਗਰ ਕਰਕੇ ਲੋਕਾਂ ਨੂੰ ਜਾਗਰੂਕ ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ ਤਾਂ ਉਸ ਆਵਾਜ਼ ਨੂੰ ਵਿੰਗੇ-ਟੇਢੇ ਤਰੀਕੇ ਅਪਣਾ ਕੇ ਦਬਾਉਣ ਦੇ ਯਤਨ ਕੀਤੇ ਜਾਂਦੇ ਹਨ। ਇਥੋਂ ਤਕ ਕਿ ਮੌਕੇ ਦੀਆਂ ਸਰਕਾਰਾਂ ਜਾਂ ਰਾਜਨੀਤਕ ਪਾਰਟੀਆਂ ਚੁੱਪ ਰਹਿਣਾ ਬਿਹਤਰ ਸਮਝਦੀਆਂ ਹਨ। ਲੋਕ ਲਹਿਰਾਂ ਦੀ ਘਾਟ ਵੀ ਅਜਿਹੇ ਵਰਤਾਰੇ ਲਈ ਜ਼ਿੰਮੇਵਾਰ ਹੈ। ਲੋਕਾਂ ਦੇ ਅਸਲ ਮਸਲੇ ਕਿਸੇ ਵੀ ਰਾਜਨੀਤਕ ਪਾਰਟੀ ਨੇ ਸੰਜੀਦਗੀ ਨਾਲ ਆਪਣੇ ਏਜੰਡੇ ਵਿੱਚ ਸ਼ਾਮਲ ਨਹੀਂ ਕੀਤੇ ਹੁੰਦੇ। ਹੁਣ ਸਿਆਸਤ ਲੋਕਾਂ ਦੀ ਸੇਵਾ ਲਈ ਨਹੀਂ, ਆਪਣੇ ਹਿੱਤਾਂ ਲਈ ਕੀਤੀ ਜਾਂਦੀ ਹੈ। ਸਰਕਾਰਾਂ ਦਾ ਲੋਕਾਂ ਦੀਆਂ ਸਮੱਸਿਆਵਾਂ ਅਤੇ ਲੰਬੇ ਸਮੇਂ ਦੀਆਂ ਲੋੜਾਂ ਪ੍ਰਤੀ ਅਵੇਸਲਾਪਣ, ਰਿਸ਼ਵਤਖੋਰੀ, ਪ੍ਰਸ਼ਾਸਕੀ ਬਦ-ਇੰਤਜ਼ਾਮੀ, ਲਾਪ੍ਰਵਾਹੀ ਆਦਿ ਬਾਬਿਆਂ ਦੀ ਮਾਨਤਾ ਵਧਾਉਣ ਵਿੱਚ ਯੋਗਦਾਨ ਬਣ ਰਹੇ ਹਨ ।

ਲੋਕਾਂ ਸਾਹਮਣੇ ਚਾਰ ਜਾਂ ਪੰਜ ਵਿਕਲਪ ਹਨ: ਇਕ- ਬਾਬਿਆਂ ਦਾ ਓਟ-ਆਸਰਾ ਭਾਲਣਾ; ਦੂਜਾ- ਬੇਵਸੀ ਨਾਲ ਦਿਨਕਟੀ ਕਰੀ ਜਾਣਾ; ਤੀਜਾ- ਮਜਬੂਰ ਹੋ ਕੇ ਖ਼ੁਦਕੁਸ਼ੀ ਦਾ ਰਾਹ ਚੁਣਨਾ; ਚੌਥਾ- ਹਿੰਸਾ ਦਾ ਰਾਹ ਅਪਣਾ ਲੈਣਾ ਅਤੇ ਪੰਜਵਾਂ- ਲੋਕ ਲਹਿਰਾਂ ਰਾਹੀਂ ਰਾਜਨੀਤੀ 'ਚ ਨਵੀਆਂ ਉਸਾਰੂ ਪਿਰਤਾਂ ਪਾਉਂਦਿਆਂ ਇਸ ਨੂੰ ਸਰਬੱਤ ਦੇ ਭਲੇ ਲਈ ਵਰਤਣਾ।

ਸੱਭਿਆ ਸਮਾਜ ਵਿੱਚ ਪਹਿਲੇ ਚਾਰ ਵਿਕਲਪਾਂ ਦੀ ਕੋਈ ਥਾਂ ਨਹੀਂ। ਪਰ ਹਾਲਾਤ ਇੰਨੇ ਦੁੱਭਰ ਹੋ ਚੁੱਕੇ ਹਨ ਕਿ ਸਿਆਸਤਦਾਨ, ਧਾਰਮਿਕ ਆਗੂ ਤੇ ਬੁੱਧੀਜੀਵੀ ਪਹਿਲੇ ਚਾਰੇ ਵਿਕਲਪਾਂ ਤੋਂ ਨਹੀਂ ਘਬਰਾਉਂਦੇ ਅਤੇ ਇਨ੍ਹਾਂ ਪ੍ਰਤੀ ਚਿੰਤਤ ਵੀ ਨਜ਼ਰ ਨਹੀਂ ਆਉਂਦੇ ਹਨ। ਜੇ ਇਹ ਘਬਰਾਉਂਦੇ ਹਨ ਤਾਂ ਕੇਵਲ ਪੰਜਵੇਂ ਵਿਕਲਪ ਤੋਂ ਕਿਉਂਕਿ ਚੇਤਨ ਲੋਕ ਸ਼ਕਤੀ ਇਨ੍ਹਾਂ ਨੂੰ ਆਪਣੀ ਪ੍ਰਭੁਤਾ ਲਈ ਖ਼ਤਰਾ ਮਹਿਸੂਸ ਹੁੰਦਾ ਹੈ। ਪਰ ਇਹ ਇੰਨੇ ਚੁਸਤ ਹਨ ਕਿ ਹਰ ਸੰਭਵ ਯਤਨ ਕਰਕੇ ਕੋਈ ਨਾ ਕੋਈ ਅਜਿਹਾ ਤੱਕਲਾ ਗੱਡ ਦਿੰਦੇ ਹਨ ਜਿੱਥੇ ਇਨ੍ਹਾਂ ਦੇ ਵਿਰੁੱਧ ਉਠਿਆ ਰੋਹ ਸ਼ਾਂਤ ਹੋ ਜਾਏ। ਅਜਿਹਾ ਵਰਤਾਰਾ ਸੱਤਾ ਦੀ ਖੇਡ ਵਿੱਚ ਰੁਝੀ ਲਗਪਗ ਹਰੇਕ ਸਿਆਸੀ ਪਾਰਟੀ ਸਮੇਂ ਸਮੇਂ ਵਰਤਾਉਂਦੀ ਰਹਿੰਦੀ ਹੈ।

ਮਸਲਾ ਬਹੁਤ ਸੰਜੀਦਾ ਹੈ। ਇਕ ਪਾਸੇ ਸਮਾਜ ਲਈ ਰਹਿਣਯੋਗ ਥਾਂ ਬਣਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਮਸਲਿਆਂ ਨੂੰ ਸੁਲਝਾਉਣ ਦਾ ਸਵਾਲ ਹੈ, ਦੂਜੇ ਪਾਸੇ ਉਪਰੋਕਤ ਵਰਤਾਰੇ ਨਾਲ ਨਜਿੱਠਣ ਦਾ ਮਸਲਾ। ਇਸ ਲਈ ਸਮਾਜ ਨੂੰ ਜਾਗਰੂਕ ਕਰਨ ਲਈ ਗਿਆਨ ਰੂਪੀ ਦੀਵੇ ਨਾਲ ਹਨੇਰਾ ਦੂਰ ਕਰਨ ਦੀ ਲੋੜ ਹੈ। ਪਰ ਇਸ ਸਾਰੇ ਵਰਤਾਰੇ ਵਿੱਚ ਇਹ ਬਿਲਕੁਲ ਨਹੀਂ ਸਮਝ ਲੈਣਾ ਚਾਹੀਦਾ ਕਿ ਧਰਮ ਅਤੇ ਰਾਜਨੀਤੀ ਲੋਕਾਂ ਦੇ ਮਸਲਿਆਂ ਦੇ ਉਲਟ ਹਨ। ਧਰਮ ਅਤੇ ਰਾਜਨੀਤੀ ਨੂੰ ਅੰਨ੍ਹੇਵਾਹ ਨਿੰਦਣਾ ਵੀ ਠੀਕ ਨਹੀਂ। ਧਰਮ ਜੀਵਨ ਜਾਚ ਸਿਖਾਉਂਦਾ ਹੈ ਅਤੇ ਇਹ ਹਰ ਵਿਅਕਤੀ ਦਾ ਨਿਜੀ ਮਾਮਲਾ ਹੈ। ਪਰ ਇਸ ਨੂੰ ਦੂਜੇ ਧਰਮਾਂ ਜਾਂ ਵਿਅਕਤੀਆਂ ਨੂੰ ਨੀਵਾਂ ਦਿਖਾਉਣ ਜਾਂ ਦੂਜੇ ਧਰਮ ਦੇ ਪੈਰੋਕਾਰਾਂ ਦੀ ਭਾਵਨਾਵਾਂ ਨੂੰ ਠੇਸ ਪੰਹੁਚਾਉਣ ਲਈ ਨਹੀਂ ਵਰਤਣਾ ਚਾਹੀਦਾ ਅਤੇ ਨਾ ਹੀ ਕਿਸੇ ਨੂੰ ਇਕ ਹਥਿਆਰ ਦੇ ਰੂਪ ਵਿੱਚ ਵਰਤਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਦਰਅਸਲ, ਨਾ ਤਾਂ ਧਰਮ ਅਤੇ ਨਾ ਹੀ ਸਿਆਸਤ ਆਪਣੇ ਆਪ ਵਿੱਚ ਮਾੜੇ ਹਨ ; ਜੇ ਮਾੜੇ ਹਨ ਤਾਂ ਉਹ ਧਾਰਮਿਕ ਅਤੇ ਰਾਜਨੀਤਕ ਨੇਤਾ ਜੋ ਧਰਮ ਨੂੰ ਲੋਕਾਂ ਵਿੱਚ ਵੰਡੀਆਂ ਪਾਉਣ ਅਤੇ ਲੜਾਉਣ ਲਈ ਵਰਤਦੇ ਹਨ। ਅੱਜ ਅਜਿਹੇ ਅਨਸਰਾਂ ਨੂੰ ਪਛਾਣਨ ਅਤੇ ਨਿਖੇੜਨ ਦੀ ਲੋੜ ਹੈ। ਧਰਮ ਅਤੇ ਰਾਜਨੀਤੀ ਦੀ ਵਾਗਡੋਰ ਉਨ੍ਹਾਂ ਆਗੂਆਂ ਦੇ ਹੱਥ ਵਿੱਚ ਦੇਣ ਦੀ ਲੋੜ ਹੈ ਜੋ ਲੋਕ ਮਸਲਿਆਂ ਨੂੰ ਆਪਣਾ ਏਜੰਡਾ ਬਣਾਉਣ ਅਤੇ ਸਹੀ ਦਿਸ਼ਾ ਵਿੱਚ ਸਰਬਤ ਦਾ ਭਲਾ ਕਰਨ। ('ਲੇਖਕ 'ਕਰਿੱਡ', ਚੰਡੀਗੜ੍ਹ ਵਿੱਚ ਅਰਥ ਸ਼ਾਸਤਰ ਦਾ ਪ੍ਰੋਫੈਸਰ ਹੈ।)

# Sir Speedy Tustin

*Printers to the Community*

**Outdoor 3'x11' Promo Flag**
**Only $29/-**
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

**11" Printed Balloons**
Printed with your logo and info. One color, one location. Min. qty 1000
**19¢ each**

White T-Shirts, 1 color screen printing in 1 position. Min Qty. 100
**Your Printed T-Shirts**
**Only $4.99**

1 color in 1 position. Min Qty. 100
**Your Printed Caps**
**Only $4.99**

**Trip Envelopes** Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW

# ਜੇ.ਐਨ.ਯੂ. ਵਿਚ ਭਗਵੇਂ 'ਤੇ ਕਿਉਂ ਹਾਵੀ ਹੈ ਲਾਲ ਝੰਡਾ ?

**ਉਰਮੀਲੇਸ਼**

ਭਾਰਤ ਦੇ ਮਸ਼ਹੂਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਚੋਣਾਂ ਵਿਚ ਇਸ ਵਾਰ ਫਿਰ ਖੱਬੀਆਂ ਧਿਰਾਂ ਨੇ ਆਪਣੀ ਸ਼ਾਨਦਾਰ ਜਿੱਤ ਦਾ ਪਰਚਮ ਲਹਿਰਾਇਆ ਹੈ। ਪ੍ਰਧਾਨ ਤੋਂ ਲੈ ਕੇ ਸਕੱਤਰ ਤੱਕ, ਕੇਂਦਰੀ ਪੈਨਲ ਦੇ ਸਾਰੇ ਅਹੁਦਿਆਂ ਅਤੇ ਕੌਂਸਲ ਦੀਆਂ ਜ਼ਿਆਦਾਤਰ ਸੀਟਾਂ 'ਤੇ 'ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਈਸਾ), ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ (ਐਸ.ਐਫ.ਆਈ.) ਅਤੇ ਡੈਮੋਕਰੈਟਿਕ ਸਟੂਡੈਂਟਸ ਫੈਡਰੇਸ਼ਨ (ਡੀ.ਐਸ.ਐਫ.) ਦੇ ਖੱਬੇ ਪੱਖੀ ਏਕਤਾ ਗਠਜੋੜ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ।

ਜੇ.ਐਨ.ਯੂ. ਵਿਚ ਖੱਬੀਆਂ ਧਿਰਾਂ ਦੀ ਜਿੱਤ ਕੋਈ ਪਹਿਲੀ ਵਾਰ ਨਹੀਂ ਹੋਈ ਹੈ। ਖੱਬੇ ਪ੍ਰਭਾਵ ਦਾ ਇਹ ਲੰਬਾ ਇਤਿਹਾਸ ਹੈ। ਵਿਚ ਜਿਹੇ ਕਿਤੇ ਕਿਤੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਰਗੇ ਧੁਰ ਦੱਖਣਪੰਥੀ ਵਿਦਿਆਰਥੀ ਸੰਗਠਨ, ਕਾਂਗਰਸ ਦੇ ਵਿਦਿਆਰਥੀ ਸੰਗਠਨ ਐਨ.ਐਸ.ਯੂ.ਆਈ. ਅਤੇ ਸ਼ੁਰੂ ਦੇ ਦੌਰ ਵਿਚ 'ਫਰੀ ਥਿੰਕਰਜ਼' ਵਰਗੇ ਗੈਰ ਪਾਰਟੀ ਦਾਇਰੇ ਦੇ ਸੰਗਠਨਾਂ ਦੇ ਉਮੀਦਵਾਰ ਵੀ ਚੋਣ ਜਿੱਤਦੇ ਰਹੇ ਹਨ।

**ਖਾਰਜ ਹੋਇਆ ਟੈਂਕ...**

ਸਭ ਤੋਂ ਵੱਧ ਵਾਰ ਜਿੱਤ ਦਾ ਰਿਕਾਰਡ ਖੱਬੀਆਂ ਧਿਰਾਂ ਦੇ ਨਾਂ ਹੈ। ਪਰ ਇਸ ਵਾਰ ਵਿਦਿਆਰਥੀ ਚੋਣਾਂ ਵਿਚ ਖੱਬੀ ਧਿਰ ਏਕਤਾ ਗਠਜੋੜ ਦੀ ਸ਼ਾਨਦਾਰ ਜਿੱਤ ਦੇ ਬੇਹੱਦ ਖ਼ਾਸ ਮਾਇਨੇ ਹਨ। ਨਤੀਜੇ ਤੋਂ ਪਹਿਲਾਂ, ਦੇਸ਼ ਦੀ ਸੱਤਾਧਾਰੀ ਪਾਰਟੀ ਅਤੇ ਆਰ.ਐਸ.ਐਸ. ਦੇ ਰਣਨੀਤੀਕਾਰ ਇਸ ਚੋਣ ਨੂੰ ਜੇ.ਐਨ.ਯੂ ਦਾ ਇਤਿਹਾਸ ਦਾ ਇਕ 'ਟਰਨਿੰਗ ਪੁਆਇੰਟ' ਮੰਨ ਰਹੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਦੇਸ਼ ਵਿਚ ਜਿਸ ਤਰ੍ਹਾਂ ਦੀ ਲਹਿਰ ਚੱਲ ਰਹੀ ਹੈ, ਉਸ ਤੋਂ ਜੇ.ਐਨ.ਯੂ. ਅਛੂਤਾ ਨਹੀਂ ਰਹਿ ਸਕਦਾ। ਪਿਛਲੇ 2 ਸਾਲਾਂ ਤੋਂ ਜੇ.ਐਨ.ਯੂ. ਪ੍ਰਸ਼ਾਸਨ ਵੀ ਵਿਦਿਆਰਥੀ ਸੰਘ ਦੀ ਸਿਆਸਤ ਦੀ ਧਾਰਾ ਨੂੰ ਬਦਲਣ ਵਿਚ ਜੁਟਿਆ ਹੋਇਆ ਸੀ। ਸ਼ਾਇਦ ਉਸ ਨੂੰ ਅਹਿਮ ਏਜੰਡੇ ਵਜੋਂ ਇਹ ਕਾਰਜਭਾਰ ਸੌਂਪਿਆ ਗਿਆ ਸੀ।

ਤਾਂ ਹੀ ਤਾਂ ਯੂਨੀਵਰਸਿਟੀ ਦੇ ਕੁਲਪਤੀ ਨੇ ਕੁਝ ਦਿਨ ਪਹਿਲਾਂ ਕੈਂਪਸ ਵਿਚ 'ਰਾਸ਼ਟਰਵਾਦੀ ਵਿਚਾਰਾਂ ਦਾ ਮਾਣ ਤੇ ਪ੍ਰਚਾਰ' ਲਈ ਵੱਡਾ ਯੁੱਧ ਟੈਂਕ ਰਖਵਾਉਣ ਦਾ ਪ੍ਰਸਤਾਵ ਰੱਖਿਆ। ਨਿੱਜੀ ਟੀ.ਵੀ. ਚੈਨਲਾਂ 'ਤੇ ਆਪਣੇ 'ਸਖ਼ਤ ਯੁੱਧ ਸਮਰਥਕ ਬੋਲ' ਲਈ ਵਿਵਾਦਗ੍ਰਸਤ ਸਾਬਕਾ ਸੈਨਾ ਅਧਿਕਾਰੀ ਦੀ ਮੌਜੂਦਗੀ ਵਾਲੇ ਸਮਾਰੋਹ ਵਿਚ ਇਸ ਇੱਛਾ ਦਾ ਐਲਾਨ ਹੋਇਆ।

ਰਾਸ਼ਟਰਵਾਦੀ ਪ੍ਰਸ਼ਾਸਨ...

ਸੱਤਾਧਾਰੀ ਖੇਮੇ ਦੇ ਨੇਤਾ ਤੇ ਸੰਘ ਪ੍ਰਚਾਰਕ ਅਕਸਰ ਜੇ.ਐਨ.ਯੂ. ਨੂੰ 'ਦੇਸ਼ ਧਰੋਹੀਆਂ ਦਾ ਅੱਡਾ' ਦੱਸਦੇ ਰਹੇ। ਮਾਹੌਲ ਨੂੰ 'ਰਾਸ਼ਟਰਵਾਦੀ' ਬਣਾਉਣ ਲਈ ਪ੍ਰਸ਼ਾਸਨ ਵਲੋਂ ਕੈਂਪਸ ਵਿਚ ਕਦੇ 'ਕਾਰਗਿਲ ਜੇਤੂ ਦਿਵਸ' ਤੇ ਕਦੇ 'ਦੀਨਦਿਆਲ ਉਪਾਧਾਏ ਦੇ ਇਕੋ-ਇਕ ਮਾਨਵਵਾਦ' ਦੇ ਨਾਂ 'ਤੇ ਵੱਡੇ ਵੱਡੇ ਪ੍ਰੋਗਰਾਮ ਕਰਦੇ ਰਹੇ। ਵਿਦਿਆਰਥੀ ਸੰਘ ਨੇ ਕੈਂਪਸ ਵਿਚ ਟੈਂਕ ਰੱਖਣ ਦੇ ਪ੍ਰਸਤਾਵ ਨੂੰ 'ਘਟੀਆ ਸੋਚ' ਦੱਸਿਆ। ਬੀਤੇ 2 ਵਰ੍ਹਿਆਂ ਦੌਰਾਨ ਵੱਖ ਵੱਖ ਮੁੱਦਿਆਂ 'ਤੇ ਪ੍ਰਸ਼ਾਸਨ ਤੇ ਵਿਦਿਆਰਥੀ-ਅਧਿਆਪਕਾਂ ਦੇ ਵੱਡੇ ਹਿੱਸੇ ਵਿਚਾਲੇ ਲਗਾਤਾਰ ਟਕਰਾਅ ਜਾਰੀ ਰਿਹਾ। ਖੱਬੇ-ਪੱਖੀ ਧਾਰਾ ਦੇ ਸੰਗਠਨਾਂ, ਵਿਦਿਆਰਥੀਆਂ ਤੇ ਇਥੋਂ ਤਕ ਕਿ ਅਧਿਆਪਕਾਂ ਖ਼ਿਲਾਫ਼ ਵੀ ਤਰ੍ਹਾਂ ਤਰ੍ਹਾਂ ਦੇ ਕਦਮ ਚੁੱਕੇ ਗਏ। ਖੱਬੇ ਪੱਖੀ ਸੰਗਠਨਾਂ ਦੀਆਂ ਗਤੀਵਿਧੀਆਂ 'ਤੇ ਤਮਾਮ ਤਰ੍ਹਾਂ ਦੀਆਂ ਪਾਬੰਦੀਆਂ ਥੋਪੀਆਂ ਗਈਆਂ। ਖੱਬੇਪੱਖੀ ਸਮਰਥਕ ਤੇ ਦਲਿਤ-ਪਛੜੇ ਫ਼ਿਰਕੇ ਦੇ ਕਈ ਵਿਦਿਆਰਥੀਆਂ ਖ਼ਿਲਾਫ਼ ਅਨੁਸ਼ਾਸਨਿਕ ਕਾਰਵਾਈ ਕੀਤੀ ਗਈ। ਨਤੀਜੇ

**ਨੋਟਬੰਦੀ- ਜੀ.ਐਸ.ਟੀ. ਦੇ ਮਾੜੇ ਅਸਰ, ਸਮਾਜ ਵਿਚ ਵਧਦੇ ਫਿਰਕੂ-ਭਾਈਚਾਰਕ ਵੰਡ, ਸ਼ੋਸ਼ਣ, ਅਪਰਾਧ, ਅਸਹਿਮਤ ਲੋਕਾਂ ਦੇ ਦਮਨ, ਸਿੱਖਿਆ ਖੇਤਰ ਵਿਚ ਮੱਚੀ ਬੇਹੱਦ ਅਰਾਜਕਤਾ ਤੇ ਸੀਟ-ਕਟੌਤੀ ਵਰਗੇ ਪਹਿਲੂ ਜੇ.ਐਨ.ਯੂ. ਵਿਚ ਭਾਰੂ ਹੋ ਗਏ। ਮੌਜੂਦਾ ਸੱਤਾ ਤੋਂ ਨਾਰਾਜ਼ ਵਿਦਿਆਰਥੀਆਂ ਨੇ ਖੱਬੇਪੱਖੀ ਨਿਰਪੱਖ ਖੇਮੇ ਨੂੰ ਬਿਹਤਰ ਮੰਨਿਆ। ਇਹ ਦੇਸ਼ ਜਾਂ ਕਿਸੇ ਸੂਬੇ ਦਾ ਨਹੀਂ, ਇਕ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਫ਼ੈਸਲਾ ਹੈ, ਜਿਸ ਨੂੰ ਖੁਦ ਕੇਂਦਰ ਵੀ ਅਧਿਕਾਰਤ ਤੌਰ 'ਤੇ ਭਾਰਤ ਦੀ ਸਰਵੋਤਮ ਯੂਨੀਵਰਸਿਟੀ ਮੰਨਦਾ ਹੈ।**



ਤੋਂ ਸਾਫ਼ ਲਗਦਾ ਹੈ, 'ਜੇ.ਐਨ.ਯੂ. ਵਿਦਿਆਰਥੀਆਂ ਨੇ ਕੈਂਪਸ ਵਿਚ ਟੈਂਕ ਰੱਖਣ ਦੇ ਪ੍ਰਸਤਾਵ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਤੇ ਕੈਂਪਸ ਦੀ ਵਿਦਿਆਰਥੀ-ਸਿਆਸਤ ਵਿਚ 'ਟਰਨਿੰਗ ਪਵਾਇੰਟ' ਨਹੀਂ ਆਉਣ ਦਿੱਤਾ।

**ਰਣਨੀਤੀ ਕੰਮ ਨਾ ਆਈ !...**

ਖੱਬੇਪੱਖੀ ਵਿਦਿਆਰਥੀ ਸੰਗਠਨਾਂ ਦਾ ਅਸਰ ਸੀਮਤ ਕਰਨ ਲਈ ਇਸ ਵਾਰ ਜੇ.ਐਨ.ਯੂ. ਪ੍ਰਸ਼ਾਸਨ ਖ਼ਾਸ ਤੌਰ 'ਤੇ ਸਰਗਰਮੀ ਦਿਖਾ ਰਿਹਾ ਸੀ। ਸੰਨ 2017 ਦੇ ਵਿਦਿਅਕ ਸੈਸ਼ਨ ਲਈ ਉਸ ਨੇ ਕਈ ਵਿਭਾਗਾਂ ਵਿਚ ਐਮ.ਫਿਲ-ਪੀਐਚਡੀ ਦੀਆਂ ਸੀਟਾਂ ਵਿਚ ਭਾਰੀ ਕਟੌਤੀ ਕੀਤੀ, ਜਦਕਿ ਬੀ.ਏ., ਐਮ.ਏ. ਜਮਾਤਾਂ ਦੀਆਂ ਸੀਟਾਂ ਵਿਚ ਕਟੌਤੀ ਨਹੀਂ ਹੋਈ ਹੈ।

ਕੈਂਪਸ ਵਿਚ ਇਸ ਨੂੰ ਲੈ ਕੇ ਭਾਰੀ ਹੰਗਾਮਾ ਹੋਇਆ। ਵਿਦਿਆਰਥੀ ਸੰਗਠਨ ਨੇ ਦੋਸ਼ ਲਾਇਆ ਕਿ ਜੇ.ਐਨ.ਯੂ. ਪ੍ਰਸ਼ਾਸਨ ਨੇ ਦਾਖ਼ਲੇ ਲਈ ਅਕਾਦਮਿਕ ਕੌਂਸਲ ਦੀ ਸਹਿਮਤੀ ਦੇ ਬਿਨਾਂ ਜੋ ਫ਼ੈਸਲਾ ਕੀਤਾ, ਉਸ ਪਿਛੇ ਸ਼ਾਸਕੀ ਦਬਾਅ ਅਹਿਮ ਕਾਰਨ ਹੈ। ਜੇ.ਐਨ.ਯੂ. ਅਧਿਆਪਕ ਸੰਘ ਦੇ ਮੁਖੀ ਰਹਿ ਚੁੱਕੇ ਪ੍ਰੋਫੈਸਰ ਚਮਨ ਲਾਲ ਮੁਤਾਬਕ ਆਮ ਤੌਰ 'ਤੇ ਜੇ.ਐਨ.ਯੂ. ਵਿਚ ਖੱਬੇ ਪੱਖੀ ਧਾਰਾ ਦੇ ਵਿਦਿਆਰਥੀ ਸੰਗਠਨਾਂ ਨੂੰ ਐਮਫਿਲ-ਪੀਐਚਡੀ. ਦੇ ਵਿਦਿਆਰਥੀਆਂ ਦਾ ਵਿਆਪਕ ਸਮਰਥਨ ਮਿਲਦਾ ਹੈ। ਉਸ ਦਾ ਵੱਡਾ ਕਾਰਨ ਹੈ ਕਿ ਅਜਿਹੇ ਵਿਦਿਆਰਥੀ ਉਮੀਦ ਨਾਲੋਂ ਸਮਝਦਾਰ, ਬੌਧਿਕ ਤੇ ਤਜਰਬੇਕਾਰ ਹੁੰਦੇ ਹਨ। ਅਜਿਹੇ ਵਿਦਿਆਰਥੀਆਂ ਦਾ ਇਕ ਹਿੱਸਾ ਇਸੇ ਕੈਂਪਸ ਤੋਂ ਹੁੰਦਾ ਹੈ।

**ਸੀਟਾਂ ਵਿਚ ਕਟੌਤੀ...**

ਐਮ.ਏ. ਪਾਸ ਕਰਨ ਤੋਂ ਬਾਅਦ ਜੇ.ਐਨ.ਯੂ. ਦੇ ਅਨੇਕ ਵਿਦਿਆਰਥੀ ਐਮਫਿਲ-ਪੀਐਚਡੀ ਕੋਰਸ ਵਿਚ ਦਾਖ਼ਲਾ ਲੈਂਦੇ ਹਨ। ਕੈਂਪਸ ਦੇ ਮਾਹੌਲ ਵਿਚ ਰਚੇ-ਵਸੇ ਅਜਿਹੇ ਵਿਦਿਆਰਥੀਆਂ ਵਿਚ ਖੱਬੇ ਪੱਖੀ ਸੋਚ ਵਾਲੇ ਵਿਦਿਆਰਥੀਆਂ ਦੀ ਸੰਖਿਆ ਜ਼ਿਆਦਾ ਹੁੰਦੀ ਹੈ। ਬਾਹਰੋਂ ਆਉਣ ਵਾਲੇ ਖੋਜ ਦੇ ਵਿਦਿਆਰਥੀਆਂ ਦਾ ਵੀ ਇਕ ਹਿੱਸਾ ਖੱਬੇ ਪੱਖੀ ਖੇਮੇ ਨਾਲ ਜੁੜਦਾ ਹੈ। ਇਕ ਰਣਨੀਤੀ ਤਹਿਤ ਇਸ ਸਾਲ ਐਮਫਿਲ-ਪੀਐਚਡੀ ਦੇ ਦਾਖ਼ਲੇ ਦੀਆਂ ਸੀਟਾਂ ਵਿਚ ਵੱਡੇ ਪੱਧਰ 'ਤੇ ਕਟੌਤੀ ਕੀਤੀ ਗਈ ਹੈ। ਬਹਾਨਾ ਯੂ.ਜੀ.ਸੀ. ਦੇ ਫਰਮਾਨ ਦਾ ਬਣਾਇਆ ਗਿਆ ਹੈ। ਅਕਾਦਮਿਕ ਕੌਂਸਲ ਵਿਚ ਬਹੁਮਤ ਇਸ ਕਟੌਤੀ ਦੇ ਖ਼ਿਲਾਫ਼ ਸੀ। ਪਰ ਪ੍ਰਸ਼ਾਸਨ ਨੇ ਘੱਟ ਮੈਂਬਰਾਂ ਦੀ ਗੱਲ ਮੰਨੀ। ਕਈ ਹੋਰਨਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਦੱਸਿਆ ਕਿ ਪ੍ਰਸ਼ਾਸਨ ਨੂੰ ਲਗਿਆ ਹੋਵੇਗਾ ਕਿ ਬਾਹਰੋਂ ਆਉਣ ਵਾਲੇ ਜ਼ਿਆਦਾਤਰ ਨੌਜਵਾਨ ਵਿਦਿਆਰਥੀ ਏ.ਬੀ.ਵੀ.ਪੀ. ਵਰਗੇ ਸੰਗਠਨ ਲਈ ਅਨੁਕੂਲ ਹੋਣਗੇ, ਇਸ ਲਈ ਬੀ.ਏ. ਐਮ.ਏ. ਕੋਰਸ ਵਿਚ ਕਟੌਤੀ ਨਹੀਂ ਹੋਈ। ਕਟੌਤੀ ਸਿਰਫ਼ ਖੋਜ-ਵਿਦਿਆਰਥੀਆਂ ਦੇ ਦਾਖ਼ਲੇ ਵਿਚ ਕੀਤੀ ਗਈ ਹੈ।

ਦੋ ਪਾਸਿਆਂ ਤੋਂ ਚੁਣੌਤੀ...

ਪਰ ਪ੍ਰਸ਼ਾਸਨ ਦੀ ਇਹ ਕਥਿਤ ਰਣਨੀਤੀ ਵੀ ਦੇਸ਼ ਦੇ ਸੱਤਾਧਾਰੀ ਖੇਮੇ ਤੇ ਕੈਂਪਸ ਵਿਚ ਏ.ਬੀ.ਵੀ.ਪੀ. ਲਈ 'ਵਰਦਾਨ' ਨਹੀਂ ਸਿੱਧ ਹੋ ਸਕੀ। ਖੱਬੇਪੱਖੀ ਖੇਮੇ ਸਾਹਮਣੇ ਇਕ ਹੋਰ ਵੱਡੀ ਚੁਣੌਤੀ ਸੀ। ਭਾਜਪਾ-ਸੰਘ ਦੇ ਪਿਛੋਕੜ ਵਾਲੀ ਏ.ਬੀ.ਵੀ.ਪੀ. ਦੇ ਹਮਲਾਵਰ ਰੁਖ਼ ਦੇ ਬਾਵਜੂਦ ਉਸ ਦਾ ਆਪਣਾ ਖੇਮਾ ਬੁਰੀ ਤਰ੍ਹਾਂ ਵੰਡਿਆ ਜਿਹਾ ਗਿਆ ਸੀ। ਵਿਰੋਧੀ-ਏਕਤਾ ਦੀ ਗੱਲ ਤਾਂ ਦੂਰ ਰਹੀ, ਖੱਬੀ-ਏਕਤਾ ਵੀ ਪੁਖ਼ਤਾ ਨਹੀਂ ਸੀ। ਵਿਦਿਆਰਥੀ ਸੰਘ ਦੇ ਸਾਬਕਾ ਮੁਖੀ ਤੇ ਮਸ਼ਹੂਰ ਖੱਬੇਪੱਖੀ ਵਿਦਿਆਰਥੀ ਨੇਤਾ ਕਨ੍ਹੱਈਆ ਕੁਮਾਰ ਦਾ ਸੰਗਠਨ ਏ.ਆਈ.ਐਸ.ਐਫ. ਖੱਬੇਪੱਖੀ ਗਠਜੋੜ ਤੋਂ ਬਾਹਰ ਰਿਹਾ। ਪ੍ਰਧਾਨਗੀ ਅਹੁਦੇ ਲਈ ਉਸ ਨੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਸੰਸਦ ਮੈਂਬਰ ਡੀ. ਰਾਜਾ ਦੀ ਧੀ ਅਪਰਾਜਿਤਾ ਰਾਜਾ ਨੂੰ ਖੜ੍ਹਾ ਕਰ ਦਿੱਤਾ। ਕਨ੍ਹੱਈਆ ਵੀ ਰਾਜਾ ਲਈ ਪ੍ਰਚਾਰ ਕਰ ਰਹੇ ਸਨ। ਦੂਸਰੇ ਪਾਸੇ, ਦਲਿਤ ਪੱਛੜਿਆਂ ਦੇ ਖੇਮੇ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲਾ 'ਬਾਪਸਾ' ਨਾਂ ਦਾ ਵਿਦਿਆਰਥੀ ਸਮੂਹ ਪੂਰੀ ਤਾਕਤ ਨਾਲ ਆਪਣਾ ਵੱਖਰ ਪੈਨਲ ਲੈ ਕੇ ਮੈਦਾਨ ਵਿਚ ਉਤਰਿਆ। ਪਿਛਲੀਆਂ ਚੋਣਾਂ ਵਿਚ ਹੀ 'ਬਾਪਸਾ' ਨੇ ਆਪਣੀ ਧਮਕ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਇਸ ਸਾਲ ਜਿੱਤਣ ਲਈ ਉਸ ਨੇ ਪੂਰੀ ਤਾਕਤ ਲਗਾ ਦਿੱਤੀ।

**ਗੌਰੀ ਲੰਕੇਸ਼ ਦੀ ਹੱਤਿਆ ਵੀ ਬਣਿਆ ਮੁੱਦਾ...**

ਪਰ ਕਿਤੇ ਨਾ ਕਿਤੇ ਉਸ ਦੀ ਸਿਆਸੀ ਭਰੋਸੇਯੋਗਤਾ 'ਤੇ ਦਲਿਤ ਪਛੜੇ ਵਿਦਿਆਰਥੀਆਂ ਦੇ ਇਕ ਹਿੱਸੇ ਵਿਚ ਵੀ ਕੁਝ ਸਵਾਲ ਸਨ। ਮਸਲਨ, 'ਬਾਪਸਾ' ਦੇ ਨੇਤਾ ਇਹ ਸਾਫ਼ ਨਹੀਂ ਕਰ ਸਕੇ ਕਿ ਬਹੁਜਨ ਹਿਤਾਂ ਦੇ ਮੱਦੇਨਜ਼ਰ ਅੱਜ 'ਖੱਬੇਪੱਖੀਆਂ ਦੇ ਕਥਿਤ ਮੌਕਾਪ੍ਰਸਤ' ਤੇ 'ਸੰਘ-ਭਾਜਪਾ ਦੇ ਕਥਿਤ ਫਾਸੀਵਾਦੀ ਮਨੂਵਾਦ' ਵਿਚ ਜ਼ਿਆਦਾ ਖ਼ਤਰਨਾਕ ਕੌਣ ਹੈ ?

ਫਿਰ ਵੀ ਉਸ ਦੇ ਉਮੀਦਵਾਰਾਂ ਨੂੰ ਦਲਿਤ ਪਛੜਿਆਂ ਦੇ ਇਕ ਖੇਮੇ ਦਾ ਜ਼ਿਕਰਯੋਗ ਸਮਰਥਨ ਮਿਲਿਆ। ਏ.ਬੀ.ਵੀ.ਪੀ. ਨੇ ਜਿੱਤਣ ਲਈ ਸਭ ਕੁਝ ਕੀਤਾ। ਉਸ ਦੀ ਜਿੱਤ ਸੁਨਿਸਚਿਤ ਕਰਨ ਲਈ ਭਾਜਪਾ-ਸੰਘ ਦੇ ਨੇਤਾ ਵੀ ਜੁਟੇ ਹੋਏ ਸਨ। ਚੋਣਾਂ ਦੇ ਅੰਤਿਮ ਗੇੜ ਵਿਚ ਜੇ.ਐਨ.ਯੂ. ਦੀ ਸਾਬਕਾ ਵਿਦਿਆਰਥੀ ਰਹੀ ਨਿਰਮਲਾ ਸੀਤਾਰਮਨ ਦੇ ਦੇਸ਼ ਦੇ ਰੱਖਿਆ ਮੰਤਰੀ ਬਣਨ ਨੂੰ ਵੀ ਮੋਦੀ ਸਰਕਾਰ ਦੇ ਵੱਡੇ ਕਦਮ ਵਜੋਂ ਪ੍ਰਚਾਰਤ ਕੀਤਾ ਗਿਆ ਤੇ ਵਿਦਿਆਰਥੀਆਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਲਗਦਾ ਹੈ, ਇਕ ਸਮੇਂ ਦੀ 'ਫਰੀ ਥਿੰਕਰ' ਨਿਰਮਲਾ ਦੇ ਰੱਖਿਆ ਮੰਤਰੀ ਬਣਨ ਦਾ ਜੇ.ਐਨ.ਯੂ. ਵਿਚ ਓਨਾ ਅਸਰ ਨਹੀਂ ਪਿਆ, ਜਿੰਨਾ ਬੰਗਲੁਰੂ ਵਿਚ ਉਘੀ ਪੱਤਰਕਾਰ-ਲੇਖਿਕਾ ਗੌਰੀ ਲੰਕੇਸ਼ ਦੀ ਬੇਰਹਿਮੀ ਨਾਲ ਕੀਤੀ ਗਈ ਹੱਤਿਆ ਦਾ ਪਿਆ। ਗੌਰੀ ਨਿਰਪੱਖ-ਜਮਹੂਰੀ ਸੋਚ ਦੀ ਨਿਡਰ ਪੱਤਰਕਾਰ ਸੀ, ਜਿਸ ਤੋਂ ਕਰਨਾਟਕ ਵਿਚ ਭਾਜਪਾ-ਸੰਘ-ਸ਼੍ਰੀਰਾਮ ਸੈਨਾ ਵਰਗੇ ਸੰਗਠਨਾਂ ਦੇ ਨੇਤਾ ਬੇਹੱਦ ਡਰਦੇ ਸਨ। ਭਾਜਪਾ ਦੇ ਨੇਤਾਵਾਂ ਨੇ ਉਨ੍ਹਾਂ ਖ਼ਿਲਾਫ਼ ਮਾਨਹਾਨੀ ਦਾ ਮਾਮਲਾ ਵੀ ਦਰਜ ਕੀਤਾ, ਜਿਸ ਵਿਚ ਉਨ੍ਹਾਂ ਨੂੰ ਸਜ਼ਾ ਹੋਈ। ਉਨ੍ਹਾਂ ਨੇ ਉਪਰੀ ਅਦਾਲਤ ਵਿਚ ਸਜ਼ਾ ਨੂੰ ਚੁਣੌਤੀ ਦਿੱਤੀ ਸੀ। ਜੇ.ਐਨ.ਯੂ. ਵਿਦਿਆਰਥੀ ਸੰਘ ਦੇ ਮੁੱਖ ਭਾਸ਼ਣਾਂ ਵਿਚ ਗੌਰੀ ਹੱਤਿਆ ਕਾਂਡ ਦੀ ਵੀ ਚਰਚਾ ਹੋਈ। ਕਿਸੇ ਨੇ ਕਿਸੇ 'ਤੇ ਦੋਸ਼ ਨਹੀਂ ਲਾਇਆ ਪਰ ਏ.ਬੀ.ਵੀ.ਪੀ. ਬਚਾਅ ਦੀ ਮੁੱਦਰਾ ਵਿਚ ਦਿਖੀ।

**ਖੱਬੀ ਧਿਰ ਦੀ ਜਿੱਤ...**

ਇਨ੍ਹਾਂ ਤਮਾਮ ਕਾਰਨਾਂ ਨਾਲ ਜੇ.ਐਨ.ਯੂ. ਵਿਦਿਆਰਥੀ ਸੰਘ ਦੀਆਂ ਚੋਣਾਂ ਨੂੰ ਲੈ ਕੇ ਦੇਸ਼ ਦੇ ਸਿਆਸੀ ਹਲਕਿਆਂ ਵਿਚ ਇਸ ਵਾਰ ਜ਼ਿਆਦਾ ਉਤਸੁਕਤਾ ਸੀ। ਇਕ ਵਿਵਾਦਗ੍ਰਸਤ ਵੀ.ਸੀ. ਰਾਹੀਂ ਜੇ.ਐਨ.ਯੂ. ਪ੍ਰਸ਼ਾਸਨ 'ਤੇ ਸੰਪੂਰਨ ਕਬਜ਼ਾ ਕਾਇਮ ਕਰ ਚੁੱਕੇ ਸੰਘ-ਭਾਜਪਾ ਖੇਮੇ ਨੂੰ ਲੱਗ ਰਿਹਾ ਸੀ ਕਿ ਇਸ ਵਾਰ ਵਿਦਿਆਰਥੀ-ਭਾਈਚਾਰੇ ਵਿਚਾਲੇ ਵੀ ਇਹ 'ਜੇ.ਐਨ.ਯੂ. ਫਤਿਹ' ਕਰ ਲਏਗਾ। ਅਤੇ ਸੱਚ ਪੁਛੋ ਤਾਂ ਖੱਬਾ-ਖੇਮਾ ਬਚਾਅ ਤੇ ਬੇਚੈਨੀ ਦੀ ਮੁਦਰਾ ਵਿਚ ਸੀ ਕਿ ਫਿਰਕੂ ਤੇ ਦੱਖਣ ਪੰਥੀ ਉਭਾਰ ਦੇ ਮੌਜੂਦਾ ਮਾਹੌਲ ਵਿਚ ਇਹ ਆਪਣੇ ਇਸ ਮਜ਼ਬੂਤ ਥੰਭ ਨੂੰ ਕਿਵੇਂ ਬਚਾਏ! ਪਰ ਲਗਦਾ ਹੈ ਕਿ ਨੋਟਬੰਦੀ-ਜੀ.ਐਸ.ਟੀ. ਦੇ ਮਾੜੇ ਅਸਰ, ਸਮਾਜ ਵਿਚ ਵਧਦੇ ਫਿਰਕੂ-ਭਾਈਚਾਰਕ ਵੰਡ, ਸ਼ੋਸ਼ਣ, ਅਪਰਾਧ, ਅਸਹਿਮਤ ਲੋਕਾਂ ਦੇ ਦਮਨ, ਸਿੱਖਿਆ ਖੇਤਰ ਵਿਚ ਮੱਚੀ ਬੇਹੱਦ ਅਰਾਜਕਤਾ ਤੇ ਸੀਟ-ਕਟੌਤੀ ਵਰਗੇ ਪਹਿਲੂ ਜੇ.ਐਨ.ਯੂ. ਵਿਚ ਭਾਰੂ ਹੋ ਗਏ। ਮੌਜੂਦਾ ਸੱਤਾ ਤੋਂ ਨਾਰਾਜ਼ ਵਿਦਿਆਰਥੀਆਂ ਨੇ ਖੱਬੇਪੱਖੀ ਨਿਰਪੱਖ ਖੇਮੇ ਨੂੰ ਬਿਹਤਰ ਮੰਨਿਆ। ਇਹ ਦੇਸ਼ ਜਾਂ ਕਿਸੇ ਸੂਬੇ ਦਾ ਨਹੀਂ, ਇਕ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਫ਼ੈਸਲਾ ਹੈ, ਜਿਸ ਨੂੰ ਖੁਦ ਕੇਂਦਰ ਵੀ ਅਧਿਕਾਰਤ ਤੌਰ 'ਤੇ ਭਾਰਤ ਦੀ ਸਰਵੋਤਮ ਯੂਨੀਵਰਸਿਟੀ ਮੰਨਦਾ ਹੈ। ਅਜਿਹੇ ਵਿਚ ਮੰਨਣਾ ਪਏਗਾ ਕਿ ਪ੍ਰਤੀਭਾਵਾਨ ਵਿਦਿਆਰਥੀਆਂ ਦੇ ਮਸ਼ਹੂਰ ਕੈਂਪਸ ਵਿਚ ਇਹ ਖੱਬੇ ਖੇਮੇ ਦੀ ਜਿੱਤ ਤਾਂ ਹੈ ਹੀ, ਸਿਆਸਤ ਦੇ 'ਪੁਨਰਉਥਾਨਵਾਦੀ ਭਗਵਾਂ ਖੇਮੇ' ਦਾ ਪੁਰਜ਼ੋਰ ਵਿਰੋਧ ਵੀ ਹੈ।

# ਪੰਜਾਬੀ ਦੇ ਨਾਮਵਰ ਗਾਇਕ ਅਤੇ ਹਾਸਿਆਂ ਦੇ ਬਾਦਸ਼ਾਹ ਹਜ਼ਾਰਾ ਸਿੰਘ 'ਰਮਤਾ' ਨੂੰ ਅਲਵਿਦਾ

**ਟੋਰਾਂਟੋ/ਬਿਊਰੋ ਨਿਊਜ਼ :** ਪੰਜਾਬੀ ਦੇ ਨਾਮਵਰ ਸ਼ਾਇਰ ਅਤੇ ਗਾਇਕ ਹਜ਼ਾਰਾ ਸਿੰਘ 'ਰਮਤਾ' ਨੇ ਬੀਤੇ ਦਿਨੀਂ ਬਰੈਂਪਟਨ ਹਸਪਤਾਲ ਵਿਚ ਆਪਣਾ ਆਖ਼ਰੀ ਸਾਹ ਲਿਆ। ਉਨ੍ਹਾਂ ਨੂੰ ਉਥੇ ਸਾਹ ਦੀ ਤਕਲੀਫ਼ ਕਾਰਨ ਦਾਖ਼ਲ ਕਰਵਾਇਆ ਗਿਆ ਸੀ। ਬਿਹਤਰੀਨ ਡਾਕਟਰੀ ਮਦਦ ਅਤੇ ਦਵਾਈਆਂ ਦੇ ਬਾਵਜੂਦ ਰਮਤਾ ਦੀ ਸਿਹਤ ਸੰਬੰਧੀ ਸਮੱਸਿਆਵਾਂ ਗੁੰਝਲਦਾਰ ਬਣਦੀਆਂ ਗਈਆਂ ਤੇ ਉਹ ਇਸ ਸੰਸਾਰ ਤੋਂ ਰੁਖ਼ਸਤ ਹੋ ਗਏ। ਹਜ਼ਾਰਾ ਸਿੰਘ 'ਰਮਤਾ' (91 ਸਾਲ) ਆਪਣੇ ਪਿੱਛੇ ਆਪਣੀ ਪਤਨੀ ਸ਼੍ਰੀਮਤੀ ਰਾਜ ਰਾਣੀ ਰਮਤਾ, ਬੇਟੀ ਅਤੇ ਬੇਟੇ ਤੋਂ ਇਲਾਵਾ ਆਪਣੇ ਗੋਦ ਲਏ ਬੱਚੇ, ਪੋਤੇ ਪੋਤਰੀਆਂ ਅਤੇ ਦੋਹਤੇ ਦੋਹਤਰੀਆਂ ਦਾ ਵੱਡਾ ਪਰਿਵਾਰ ਛੱਡ ਗਏ ਹਨ। ਪਹਿਲੀ ਅਗਸਤ 1926 ਨੂੰ ਕਿਸਾਨ ਪਰਿਵਾਰ ਵਿਚ ਸਾਹੀਵਾਲ (ਪਾਕਿਸਤਾਨ) ਵਿਖੇ ਜਨਮੇ ਰਮਤਾ ਦੀ ਮੁੱਢਲੀ ਸਿੱਖਿਆ ਅਤੇ ਸੰਗੀਤ ਦੀ ਤਾਲੀਮ ਇਥੇ ਹੀ ਹੋਈ। ਦੂਸਰੀ ਸੰਸਾਰ ਜੰਗ ਵਿਚ ਉਹ ਮਿਲਟਰੀ ਵਿਚ ਭਰਤੀ ਹੋ ਗਏ ਅਤੇ ਇਰਾਨ ਵਿਚ ਤੈਨਾਤ ਰਹੇ। ਜੰਗ ਮੁੱਕਣ ਪਿਛੋਂ ਜਦੋਂ ਉਹ ਪਰਤੇ ਤਾਂ ਹਿੰਦੁਸਤਾਨ ਆਜ਼ਾਦ ਹੋ ਚੁੱਕਾ ਸੀ। ਰਮਤਾ ਨੂੰ ਮਜ਼ਦੂਰੀ ਕਰਨੀ ਪਈ ਤੇ ਆਪਣੇ ਪਰਿਵਾਰ ਨੂੰ ਲਭਣਾ



ਪਿਆ ਜੋ ਸਾਹੀਵਾਲ ਤੋਂ ਲੁਧਿਆਣੇ ਆ ਕੇ ਵੱਸ ਗਿਆ ਸੀ। ਪਰਿਵਾਰ ਨੂੰ ਆਰਥਿਕ ਸਹਾਰਾ ਦੇਣ ਲਈ ਉਹ ਨੌਕਰੀ ਦੀ ਤਲਾਸ਼ ਵਿਚ ਦਿੱਲੀ ਆ ਗਏ। ਉਥੇ ਰਹਿੰਦਿਆਂ ਉਨ੍ਹਾਂ ਦੀ ਮੁਲਾਕਾਤ ਪੰਜਾਬੀ ਦੇ ਉਘੇ ਗਾਇਕਾਂ ਆਸਾ ਸਿੰਘ ਮਸਤਾਨਾ, ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਨਾਲ ਹੋਈ। ਇਨ੍ਹਾਂ ਗਾਇਕਾਂ ਦੀ ਸੋਹਬਤ ਵਿਚ ਰਮਤਾ ਨੇ ਮਜ਼ਾਹੀਆ ਗਾਣੇ ਲਿਖਣੇ ਅਤੇ ਗਾਉਣੇ ਸ਼ੁਰੂ ਕਰ ਦਿੱਤੇ। ਆਪਣੇ ਨਿਵੇਕਲੇ ਅੰਦਾਜ਼ ਸਦਕਾ ਉਹ ਛੇਤੀ ਹੀ ਮਸ਼ਹੂਰ ਹੋ ਗਏ। ਦੁਨੀਆ ਭਰ ਵਿਚ ਵੱਸੇ ਪੰਜਾਬੀਆਂ ਵਲੋਂ ਉਨ੍ਹਾਂ ਨੂੰ ਪ੍ਰੋਗਰਾਮ ਪੇਸ਼ ਕਰਨ ਲਈ ਸੱਦਿਆ ਜਾਣ ਲੱਗਾ। ਆਪਣੀ ਗਾਇਕੀ ਦੇ ਸਿਖਰ 'ਤੇ ਪਹੁੰਚ ਉਨ੍ਹਾਂ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿਚ ਕੈਨੇਡਾ ਨੂੰ ਆਪਣਾ ਘਰ ਬਣਾ ਲਿਆ। ਉਨ੍ਹਾਂ ਬੇਸ਼ੁਮਾਰ ਗੀਤ-ਗਜ਼ਲਾਂ ਪੰਜਾਬੀ ਅਤੇ ਉਰਦੂ ਜ਼ੁਬਾਨ ਵਿਚ ਲਿਖੀਆਂ, ਜਿਨ੍ਹਾਂ ਨੂੰ ਹਿੰਦ-ਪਾਕਿ ਦੇ ਕਈ ਫ਼ਨਕਾਰਾਂ ਨੇ ਆਪਣੀ ਆਵਾਜ਼ ਵਿਚ ਰਿਕਾਰਡ ਵੀ ਕਰਵਾਇਆ। ਰਮਤਾ ਦੀਆਂ ਪੰਜਾਬੀ ਅਤੇ ਉਰਦੂ ਲਿਖਤਾਂ ਨੂੰ ਕਿਤਾਬਾਂ ਦੀ ਸ਼ਕਲ ਵਿਚ ਪ੍ਰਕਾਸ਼ਤ ਵੀ ਕੀਤਾ ਗਿਆ ਹੈ। ਇਸ ਦੇ ਨਾਲ ਨਾਲ ਉਹ ਅਤੇ ਉਨ੍ਹਾਂ ਦੀ ਪਤਨੀ ਜ਼ਰੂਰਤਮੰਦਾਂ ਦੀ ਮਦਦ ਲਈ ਹਮੇਸ਼ਾਂ ਤੱਤਪਰ ਰਹਿੰਦੇ ਸਨ। ਰਮਤਾ ਦੇ ਪ੍ਰਸ਼ੰਸਕ ਦੁਨੀਆ ਦੇ ਹਰ ਕੋਨੇ ਵਿਚ ਮੌਜੂਦ ਹਨ ਤੇ ਉਨ੍ਹਾਂ ਦੇ ਗਾਣਿਆਂ ਦੀ ਫ਼ਰਮਾਇਸ਼ ਹਰ ਪੀੜ੍ਹੀ ਦੇ ਲੋਕ ਅੱਜ ਵੀ ਕਰਦੇ ਹਨ। ਉਘੇ ਟੀਵੀ ਹੋਸਟ ਇਕਬਾਲ ਮਾਹਲ, ਡਾ. ਸੋਲੋਮਨ ਨਾਜ਼, ਸਤਿੰਦਰਪਾਲ ਸਿੱਧਵਾਂ, ਸਾਬਕਾ ਐਮ.ਪੀ. ਗੁਰਬਖ਼ਸ਼ ਮੱਲ੍ਹੀ, ਆਸਿਫ਼ ਭੱਟੀ ਅਤੇ ਸੰਨੀ ਰਮਤਾ ਨੇ ਰਮਤਾ ਨੂੰ ਅੰਤਿਮ ਅਲਵਿਦਾ ਕਿਹਾ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਰਮਤਾ ਦਾ ਸਸਕਾਰ 9 ਸਤੰਬਰ ਨੂੰ ਬਰੈਂਪਟਨ ਕ੍ਰੀਮੇਸ਼ਨ ਤੇ ਵਿਜ਼ੀਟੇਸ਼ਨ ਸੈਂਟਰ ਵਿਖੇ ਹੋਇਆ।

# ਹਿੰਦ-ਪਾਕਿ ਵੰਡ ਦਾ ਦਰਦ...

**ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ।(ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ 'ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੈਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।**

## ਜਿਨਹਾ ਦੀ ਉਹ ਕੋਠੀ, ਜੋ ਭਾਰਤ ਲਈ 'ਦੁਸ਼ਮਣ ਦੀ ਪ੍ਰਾਪਰਟੀ'

**ਸੰਜੇ ਮਜਮੂਦਾਰ**

ਮੁਹੰਮਦ ਅਲੀ ਜਿਨਹਾ ਨੂੰ ਪਾਕਿਸਤਾਨ ਵਿਚ ਕਾਇਦੇ-ਆਜ਼ਮ ਕਹਿੰਦੇ ਹਨ। ਆਮ ਪਾਕਿਸਤਾਨੀ ਉਨ੍ਹਾਂ ਨੂੰ ਬਾਬਾ-ਏ-ਕੌਮ ਕਹਿ ਕੇ ਬੜੇ ਅਦਬ ਨਾਲ ਯਾਦ ਕਰਦੇ ਹਨ। ਪਰ ਹਿੰਦੁਸਤਾਨ ਦੇ ਲੋਕ ਜਿਨਹਾ ਨੂੰ ਨਫ਼ਰਤ ਕਰਦੇ ਹਨ। ਜਿਨਹਾ ਦਾ ਨਾਂ ਹਿਕਾਰਤ ਨਾਲ ਲਿਆ ਜਾਂਦਾ ਹੈ, ਕਿਉਂਕਿ ਉਨ੍ਹਾਂ ਨੂੰ ਮੁਲਕ ਦੀ ਵੰਡ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਸੀ।

ਮੁਲਕ ਦੀ ਵੰਡ ਹਿੰਦੁਸਤਾਨ ਤੇ ਪਾਕਿਸਤਾਨ ਲਈ ਕਿਆਮਤ ਵਰਗੀ ਸੀ। ਉਸ ਦੌਰਾਨ ਭੜਕੀ ਹਿੰਸਾ ਵਿਚ ਲੱਖਾਂ ਲੋਕ ਮਾਰੇ ਗਏ। ਇਕ ਕਰੋੜ ਤੋਂ ਜ਼ਿਆਦਾ ਲੋਕ ਬੇਘਰ ਹੋ ਗਏ। ਵੰਡ ਦੇ ਉਹ ਜ਼ਖ਼ਮ ਹਾਲੇ ਤਕ ਨਹੀਂ ਭਰੇ ਗਏ। 1947 ਵਿਚ ਬਟਵਾਰੇ ਮਗਰੋਂ ਮੁਹੰਮਦ ਅਲੀ ਜਿਨਹਾ ਆਪਣੇ ਬਣਾਏ ਮੁਲਕ ਪਾਕਿਸਤਾਨ ਚਲੇ ਗਏ। ਉਹ ਉਥੋਂ ਦੇ ਪਹਿਲੇ ਗਵਰਨਰ ਜਨਰਲ ਸਨ। ਪਰ ਜਿਨਹਾ ਦੀ ਇਕ ਖ਼ਾਸ ਚੀਜ਼ ਇਥੇ ਰਹਿ ਗਈ। ਇਹ ਸੀ ਮੁੰਬਈ ਵਿਚ ਹਿੰਦੁਸਤਾਨ ਅਤੇ ਪਾਕਿਸਤਾਨ ਵਿਚਾਲੇ ਝਗੜਾ ਇਸ ਕੋਠੀ ਨੂੰ ਲੈ ਕੇ ਵੀ ਹੈ, ਜੋ ਪਿਛਲੇ 70 ਸਾਲ ਤੋਂ ਚੱਲ ਰਿਹਾ ਹੈ। ਪਾਕਿਸਤਾਨ, ਜਿਨਹਾ ਦੀ ਇਸ ਕੋਠੀ 'ਤੇ ਆਪਣਾ ਵਾਜਬ ਹੱਕ ਮੰਨਦਾ ਹੈ। ਪਾਕਿਸਤਾਨ ਦੇ ਆਮ ਸ਼ਹਿਰੀ ਦੀ ਨਜ਼ਰ ਵਿਚ ਜਿਨਹਾ ਦੀ ਕੋਠੀ ਇਕ ਤੀਰਥ ਹੈ। ਇਸ ਵਿਚ ਰਹਿੰਦਿਆਂ ਜਿਨਹਾ ਨੇ ਪਾਕਿਸਤਾਨ ਦੀ ਨੀਂਹ ਰੱਖੀ ਸੀ। ਉਸ ਲਈ ਲੜਾਈ ਲੜੀ ਸੀ। ਇਸ ਲਈ ਪਾਕਿਸਤਾਨ ਇਸ 'ਤੇ ਦਾਅਵਾ ਠੋਕਦਾ ਹੈ।



ਜਿਨਹਾ ਦੀ ਕੋਠੀ

ਪਰ ਮੁੰਬਈ ਵਿਚ ਮੁਹੰਮਦ ਅਲੀ ਜਿਨਹਾ ਦੀ ਇਹ ਕੋਠੀ, ਹਿੰਦੁਸਤਾਨ ਦੀਆਂ ਅੱਖਾਂ ਨੂੰ ਰੜਕਦੀ ਹੈ। ਇਸ ਨੂੰ ਮੁਲਕ ਦੇ ਬਟਵਾਰੇ ਦੀ ਸਾਜ਼ਿਸ਼ ਦਾ ਅੱਡਾ ਮੰਨਿਆ ਜਾਂਦਾ ਹੈ। ਭਾਰਤ ਨੇ ਮੁੰਬਈ ਵਿਚ ਜਿਨਹਾ ਦੇ ਬੰਗਲੇ ਨੂੰ 'ਐਨੀਮੀ ਪ੍ਰਾਪਰਟੀ' ਭਾਵ ਦੁਸ਼ਮਣ ਦੀ ਸੰਪਤੀ ਐਲਾਨ ਕਰ ਰੱਖਿਆ ਹੈ। ਫ਼ਿਲਹਾਲ ਇਹ ਇਮਾਰਤ ਵਿਰਾਨ ਪਈ ਹੈ। ਸਰਕਾਰ ਦਾ ਇਸ 'ਤੇ ਕਬਜ਼ਾ ਹੈ। ਇਕ ਸਥਾਨਕ ਸਿਆਸਤਦਾਨ ਜੋ ਰਿਅਲ ਅਸਟੇਟ ਦਾ ਧੰਦਾ ਵੀ ਕਰਦਾ ਹੈ, ਉਸ ਨੇ ਜਿਨਹਾ ਦੀ ਕੋਠੀ ਨੂੰ ਢਾਹੁਣ ਦੀ ਮੁਹਿੰਮ ਵਿੱਢੀ ਹੋਈ ਹੈ। ਉਸ ਦਾ ਮੰਨਣਾ ਹੈ, 'ਇਹ ਦੁਸ਼ਮਣ ਦੀ ਸੰਪਤੀ ਹੈ। ਇਸ ਨੂੰ ਬਟਵਾਰੇ ਲਈ ਜ਼ਿੰਮੇਵਾਰ ਜਿਨਹਾ ਨੇ ਬਣਵਾਇਆ ਸੀ। ਬਟਵਾਰੇ ਦੇ ਚਲਦਿਆਂ ਕਾਫ਼ੀ ਖ਼ੂਨ ਖ਼ਰਾਬਾ ਹੋਇਆ। ਇਹ ਇਮਾਰਤ ਉਸ ਤਕਲੀਫ਼ ਦੀ ਯਾਦ ਦਿਵਾਉਂਦੀ ਹੈ। ਇਸ ਲਈ ਇਸ ਨੂੰ ਢਾਹ ਦੇਣਾ ਚਾਹੀਦਾ ਹੈ। ਇਸ ਦੀ ਥਾਂ ਸਭਿਆਚਾਰਕ ਕੇਂਦਰ ਬਣਾਇਆ ਜਾਣਾ ਚਾਹੀਦਾ ਹੈ।'

ਜਿਨਹਾ ਨੂੰ ਮੁੰਬਈ ਸ਼ਹਿਰ ਨਾਲ ਬਹੁਤ ਪਿਆਰ ਸੀ। ਇੰਗਲੈਂਡ ਤੋਂ ਪਰਤ ਕੇ ਉਹ ਇਥੇ ਵਸ ਗਏ ਸਨ। ਆਪਣੀ ਰਿਹਾਇਸ਼ ਲਈ ਉਨ੍ਹਾਂ ਨੇ ਇਹ ਸ਼ਾਨਦਾਰ ਇਮਾਰਤ ਬਣਵਾਈ ਸੀ। ਜਿਨਹਾ ਨੇ ਇਹ ਕੋਠੀ, ਉਸ ਦੌਰ ਦੇ ਯੂਰਪੀ ਬੰਗਲਿਆਂ ਦੀ ਤਰਜ਼ 'ਤੇ ਬਣਵਾਈ ਸੀ। ਇਸ ਬੰਗਲੇ ਦਾ ਨਾਂ ਸਾਊਥ ਕੋਰਟ ਹੈ। ਇਹ ਬੰਗਲਾ ਦੱਖਣੀ ਮੁੰਬਈ ਦੇ ਮਾਲਾਬਾਰ ਹਿਲਸ ਇਲਾਕੇ ਵਿਚ ਹੈ। ਸਮੁੰਦਰ ਨੂੰ ਨਿਹਾਰਦੀ ਇਹ ਇਮਾਰਤ ਬਣਾਉਣ ਵਿਚ ਜਿਨਹਾ ਨੇ 30 ਦੇ ਦਹਾਕੇ ਵਿਚ ਕਰੀਬ 2 ਲੱਖ ਰੁਪਏ ਖ਼ਰਚ ਕੀਤੇ ਸਨ। ਇਸ ਦਾ ਡਿਜ਼ਾਇਨ ਮਸ਼ਹੂਰ ਆਰਕੀਟੈਕਟ ਕਲਾੱਡ ਬੈਟਲੇ ਨੇ ਤਿਆਰ ਕੀਤਾ ਸੀ। ਇਸ ਵਿਚ ਇਟਾਲੀਅਨ ਮਾਰਬਲ ਲੱਗਾ ਹੈ। ਨਾਲ ਹੀ ਲੱਕੜ ਦਾ ਕੰਮ ਵੀ ਬਹੁਤ ਸ਼ਾਨਦਾਰ ਹੋਇਆ ਹੈ। ਇਸ ਕੋਠੀ ਨੂੰ ਜਿਨਹਾ ਨੇ ਆਪਣੇ ਖ਼ੁਆਬ ਦੀ ਇਮਾਰਤ ਵਜੋਂ ਬਣਵਾਇਆ ਸੀ। ਇਸ ਨੂੰ ਬਣਾਉਣ ਲਈ ਖ਼ਾਸ ਤੌਰ 'ਤੇ ਇਟਲੀ ਤੋਂ ਕਾਰੀਗਰ ਸੱਦੇ ਗਏ ਸਨ। ਉਸ ਵਕਤ ਬੈਰਿਸਟਰ ਰਹੇ ਜਿਨਹਾ ਨੇ ਜਿੰਨੇ ਯਤਨ ਤੇ ਲਗਨ ਨਾਲ ਇਹ ਬੰਗਲਾ ਬਣਵਾਇਆ ਸੀ, ਉਸ ਤੋਂ ਸਾਫ਼ ਸੀ ਕਿ ਉਨ੍ਹਾਂ ਦਾ ਇਰਾਦਾ ਮੁੰਬਈ ਵਿਚ ਹੀ ਰਹਿਣ ਦਾ ਸੀ।

ਪਰ ਬਾਅਦ ਵਿਚ ਉਹ ਵਕਾਲਤ ਨਾਲੋਂ ਜ਼ਿਆਦਾ ਸਿਆਸਤ ਵਿਚ ਉਲਝ ਗਏ ਤੇ ਆਖ਼ਰ ਵਿਚ ਮੁਸਲਮਾਨਾਂ ਲਈ ਵੱਖਰਾ ਮੁਲਕ, ਪਾਕਿਸਤਾਨ ਬਣਾਇਆ। ਫਿਰ ਉਹ ਆਪਣੇ ਬਣਾਏ ਵਤਨ ਵਿਚ ਰਹਿਣ ਚਲੇ ਗਏ। ਜਿਨਹਾ ਨੂੰ ਲਗਦਾ ਸੀ ਕਿ ਬਟਵਾਰੇ ਮਗਰੋਂ ਭਾਰਤ ਤੇ ਪਾਕਿਸਤਾਨ ਦੇ ਤਾਲੁੱਕ ਏਨੇ ਚੰਗੇ ਹੋਣਗੇ ਕਿ ਉਹ ਮਨ ਹੋਣ 'ਤੇ ਮੁੰਬਈ ਆ ਕੇ ਕੁਝ ਦਿਨ ਆਪਣੇ ਘਰ ਵਿਚ ਰਹਿ ਸਕਣਗੇ।

**ਨਹਿਰੂ ਦੀ ਰਜ਼ਾਮੰਦੀ**

ਪਰ ਦੋਹਾਂ ਮੁਲਕਾਂ ਵਿਚਾਲੇ ਸਰਹੱਦ ਖਿਚਦਿਆਂ ਹੀ, ਦਿਲਾਂ ਦੀ ਖਾਈ ਆਸਮਾਨ ਨਾਲੋਂ ਵੀ ਉੱਚੀ ਅਤੇ ਸਮੁੰਦਰ ਤੋਂ ਵੀ ਡੂੰਘੀ ਹੋ ਗਈ ਸੀ। ਜਿਨਹਾ ਦਾ ਵਾਪਸ ਆਪਣੇ ਸੁਪਨਿਆਂ ਦੇ ਬੰਗਲੇ ਵਿਚ ਆਉਣ ਦਾ ਖ਼ੁਆਬ ਅਧੂਰਾ ਹੀ ਰਹਿ ਗਿਆ। ਬਟਵਾਰੇ ਮਗਰੋਂ ਜਦੋਂ ਜਿਨਹਾ ਪਾਕਿਸਤਾਨ ਗਏ, ਤਾਂ ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੰਗਲੇ ਨੂੰ ਕਿਸੇ ਯੂਰਪੀ ਨੂੰ ਕਿਰਾਏ 'ਤੇ ਦਰੇ ਦਿੱਤਾ ਜਾਵੇ। ਨਹਿਰੂ ਇਸ ਲਈ ਰਾਜ਼ੀ ਵੀ ਹੋ ਗਏ। ਪਰ ਜਦੋਂ ਤੱਕ ਇਸ ਅਹਿਦ 'ਤੇ ਦਸਤਖ਼ਤ ਹੁੰਦੇ, ਜਿਨਹਾ ਦਾ ਦੇਹਾਂਤ ਹੋ ਗਿਆ। ਉਦੋਂ ਤੋਂ ਹੀ ਇਸ ਸ਼ਾਨਦਾਰ ਕੋਠੀ ਨੂੰ ਲੈ ਕੇ ਭਾਰਤ ਤੇ ਪਾਕਿਸਤਾਨ ਵਿਚਾਲੇ ਖਿਚੋਤਾਣ ਜਾਰੀ ਹੈ। ਜਿਨਹਾ ਦੀ ਧੀ ਦੀਨਾ ਵਾਡੀਆ ਨੇ ਵੀ ਇਸ 'ਤੇ ਆਪਣਾ ਮਾਲਕਾਨਾ ਹੱਕ ਜਤਾਇਆ ਸੀ। ਫ਼ਿਲਹਾਲ ਇਸ 'ਤੇ ਭਾਰਤ ਸਰਕਾਰ ਦਾ ਕਬਜ਼ਾ ਹੈ। ਮੁੰਬਈ ਵਿਚ ਮੁੱਖ ਮੰਤਰੀ ਦੇ ਬੰਗਲੇ ਦੇ ਠੀਕ ਸਾਹਮਣੇ ਖੜ੍ਹੀ ਇਹ ਇਮਾਰਤ ਭਾਰਤ ਤੇ ਪਾਕਿਸਤਾਨ ਦੇ ਬਟਵਾਰੇ ਦੀਆਂ ਅਧੂਰੀਆਂ ਵਿਰਾਸਤਾਂ ਵਿਚੋਂ ਇਕ ਹੈ।

## ਜਿਨਹਾ ਦਾ ਬੰਗਲਾ ਗੰਗਾਜਲ ਨਾਲ ਧਵਾਇਆ ਗਿਆ...

**ਵਿਵੇਕ ਸ਼ੁਕਲਾ**

ਤਰੀਕ ਸੀ 7 ਅਗਸਤ 1947, ਜਿਨਹਾ ਆਪਣੀ ਛੋਟੀ ਭੈਣ ਫ਼ਾਤਿਮਾ ਜਿਨਹਾ ਨਾਲ ਕਰਾਚੀ ਲਈ ਰਵਾਨਾ ਹੋ ਗਏ ਸਨ, ਵਾਇਸਰਾਏ ਲਾਰਡ ਮਾਉਂਟਬੈਟਨ ਦੇ ਜਹਾਜ਼ ਰਾਹੀਂ। ਹਾਲਾਂਕਿ ਮੁੰਬਈ ਜਿਨਹਾ ਦੀ ਪਛਾਣ ਨਾਲ ਜੁੜਿਆ ਹੋਇਆ ਹੈ, ਪਰ ਉਨ੍ਹਾਂ ਨੇ 1940 ਤੋਂ 1947 ਦੌਰਾਨ ਜ਼ਿਆਦਾ ਸਮਾਂ ਦਿੱਲੀ ਵਿਚ ਹੀ ਗੁਜ਼ਾਰਿਆ ਸੀ। ਉਸ ਦਿਨ ਉਨ੍ਹਾਂ ਨੇ ਤਪਦੀ ਗਰਮੀ ਦੇ ਬਾਵਜੂਦ ਸ਼ੇਰਵਾਨੀ ਪਹਿਨੀ ਸੀ ਜਦਕਿ ਆਮ ਤੌਰ 'ਤੇ ਉਹ ਸੂਟ ਪਾਉਂਦੇ ਸਨ। ਏਅਰਪੋਰਟ 'ਤੇ ਉਨ੍ਹਾਂ ਨੂੰ ਵਿਦਾ ਕਰਨ ਲਈ ਕਈ ਲੋਕ ਆਏ ਸਨ, ਜਿਨ੍ਹਾਂ ਵਿਚ ਉਦਯੋਗਪਤੀ ਸੇਠ ਰਾਮ ਕ੍ਰਿਸ਼ਨ ਡਾਲਮੀਆ ਵੀ ਸਨ। ਜਿਨਹਾ 1940 ਤੋਂ ਪਹਿਲਾਂ ਵੀ ਦਿੱਲੀ ਆਉਂਦੇ ਰਹਿੰਦੇ ਸਨ, ਉਦੋਂ ਉਹ ਜਨਪਥ ਦੇ ਇੰਪਰੀਅਲ ਹੋਟਲ ਵਿਚ ਹੀ ਠਹਿਰਦੇ ਸਨ, ਜੋ ਉਨ੍ਹਾਂ ਦੇ ਸ਼ਾਹੀ ਅੰਦਾਜ਼ ਮੁਤਾਬਕ ਸੀ। ਜਿਨਹਾ ਨੇ 1939 ਵਿਚ ਦਿੱਲੀ ਵਿਚ ਆਪਣਾ ਆਸ਼ੀਆਨਾ ਬਣਾਉਣ ਦਾ ਫ਼ੈਸਲਾ ਕਰ ਲਿਆ ਸੀ ਕਿਉਂਕਿ ਹੁਣ ਹੋਟਲਾਂ ਵਿਚ ਰਹਿਣ ਨਾਲ ਗੱਲ ਨਹੀਂ ਬਣਨ ਵਾਲੀ ਸੀ, ਇਸ ਲਈ ਉਨ੍ਹਾਂ ਲਈ ਇਕ ਐਧ ਬੰਗਲੇ ਦੀ ਭਾਲ ਸ਼ੁਰੂ ਹੋ ਗਈ। ਕਾਫ਼ੀ ਭਾਲ ਮਗਰੋਂ 10 ਔਰੰਗਜ਼ੇਬ ਰੋਡ (ਹੁਣ ਏ.ਪੀ.ਜੇ. ਅਬਦੁੱਲ ਕਲਾਮ ਰੋਡ) ਦਾ ਬੰਗਲਾ ਖ਼ਰੀਦਿਆ ਗਿਆ ਜੋ ਕਰੀਬ ਡੇਢ ਏਕੜ ਵਿਚ ਬਣਿਆ ਹੈ, ਇਸ ਦੋ ਮੰਜ਼ਿਲਾ ਬੰਗਲੇ ਦਾ ਡਿਜ਼ਾਈਨ ਏਡਵਰਡ ਲੁਟੀਅਨ ਦੀ ਟੀਮ ਦੇ ਮੈਂਬਰਾਂ ਅਤੇ ਕਨਾਟ ਪਲੇਸ ਦੇ ਡਿਜ਼ਾਇਨਰ ਰਾਬਰਟ ਟੋਰ ਰਸੇਲ ਨੇ ਤਿਆਰ ਕੀਤਾ ਸੀ। ਦਿੱਲੀ ਵਿਚ ਉਨ੍ਹਾਂ ਦੇ ਗੈਰ ਸਿਆਸੀ ਦੋਸਤਾਂ ਵਿਚ ਸਰਦਾਰ ਸੋਭਾ ਸਿੰਘ (ਖੁਸ਼ਵੰਤ ਸਿੰਘ ਦੇ ਪਿਤਾ) ਤੇ ਸੇਠ ਰਾਮ ਕ੍ਰਿਸ਼ਨ ਡਾਲਮੀਆ ਵੀ ਸਨ।

ਡਾਲਮੀਆ ਦੀ ਧੀ ਤੇ 'ਦ ਸੀਕਰੇਟ ਡਾਇਰੀ ਆਫ਼ ਕਸਤੂਰਬਾ' ਦੀ ਲੇਖਿਕਾ ਨੀਲਮਾ ਡਾਲਮੀਆ ਨੇ ਦੱਸਿਆ, 'ਜਿਨਹਾ ਸਿਰਫ਼ ਪੈਸੇ ਤੇ ਇਨਵੈਸਟਮੈਂਟ ਦੀਆਂ ਗੱਲਾਂ ਕਰਦੇ ਸਨ, ਮੇਰੇ ਪਿਤਾ ਸੇਠ ਰਾਮ ਕ੍ਰਿਸ਼ਨ ਡਾਲਮੀਆ ਨਾਲ। ਉਹ ਪੈਸੇ ਦੀ ਪੀਰ ਸਨ। ਦੋਹਾਂ ਵਿਚ ਗੂੜ੍ਹੀ ਦੋਸਤੀ



ਜਿਨਹਾ ਦੇ ਦਿੱਲੀ ਸਥਿਤ ਇਸ ਬੰਗਲੇ ਵਿਚ ਹੁਣ ਨੀਦਰਲੈਂਡ ਦਾ ਦੂਤਾਵਾਸ ਹੈ।



ਮੁਹੰਮਦ ਅਲੀ ਜਿਨਹਾ ਆਪਣੀ ਛੋਟੀ ਭੈਣ ਫ਼ਾਤਿਮਾ ਜਿਨਹਾ ਤੇ ਲਾਰਡ ਮਾਉਂਟਬੈਟਨ ਐਡਵਿਨਾ ਨਾਲ, ਕਰਾਚੀ ਰਵਾਨਾ ਹੋਣ ਤੋਂ ਪਹਿਲਾਂ ਦੀ ਤਸਵੀਰ।

ਸੀ। ਜਿਨਹਾ ਦਾ ਸਾਡੇ ਅਕਬਰ ਰੋਡ ਤੇ ਸਿਕੰਦਰਾ ਰੋਡ ਸਥਿਤ ਬੰਗਲਿਆਂ ਵਿਚ ਆਉਣਾ-ਜਾਣਾ ਵੀ ਆਮ ਤੌਰ 'ਤੇ ਲੱਗਾ ਰਹਿੰਦਾ ਸੀ।'

ਦਿੱਲੀ ਹਮੇਸ਼ਾ ਲਈ ਛੱਡਣ ਤੋਂ ਇਕ ਦਿਨ ਪਹਿਲਾਂ ਡਾਲਮੀਆ ਦੇ ਸਿਕੰਦਰਾ ਰੋਡ ਵਾਲੇ ਬੰਗਲੇ 'ਤੇ ਜਿਨਹਾ ਨੂੰ ਖਾਣੇ 'ਤੇ ਸੱਦਿਆ ਗਿਆ, ਉਨ੍ਹਾਂ ਦੀ ਡੈਂਟਿਸਟ ਭੈਣ ਫ਼ਾਤਿਮਾ ਜਿਨਹਾ ਵੀ ਆਈ, ਰਾਮ ਕ੍ਰਿਸ਼ਨ ਡਾਲਮੀਆ ਦੀ ਪਤਨੀ ਨੰਦਨੀ ਡਾਲਮੀਆ ਵੀ ਮੇਜ਼ਬਾਨੀ ਕਰ ਰਹੀ ਸੀ। ਨੀਲਮਾ ਦੱਸਦੀ ਹੈ, 'ਕਿਉਂਕਿ ਅਗਲੇ ਦਿਨ ਜਿਨਹਾ ਜਾ ਰਹੇ ਸਨ, ਇਸ ਲਈ ਮਾਹੌਲ ਵਿਚ ਉਦਾਸੀ ਵੀ ਸੀ।'

ਪਾਕਿਸਤਾਨ ਜਾਣ ਤੋਂ ਪਹਿਲਾਂ ਜਿਨਹਾ ਨੇ ਆਪਣਾ ਬੰਗਲਾ ਕਰੀਬ ਢਾਈ ਲੱਖ ਰੁਪਏ ਵਿਚ ਡਾਲਮੀਆ ਨੂੰ ਵੇਚ ਦਿੱਤਾ ਸੀ। ਹਾਲਾਂਕਿ ਦੋਵੇਂ ਦੋਸਤ ਸਨ ਫਿਰ ਵੀ ਜਿਨਹਾ ਢਾਈ ਲੱਖ ਰੁਪਏ ਤੋਂ ਘੱਟ 'ਤੇ ਆਪਣਾ ਬੰਗਲਾ ਵੇਚਣ ਲਈ ਤਿਆਰ ਨਹੀਂ ਹੋਏ।

ਖ਼ਰੀਦਣ ਮਗਰੋਂ ਡਾਲਮੀਆ ਨੇ ਬੰਗਲੇ ਨੂੰ ਗੰਗਾਜਲ ਨਾਲ ਧਵਾਇਆ, ਜਿਨਹਾ ਦੇ ਦਿੱਲੀ ਛੱਡਦਿਆਂ ਹੀ ਬੰਗਲੇ ਦੇ ਉਪਰ ਲੱਗੇ ਮੁਸਲਿਮ ਲੀਗ ਦੇ ਝੰਡੇ ਨੂੰ ਉਤਾਰਿਆ ਗਿਆ, ਉਸ ਦੀ ਥਾਂ ਗਊ ਰੱਖਿਅਕ ਅੰਦੋਲਨ ਦਾ ਝੰਡਾ ਲਗਵਾਇਆ ਗਿਆ, ਭਾਵ ਮੁਸਲਮਾਨਾਂ ਦੇ ਇਕ ਨੇਤਾ ਦੇ ਕੱਟੜ ਹਿੰਦੂਵਾਦੀ ਸ਼ਖ਼ਸ ਨਾਲ ਡੂੰਘੀ ਸਾਂਝ ਸੀ।

ਸਨ 1964 ਤਕ ਡਾਲਮੀਆ ਨੇ ਜਿਨਹਾ ਤੋਂ ਖ਼ਰੀਦੇ ਬੰਗਲੇ ਨੂੰ ਆਪਣੇ ਕੋਲ ਰੱਖਿਆ ਤੇ ਫੇਰ ਨੀਦਰਲੈਂਡ ਸਰਕਾਰ ਨੂੰ ਵੇਚ ਦਿੱਤਾ ਸੀ। ਤੇ ਉਦੋਂ ਤੋਂ ਇਸ ਦਾ ਇਸਤੇਮਾਲ ਨੀਦਰਲੈਂਡ ਦੇ ਨਵੀਂ ਦਿੱਲੀ ਵਿਚ ਰਾਜਦੂਤ ਦੇ ਘਰ ਵਜੋਂ ਹੋ ਰਿਹਾ ਹੈ।

ਇਸ ਬੰਗਲੇ ਵਿਚ 5 ਬੈੱਡਰੂਮ, ਵਿਸ਼ਾਲ ਡਰਾਇੰਗ ਰੂਮ, ਮੀਟਿੰਗ ਰੂਮ ਤੇ ਬਾਰ ਵਗੈਰਾ ਹਨ, ਅੱਜ ਇਸ ਦੀ ਕੀਮਤ ਸੈਂਕੜੇ ਕਰੋੜ ਰੁਪਏ ਦੱਸੀ ਜਾਂਦੀ ਹੈ।

## ਪਹਿਲਾ ਭਾਸ਼ਣ : ਨਹਿਰੂ ਤੇ ਜਿਨਹਾ ਵਿਚਾਲੇ ਫ਼ਰਕ

***ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 14 ਅਗਸਤ 1947 ਦੀ ਅੱਧੀ ਰਾਤ ਨੂੰ ਜੋ ਭਾਸ਼ਣ ਦਿੱਤਾ ਸੀ, ਉਸ ਨੂੰ 'ਟ੍ਰਿਸਟ ਵਿਦ ਡੈਸਟਿਨੀ' ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਪਾਕਿਸਤਾਨ ਬਣਨ ਤੋਂ ਕੁਝ ਪਲ ਪਹਿਲਾਂ ਮੁਹੰਮਦ ਅਲੀ ਜਿਨਹਾ ਨੇ ਵੀ ਆਪਣੇ ਦੇਸ਼ਵਾਸੀਆਂ ਨੂੰ ਸੰਬੋਧਨ ਕੀਤਾ ਸੀ।***

**ਜਵਾਹਰ ਲਾਲ ਨਹਿਰੂ...**

'ਅੱਜ ਅਸੀਂ ਮੰਦਭਾਗੇ ਇਕ ਯੁੱਗ ਦਾ ਅੰਤ ਕਰ ਰਹੇ ਹਾਂ ਤੇ ਭਾਰਤ ਮੁੜ ਖ਼ੁਦ ਨੂੰ ਖੋਜ ਰਿਹਾ ਹੈ। ਅੱਜ ਅਸੀਂ ਜਿਸ ਪ੍ਰਾਪਤੀ ਦਾ ਉਤਸਵ ਮਨਾ ਰਹੇ ਹਨ, ਉਹ ਮਹਿਜ਼ ਇਕ ਕਦਮ ਹੈ, ਨਵੇਂ ਮੌਕਿਆਂ ਦੇ ਖੁੱਲਣ ਦਾ। ਇਸ ਨਾਲੋਂ ਵੀ ਵੱਡੀ ਜਿੱਤ ਤੇ ਪ੍ਰਾਪਤੀਆਂ ਸਾਡੀ ਉਡੀਕ ਕਰ ਰਹੀਆਂ ਹਨ। ਭਾਰਤ ਦੀ ਸੇਵਾ ਦਾ ਅਰਥ ਹੈ ਲੱਖਾਂ-ਕਰੋੜਾਂ ਪੀੜਤਾਂ ਦੀ ਸੇਵਾ ਕਰਨਾ। ਇਸ ਦਾ ਅਰਥ ਹੈ-ਗ਼ਰੀਬੀ, ਅਗਿਆਨਤਾ ਤੇ ਮੌਕਿਆਂ ਦੀ ਗੈਰਬਰਾਬਰੀ ਖ਼ਤਮ ਕਰਨਾ। ਸਾਡੀ ਪੀੜ੍ਹੀ ਦੇ ਸਭ ਤੋਂ ਮਹਾਨ ਵਿਅਕਤੀ ਦੀ ਇਹੀ ਇੱਛਾ ਹੈ ਕਿ ਹਰ ਅੱਖ 'ਚੋਂ ਹੰਝੂ ਖ਼ਤਮ ਹੋਵੇ। ਸ਼ਾਇਦ ਇਹ ਸਾਡੇ ਲਈ ਸੰਭਵ ਨਾ ਹੋਵੇ ਪਰ ਜਦੋਂ ਤਕ ਲੋਕਾਂ ਦੇ ਅੱਖਾਂ ਵਿਚ ਹੰਝੂ ਹਨ, ਉਦੋਂ ਤੱਕ ਸਾਡਾ ਕੰਮ ਖ਼ਤਮ ਨਹੀਂ ਹੋਵੇਗਾ। ਅੱਜ ਇਕ ਵਾਰ ਫੇਰ ਵਰ੍ਹਿਆਂ ਦੇ ਸੰਘਰਸ਼ ਮਗਰੋਂ ਭਾਰਤ ਜਾਗ੍ਰਿਤ ਤੇ ਸੁਤੰਤਰ ਹੈ। ਭਵਿੱਖ ਸਾਨੂੰ ਬੁਲਾ ਰਿਹਾ ਹੈ। ਸਾਨੂੰ ਕਿੱਧਰ ਜਾਣਾ ਚਾਹੀਦਾ ਹੈ ਤੇ ਸਾਨੂੰ ਕੀ ਕਰਨਾ ਚਾਹੀਦਾ ਹੈ, ਜਿਸ ਨਾਲ ਅਸੀਂ ਆਮ ਆਦਮੀ, ਕਿਸਾਨਾਂ ਤੇ ਕਾਮਿਆਂ ਲਈ ਆਜ਼ਾਦੀ ਤੇ ਮੌਕਾ ਲਿਆ ਸਕੀਏ। ਅਸੀਂ ਖ਼ੁਸ਼ਹਾਲ ਤੇ ਜਮਹੂਰੀ ਤੇ ਪ੍ਰਗਤੀਸ਼ੀਲ ਮੁਲਕ ਬਣਾ ਸਕੀਏ। ਅਸੀਂ ਅਜਿਹੀਆਂ ਸਮਾਜਿਕ, ਆਰਥਿਕ ਤੇ ਸਿਆਸੀ ਸੰਸਥਾਵਾਂ ਨੂੰ ਬਣਾ ਸਕੀਏ ਜੋ ਹਰ ਆਦਮੀ-ਔਰਤ ਲਈ ਜੀਵਨ ਦੀ ਪੂਰਨਤਾ ਤੇ ਨਿਆਂ ਸੁਨਿਸ਼ਚਿਤ ਕਰ ਸਕੇ। ਕੋਈ ਵੀ ਦੇਸ਼ ਉਦੋਂ ਤੱਕ ਮਹਾਨ ਨਹੀਂ ਬਣ ਸਕਦਾ ਜਦੋਂ ਤੱਕ ਉਸ ਦੇ ਲੋਕਾਂ ਦੀ ਸੋਚ ਜਾਂ ਕਰਮ ਸੌੜੇ ਹੋਣ।'



**ਮੁਹੰਮਦ ਅਲੀ ਜਿਨਹਾ...**

'ਮੈਨੂੰ ਪਤਾ ਹੈ ਕਿ ਕਈ ਲੋਕ ਭਾਰਤ ਦੀ ਵੰਡ-ਪੰਜਾਬ ਤੇ ਬੰਗਾਲ ਦੇ ਬਟਵਾਰੇ ਨਾਲ ਸਹਿਮਤ ਨਹੀਂ ਹਨ। ਪਰ ਹੁਣ ਜਦਕਿ ਇਸ ਦੀ ਸਹਿਮਤੀ ਮਿਲ ਗਈ ਹੈ, ਹੁਣ ਸਾਡਿਆਂ ਦਾ ਫ਼ਰਜ਼ ਹੈ ਕਿ ਜੋ ਸਮਝੌਤਾ ਹੋ ਗਿਆ ਹੈ, ਉਸ ਨੂੰ ਅੰਤਿਮ ਤੇ ਅਟੁੱਟ ਮੰਨੀਏ। ਵੰਡ ਹੋਣੀ ਹੀ ਸੀ। ਇਸ ਬਾਰੇ ਦੋਹਾਂ ਭਾਈਚਾਰਿਆਂ ਦੀ ਚਿੰਤਾ-ਜਿੱਥੇ ਕਿਤੇ ਵੀ ਇਕ ਭਾਈਚਾਰਾ ਬਹੁਮਤ ਵਿਚ ਹੈ ਤੇ ਦੂਸਰਾ ਘੱਟ ਗਿਣਤੀ-ਸਮਝੀ ਜਾ ਸਕਦੀ ਹੈ। ਸਰਕਾਰ ਦਾ ਸਭ ਤੋਂ ਪਹਿਲਾ ਕਰਤੱਵ ਕਾਨੂੰਨ ਵਿਵਸਥਾ ਬਣਾ ਕੇ ਰੱਖਣਾ ਹੈ ਤਾਂ ਕਿ ਦੇਸ਼ਵਾਸੀਆਂ ਦੀ ਸੰਪਤੀ, ਜੀਵਨ ਤੇ ਧਾਰਮਿਕ ਆਸਥਾਵਾਂ ਸੁਰੱਖਿਅਤ ਰੱਖੀਆਂ ਜਾ ਸਕਣ। ਹਿੰਦੁਸਤਾਨ ਤੇ ਪਾਕਿਸਤਾਨ ਦੋਵੇਂ ਪਾਸਿਆਂ ਤੋਂ ਅਜਿਹੇ ਲੋਕ ਹਨ, ਜੋ ਵੰਡ ਨੂੰ ਨਾਪਸੰਦ ਕਰਦੇ ਹਨ। ਮੇਰੀ ਰਾਏ ਵਿਚ ਇਸ ਤੋਂ ਇਲਾਵਾ ਕੋਈ ਹੋਰ ਹੱਲ ਨਹੀਂ ਸੀ। ਮੈਨੂੰ ਉਮੀਦ ਹੈ ਕਿ ਭਵਿੱਖ ਮੇਰੀ ਰਾਏ ਦੇ ਪੱਖ ਵਿਚ ਫੈਸਲਾ ਦੇਵੇਗਾ। ਇਕ ਸਾਂਝੇ ਭਾਰਤ ਦਾ ਵਿਚਾਰ ਕਦੇ ਸਫ਼ਲ ਨਹੀਂ ਹੁੰਦਾ। ਮੇਰੇ ਵਿਚਾਰ ਵਿਚ ਇਸ ਦਾ ਅੰਜਾਮ ਭਿਆਨਕ ਹੁੰਦਾ। ਮੇਰਾ ਖ਼ਿਆਲ ਸਹੀ ਹੈ, ਜਾਂ ਗ਼ਲਤ, ਇਹ ਵਕਤ ਦੱਸੇਗਾ। ਸਮੇਂ ਦੇ ਨਾਲ ਨਾਲ ਹਿੰਦੂ-ਮੁਸਲਮਾਨ, ਘੱਟਗਿਣਤੀ-ਬਹੁਗਿਣਤੀ ਦੇ ਫ਼ਰਕ ਖ਼ਤਮ ਹੋਣਗੇ, ਕਿਉਂਕਿ ਮੁਸਲਮਾਨ ਦੀ ਹੈਸੀਅਤ ਨਾਲ ਤੁਸੀਂ ਪਠਾਨ, ਪੰਜਾਬੀ, ਸ਼ਿਆ ਜਾਂ ਸੁੰਨੀ ਹੋ। ਹਿੰਦੂਆਂ ਵਿਚ ਤੁਸੀਂ ਬ੍ਰਾਹਮਣ, ਖਤਰੀ, ਬੰਗਾਲੀ ਤੇ ਮਦਰਾਸੀ ਹੋ। ਜੇਕਰ ਇਹ ਸਮੱਸਿਆ ਨਹੀਂ ਹੁੰਦੀ ਤਾਂ ਭਾਰਤ ਕਾਫ਼ੀ ਪਹਿਲਾਂ ਆਜ਼ਾਦ ਹੋ ਜਾਂਦਾ। ਤੁਸੀਂ ਦੇਖੋਗੇ ਕਿ ਵਕਤ ਦੇ ਨਾਲ ਦੇਸ਼ ਦੇ ਨਾਗਰਿਕ ਦੀ ਹੈਸੀਅਤ ਨਾਲ ਹਿੰਦੂ, ਹਿੰਦੂ ਨਹੀਂ ਰਹੇਗਾ, ਮੁਸਲਮਾਨ, ਮੁਸਲਮਾਨ ਨਹੀਂ ਰਹੇਗਾ, ਧਾਰਮਿਕ ਪੱਖ ਤੋਂ ਨਹੀਂ ਕਿਉਂਕਿ ਇਹ ਹਰ ਵਿਅਕਤੀ ਦਾ ਨਿੱਜੀ ਇਮਾਨ ਹੈ, ਬਲਕਿ ਸਿਆਸੀ ਹੈਸੀਅਤ ਨਾਲ।'

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲ਼ਫ਼ਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫ਼ੋਨ: 98889-02339, 84271-12339

(ਭਾਗ- 19)

## ਤੇਰੇ ਬਾਈ ਦਾ ਖ਼ਤ

ਸਾਡੇ ਸਕੂਲ ਦੇ ਰਾਹ ਵਿਚ ਗੰਨਿਆਂ ਦੇ ਖੇਤ ਆਉਂਦੇ ਹਨ - ਜਿਨ੍ਹਾਂ ਨੂੰ 'ਸਾਧ ਦੇ ਇੱਖ' ਕਹਿੰਦੇ ਹਨ। ਇੱਖਾਂ ਵਿਚ ਨੂੰ ਰਾਹ ਜਾਂਦਾ ਹੈ - ਪੈਦਲ - ਬੇਲੇ ਨੂੰ - ਆਉਣ ਜਾਣ ਲਈ - ਵਿਚ-ਪਟੇ ਨੂੰ ਹੀ। ਇਹ ਲੋਕਾਂ ਨੇ ਆਪ ਹੀ ਬਣਾਇਆ ਹੋਇਆ ਹੈ। ਉਂਜ ਰੇਤਲੀ ਤੇ ਕੱਲਰ ਵਾਲੀ ਭੋਂਇ ਹੋਣ ਕਰਕੇ ਇਸ ਹਿੱਸੇ ਵਿਚ ਗੰਨੇ ਘਟ ਹੀ ਉੱਗੇ ਹੋਏ ਹਨ - ਤੇ ਕੁਝ ਲਾਂਘੇ ਕਰਕੇ - ਆਸੇ ਪਾਸੇ ਦੇ ਡਿੱਗੇ-ਢਹੇ - ਖ਼ਰਾਬ ਹੋਏ ਪਏ ਹਨ - 'ਆਗਾਂ' ਸਣੇ।

ਸਾਡੇ ਪਿੰਡ ਦੀ ਇਕ ਤੀਵੀਂ ਹੈ - ਉਧਰ ਪਰ੍ਹਾਂ ਪਰਲੇ ਪਾਸੇ ਦੀ - ਰਿਸ਼ਤੇ ਵਿਚ ਖ਼ਬਰਨੀ ਭਾਬੀ ਜਾਂ ਕੁਝ ਹੋਰ ਲਗਦੀ ਹੈ - ਹੁਣ ਸਵਾਰ ਕੇ ਨਹੀਂ ਜਾਣਦੀ ਹਾਂ ਮੈਂ - ਉਸ ਦਾ ਪਤੀ ਫੌਜੀ ਹੈ - ਉਹ 'ਫੌਜਣ' ਕਰਕੇ ਜਾਣੀ ਜਾਂਦੀ ਹੈ ਪਿੰਡ ਵਿਚ -

ਬੀਜੀ ਨੂੰ ਕਹਿ ਉਹ ਅਕਸਰ ਮੈਨੂੰ ਬੁਲਵਾ ਭੇਜਦੀ ਹੈ - 'ਖ਼ਤ ਲਿਖਣ' ਵਾਸਤੇ। ਮੈਨੂੰ ਸੰਵਾਰ ਕੇ ਖ਼ਤ ਲਿਖਣਾ ਨਹੀਂ ਆਉਂਦਾ - ਪਰ ਆਉਣਾ ਚਾਹੀਦਾ ਹੈ - ਉਨ੍ਹਾਂ ਦੇ ਖ਼ਿਆਲ ਵਿਚ - ਚੌਥੀ ਜਮਾਤ ਵਿਚ ਜੁ ਪੜ੍ਹਦੀ ਹਾਂ - ਕੋਈ ਅਨਪੜ੍ਹ ਥੋੜ੍ਹੀ ਆਂ। ਚੌਥੀ ਜਮਾਤ ਪਾਸ ਹੁੰਦਿਆਂ ਹੀ ਮੈਂ 'ਪ੍ਰਾਇਮਰੀ' ਪਾਸ ਹੋ ਜਾਵਾਂਗੀ - ਨਿੱਕੀ ਜਿਹੀ ਗੱਲ ਥੋੜ੍ਹੀ ਹੈ। ਸੋ ਜਿਵੇ ਕਿਵੇਂ ਖ਼ਤ ਲਿਖਣਾ ਹੀ ਹੁੰਦਾ ਹੈ ਮੈਨੂੰ ਤੇ ਲਿਖਦੀ ਵੀ ਹਾਂ ਮੈਂ।

ਉਹ ਜੋ ਜੋ ਲਿਖਵਾਈ ਜਾਂਦੀ ਹੈ, ਮੈਂ ਲਿਖੀ ਜਾਂਦੀ ਹਾਂ, ਵਿਚੇ ਗਲਤ ਮਲਤ। ਉਹ ਤਾਂ ਬਹੁਤ ਕੁਝ ਇਕੋ ਸਾਹ ਬੋਲੀ ਜਾਂਦੀ ਹੈ, ਹਾਸੇ ਰੋਸੇ ਗੁੱਭ-ਗੁਭਾਰ - ਜੋ ਉਹਦੇ ਮਨ ਵਿਚ ਭਰਿਆ ਹੁੰਦਾ ਹੈ ਤੇ ਜਦੋਂ ਯਾਦ ਆਉਂਦਾ ਹੈ ਵਿਚ ਨੂੰ ਪੁੱਛ ਲੈਂਦੀ ਹੈ - "ਲਿਖਤਾ ?" ਮੈਂ ਵੀ "ਹਾਂ, ਹਾਂ" ਕਹੀ ਜਾਂਦੀ ਹਾਂ, ਉਸੇ ਤਰ੍ਹਾਂ - ਭਾਵੇਂ ਲਿਖਿਆ ਜਾਏ ਪੂਰਾ ਭਾਵੇਂ ਨਾ।

ਖ਼ਤ ਲਿਖਣ ਮਗਰੋਂ ਹੁਣ ਉਹ ਮੈਨੂੰ ਪੜ੍ਹ ਕੇ ਸੁਣਾਉਣ ਲਈ ਵੀ ਕਹਿੰਦੀ ਹੈ - ਕੀ ਸੁਣਾਵਾਂ - ਢੰਗ ਨਾਲ ਤਾਂ ਕੁਝ ਵੀ ਨਹੀਂ ਲਿਖਿਆ ਹੁੰਦਾ, ਉਥੇ - ਹੁਣ ਮੈਂ ਮੋਟੇ ਮੋਟੇ, ਰਟੇ ਰਟਾਏ ਵਾਕ ਜੋ ਉਸ ਲਿਖਵਾਏ ਹੁੰਦੇ ਆਪਣੀ ਯਾਦ ਸ਼ਕਤੀ ਦੇ ਜ਼ੋਰ - ਮੂੰਹ ਜੁਬਾਨੀ ਹੀ ਪੜ੍ਹ ਦਿੰਦੀ ਹਾਂ - ਖ਼ਤ ਤੋਂ। ਇੰਜ ਖ਼ਤ ਲਿਖਿਆ ਜਾਂਦਾ ਹੈ - ਤੇ ਖ਼ਤ ਲਿਖੇ ਜਾਂਦੇ ਹਨ - ਇਕ, ਦੋ, ਤਿੰਨ, ਚਾਰ, ਪਤਾ ਨਹੀਂ ਕਿੰਨੀ ਵਾਰ - ਸਿਲਸਿਲਾ ਜਾਰੀ ਰਹਿੰਦਾ ਹੈ -

ਪਰ ਹੁਣ ਖ਼ਤ ਲਿਖਣੇ ਮੈਨੂੰ ਚੰਗੇ ਨਹੀਂ ਲਗਦੇ। ਹਰ ਖ਼ਤ ਵਿਚ ਉਹੀ - ਕੁਝ ਖਾਸ ਗੱਲਾਂ ਗੀਤ, ਬੋਲੀਆਂ, ਛੰਦ - ਲਿਖ ਲਿਖ ਕੇ ਜਾਂ ਸੁਣ ਸੁਣ ਕੇ ਮੈਂ ਅੱਕ ਗਈ ਹਾਂ। ਉਂਜ ਇਹ ਸਭ ਕੁਝ ਮੈਨੂੰ ਚੰਗਾ ਹੀ ਨਹੀਂ ਲਗਦਾ। ਮੈਨੂੰ ਤਾਂ ਉਹ ਤੀਵੀਂ ਵੀ ਹੁਣ ਹੋਰ ਤਰ੍ਹਾਂ ਦੀ ਹੀ ਲੱਗਣ ਲੱਗ ਪਈ ਹੈ - ਇਹ ਐਨੀਆਂ ਗੰਦੀਆਂ ਗੱਲਾਂ ਐਨੇ ਗੰਦੇ ਗੀਤ ਕਿਉਂ ਲਿਖਵਾਉਂਦੀ ਹੈ - ਮੈਂ ਸੋਚਦੀ ਰਹਿੰਦੀ ਹਾਂ - ਅਜੀਬ ਅਜੀਬ ਜਿਹਾ ਹੀ ਕੁਝ। ਜੋ ਸ਼ਾਇਦ ਕੁਝ ਵੀ ਐਨਾ ਬੁਰਾ ਨਾ ਹੋਵੇ ਜਿੰਨਾ ਮੈਨੂੰ ਲਗਦਾ ਹੋਵੇ ਪਰ ਮੈਂ ਸੋਚਦੀ ਰਹਿੰਦੀ ਹਾਂ - ਭਾਪਾ ਜੀ ਦਾ ਖ਼ਤ ਆਉਂਦਾ ਹੈ ਭਾਪਾ ਜੀ ਨੂੰ ਬੀਜੀ ਖ਼ਤ ਲਿਖਾਉਂਦੇ ਹਨ - ਉਸ ਵਿਚ ਤਾਂ ਅਜਿਹਾ ਕੁਝ ਵੀ ਨਹੀਂ ਹੁੰਦਾ, ਬਸ ਹਾਲ ਚਾਲ - ਰਾਜੀ ਖੁਸ਼ੀ। ਫੇਰ ਉਹ ਕਿਉਂ - ਫੇਰ ਮੈਨੂੰ ਹੀ ਕਿਉਂ ਕਹਿੰਦੀ ਹੈ, ਲਿਖਣ ਲਈ ਹੋਰ ਵੀ ਤਾਂ ਹਨ ਨਿਆਣੇ ਕਿਸੀ ਤੋਂ ਲਿਖਵਾ ਲਿਆ ਕਰੇ - ਮੈਂ ਸੋਚਦੀ ਰਹਿੰਦੀ ਹਾਂ। ਮੇਰੇ ਅੰਦਰ ਇਕ ਅਜੀਬ ਜੇਹਾ 'ਡਰ' ਬੈਠ ਗਿਆ ਹੈ - ਕਾਹਦਾ - ਇਹ ਮੈਂ ਵੀ ਨਹੀਂ ਜਾਣਦੀ ਹਾਂ - ਬਸ ਬੀਜੀ ਦੇ ਭੇਜਣ ਤੇ ਮੈਨੂੰ ਜਾਣਾ ਹੀ ਪੈਂਦਾ ਹੈ - ਹੁਕਮ ਮੰਨ ਕੇ, ਜਾਂਦੀ ਵੀ ਹਾਂ - ਭਾਵੇਂ ਅਣਮਨੇ ਨਾਲ ਹੀ।

ਇਕ ਦਿਨ ਪਤਾ ਨਹੀਂ ਕਿਵੇਂ ਤੇ ਕਿਉਂ ਮੈਂ ਆਪਣੀ ਸਹੇਲੀ ਨੂੰ ਇਸ ਖ਼ਤ ਵਿਚਲੀ ਸਾਰੀ ਗੱਲ ਦਸ ਦਿੰਦੀ ਹਾਂ ਤੇ ਹੁਣ ਅਸੀਂ ਇਸ ਕੰਮ ਤੋਂ ਖਹਿੜਾ ਛਡਵਾਉਣ ਬਾਰੇ ਸੋਚਦੀਆਂ ਹਾਂ - ਸਾਨੂੰ ਇਕ ਸ਼ਰਾਰਤ ਸੁਝਦੀ ਹੈ -

ਕਦੀ ਕਦੀ ਖ਼ਤ ਪਾਉਣ ਨੂੰ ਜਦ ਉਸ ਕੋਲ ਲਿਫ਼ਾਫ਼ਾ ਨਹੀਂ ਹੁੰਦਾ, ਉਹ ਮੈਨੂੰ ਪੈਸੇ ਦੇ ਦਿੰਦੀ ਹੈ - ਲਿਫ਼ਾਫ਼ਾ ਖ਼ਰੀਦ ਕੇ 'ਬੇਲੇ' ਡਾਕਖਾਨੇ ਖ਼ਤ ਪਾਉਣ ਵਾਸਤੇ।

ਅੱਜ ਮੈਂ ਇਸ ਤਰ੍ਹਾਂ ਹੀ ਕਰਨਾ ਹੁੰਦਾ ਹੈ ਪਰ 'ਸਾਧ ਦੇ ਇੱਖਾਂ' ਕੋਲ ਆ ਕੇ ਅਸੀਂ (ਬਿਮਲਾ ਤੇ ਮੈਂ) ਫੱਟੀਆਂ ਦੀਆਂ ਨੁਕਰਾਂ ਮਾਰ ਮਾਰ ਰੇਤ ਵਿਚ ਟੋਹਣਾ ਪੁੱਟ, ਖ਼ਤ ਫਾੜ, ਟੁਕੜੇ ਟੁਕੜੇ ਕਰ, ਉਸ ਵਿਚ ਦੱਬ ਦਿੰਦੀਆਂ ਹਾਂ ਤੇ ਪੈਸੇ ਖ਼ਰਚ ਲੈਂਦੀਆਂ ਹਾਂ।

ਕਈ ਦਿਨ ਲੰਘ ਜਾਂਦੇ ਹਨ। ਹੁਣ ਮੈਂ ਉਸ ਔਰਤ ਤੋਂ ਕੰਨੀ ਕਤਰਾਉਣ ਲਗਦੀ ਹਾਂ - ਹਰ ਵੇਲੇ ਅੰਦਰ ਇਕ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਮਿਲ ਨਾ ਜਾਏ।

ਇਕ ਦਿਨ ਚਾਣਚੱਕ ਉਹ ਖੇਤਾਂ ਤੋਂ ਆਉਂਦੀ, ਟੱਕਰਗੀ ਮੂਹਰੇ -

"ਭਾਈ ਮੁੰਨੀ ਖ਼ਾਤ ਪਾ ਤਾ ਸੀ ਉਦਣੇ ?"

"ਕਿਉਂ ? ਹਾਂ।"

"ਤੇਰੇ ਬਾਈ ਦਾ ਖ਼ਤ ਆਇਆ ਕਹਿੰਦਾ ਬਹੁਤ ਚਿਰ ਤੋਂ ਕੋਈ ਖ਼ਤ ਨੀ ਆਇਆ।"

"ਆਪਾਂ ਤਾਂ ਪਾ ਤਾ ਸੀ - ਫੇਰ ਪਤਾ ਨੀ ਕਿਉਂ ਨੀ ਮਿਲਿਆ ਹੋਣਾ।" ਆਖ ਮੈਂ ਇੰਜ ਦੌੜ ਜਾਂਦੀ ਹਾਂ ਜਿਵੇਂ ਬਿਨਾਂ ਪੈਰਾਂ ਦੇ ਚੋਰ।

ਹੁਣ ਬਹੁਤ ਦਿਨ ਲੰਘ ਜਾਂਦੇ ਹਨ, ਉਹ ਖ਼ਤ ਲਿਖਵਾਉਣ ਨੂੰ ਨਹੀਂ ਬਲਾਉਂਦੀ - ਮੈਂ ਮਨ ਹੀ ਮਨ ਬਹੁਤ ਖੁਸ਼ ਹੁੰਦੀ ਹਾਂ ਤੇ ਰੱਬ ਦਾ ਸ਼ੁਕਰ ਮਨਾਉਂਦੀ ਹਾਂ - ਚਲੋ ਜਾਨ ਛੁੱਟ ਗਈ ਜਿਵੇਂ ਬਹੁਤ ਵੱਡੀ ਮੁਸੀਬਤ ਤੋਂ ਬਚ ਗਈ ਹੋਵਾਂ।

ਪਰ ਫੇਰ ਇਕ ਦਿਨ ਅਚਾਨਕ ਬੀਜੀ ਦਾ ਹੁਕਮ ਹੋ ਜਾਂਦਾ ਹੈ ਉਸ ਦੇ ਘਰ ਜਾਣ ਨੂੰ ਤੇ ਖ਼ਤ ਲਿਖ ਕੇ ਆਉਣ ਨੂੰ -

ਹੁਣ ਕੀ - ਹੁਣ ਤਾਂ ਬਿੱਜ ਪੈ ਗਈ ਹੈ - ਮੇਰੇ 'ਤੇ। ਮੈਂ ਜਮ੍ਹਾ ਈ - ਚੁੱਪ ਗੜੁੱਪ ਜਿਵੇਂ ਸੱਪ ਸੁੰਘ ਗਿਆ ਹੋਵੇ - ਨਾ ਹਾਂਅ, ਨਾ ਨਾਂਅ, ਮੈਂ ਟਾਲ ਮਟੋਲ ਕਰਦੀ ਫਿਰੀ ਜਾਵਾਂ ਤੇ ਬੀਜੀ ਮੈਨੂੰ ਜਾਣ ਲਈ ਕਹੀ ਜਾਣ - ਜਿਵੇਂ ਜਿਵੇਂ ਉਨ੍ਹਾਂ ਨੂੰ ਕੰਮ ਕਰਦੇ ਖਿਆਲ ਆਉਂਦਾ - ਕਹਿੰਦੇ - ਜਦੋਂ ਉਨ੍ਹਾਂ ਦੇ ਵਾਰ ਵਾਰ ਕਹਿਣ 'ਤੇ ਵੀ ਮੈਂ ਨਹੀਂ ਜਾਂਦੀ ਤਾਂ ਹੁਣ ਬੀਜੀ ਮੈਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਣ ਲਗਦੇ, ਪੁੱਛਦੇ - ਮੈਂ ਜਾ ਕਿਉਂ ਨਹੀਂ ਰਹੀ। ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ - ਮੇਰੀ ਹਾਲਤ। ਮੈਂ ਜਾਂਦੀ ਹਾਂ ਤਾਂ ਮਰਦੀ ਹਾਂ ਨਹੀਂ ਜਾਂਦੀ ਹਾਂ ਤਾਂ - ਦੱਸ ਤਾਂ ਕੀ - ਡਰੀ ਬੈਠੀ ਹਾਂ। ਡਰ ਵੀ ਤਾਂ ਕਈ ਇਕੱਠੇ ਹੋਏ ਪਏ ਹਨ - ਖ਼ਾਸ ਕਰ ਉਹ ਖ਼ਤ ਫਾੜਨਾ - ਪੈਸੇ ਖ਼ਰਚ ਕਰਨੇ। ਜੇ ਬੀਜੀ ਨੂੰ ਪਤਾ ਲੱਗ ਗਿਆ ਫੇਰ... ਫੇਰ...

ਹੁਣ ਬੀਜੀ ਪੁੱਛਦੇ ਹਨ, ਪਤਿਆਉਂਦੇ ਹਨ। ਮੈਂ ਤਾਂ ਡੁੰਨ-ਵੱਟਾ ਬਣੀ ਬੈਠੀ ਹਾਂ। ਉਚਰ ਹੀ ਨਹੀਂ ਰਹੀਂ ਕੁਝ ਬੂਥੇ ਤੋਂ। ਬੀਜੀ ਦੇ ਮੂੰਹ ਵੱਲ ਝਾਕ ਰਹੀ ਹਾਂ - ਡੈਬਰਿਆ ਵਾਂਗ। ਬੀਜੀ ਭਾਪ ਲੈਂਦੇ ਹਨ - ਜ਼ਰੂਰ ਦਾਲ ਵਿਚ ਕੁਝ ਕਾਲਾ ਹੈ। ਆਖਰ ਨਾ ਜਾਣ ਦਾ ਮਨ ਬਣਾ ਤੇ ਜਾਨ ਛਡਾਉਣ ਲਈ ਮੈਂ ਬੀਜੀ ਨੂੰ ਸ਼ੁਰੂ ਤੋਂ ਅਖੀਰ ਤੱਕ ਸਾਰੀ ਕਹਾਣੀ ਕਹਿ ਦਿੰਦੀ ਹਾਂ- ਗੀਤਾਂ ਬੋਲੀਆਂ ਤੋਂ ਲੈ ਪੈਸੇ ਖਰਚਣ ਤੱਕ ਸਾਰੀ- ਸੱਚੋ ਸੱਚ।

ਪਤਾ ਨਹੀਂ ਬੀਜੀ ਨੂੰ ਕੀ ਚੰਗਾ ਲਗਦਾ ਹੈ ਕੀ ਬੁਰਾ ਉਹ ਮੈਨੂੰ ਕੁਝ ਨਹੀਂ ਕਹਿੰਦੇ - ਇਹ ਅਸੀਂ ਸਾਰੇ ਭੈਣ ਭਰਾ ਜਾਣਦੇ ਹਾਂ। ਸੱਚ ਬੋਲਣ ਤੇ ਬੀਜੀ, ਭਾਪਾ ਜੀ ਸਾਨੂੰ ਕੁਝ ਨਹੀਂ ਕਹਿੰਦੇ ਹਨ ਭਾਵੇਂ ਕਿੱਡੀ ਵੱਡੀ ਗਲਤੀ ਕਿਉਂ ਨਾ ਹੋ ਜਾਏ - ਤੇ ਜੇ ਝੂਠ ਬੋਲੋ - ਝੂਠ ਬੋਲਣ ਤੋਂ ਤਾਂ ਉਹ ਸਦਾ ਹੀ ਰੋਕਦੇ ਰਹਿੰਦੇ ਹਨ ਸਾਨੂੰ ਤੇ ਜਦ ਝੂਠ ਬੋਲਦੇ ਅਸੀਂ ਫੜੇ ਜਾਂਦੇ ਹਾਂ ਤਾਂ ਰੱਜ ਕੇ ਕੁਟਾਪਾ ਚੜ੍ਹਦਾ ਫੇਰ। ਸੋ ਸੱਚ ਬੋਲਣ ਵਿਚ ਹੀ ਭਲਾਈ ਹੈ, ਇਹੋ ਜਾਣ- ਇਹੋ ਕਰਦੇ ਫੇਰ ਅਸੀਂ -ਅੰਤ ਨੂੰ।

ਫੇਰ ਪਤਾ ਨਹੀਂ ਕੀ ਹੁੰਦਾ ਹੈ। ਮੈਂ ਨਹੀਂ ਜਾਣਦੀ ਹਾਂ ਪਰ ਉਸ ਤੋਂ ਬਾਅਦ 'ਉਸ' ਨੇ ਕਦੀ ਮੈਨੂੰ ਖ਼ਤ ਲਿਖਣ ਲਈ ਨਹੀਂ ਬੁਲਾਇਆ। ਉਂਜ ਉਹ ਸਾਡੇ ਘਰ ਉਸੇ ਤਰ੍ਹਾਂ ਆਉਂਦੀ ਰਹਿੰਦੀ ਹੈ - ਹੁਣ ਵੀ - ਜਿਵੇਂ ਪਹਿਲਾਂ - ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ ਪਰ ਹੁਣ ਮੈਂ ਉਸ ਦੇ ਸਾਹਮਣੇ ਹੀ ਨਹੀਂ ਜਾਂਦੀ, ਵਾਹ ਲਗਦੇ। ਜਦੋਂ ਉਹ ਆਉਂਦੀ ਮੈਂ ਬਾਹਰ ਭੱਜ ਜਾਂਦੀ ਹਾਂ - ਜਾਂ ਅੰਦਰ ਹੀ ਲੁਕੀ ਬੈਠੀ ਰਹਿੰਦੀ ਹਾਂ ਪਰ ਸੋਚਦੀ ਰਹਿੰਦੀ ਹਾਂ ਹਰ ਵੇਲੇ - ਹੁਣ ਉਹ ਕੀਹਨੂੰ ਬੁਲਾਉਂਦੀ ਹੋਵੇਗੀ ਖ਼ਤ ਲਿਖਣ ਲਈ। ਉਹੀ ਗੱਲਾਂ ਉਹੀ ਖ਼ਤ ਮੈਂ ਨਾ ਲਿਖਦੀ ਹੋਈ ਵੀ ਲਿਖਦੀ ਰਹਿੰਦੀ ਹਰ ਵੇਲੇ - ਖ਼ਬਰੇ ਹੁਣ ਉਹ ਖ਼ਤ ਪਾਉਂਦੀ ਹੀ ਨਾ ਹੋਵੇ, ਖ਼ਬਰੇ...ਖ਼ਬਰੇ... ਖ਼ਬਰੇ...ਕੀ...ਕੀ...

ਮੈਂ ਆਪਣੇ ਮਨ ਨਾਲ ਹੀ ਮਨੌਤੀਆਂ ਕਰਦੀ ਰਹਿੰਦੀ ਹਰ ਵੇਲੇ - ਜਿਵੇਂ ਉਸ ਕਹਾਣੀ ਨਾਲੋਂ ਟੁੱਟ ਕੇ ਵੀ ਕਦੇ ਨਹੀਂ ਟੁੱਟੀ ਹੋਵਾਂ ਮੈਂ - ਸ਼ਾਇਦ ਅੱਜ ਤੱਕ ਵੀ ਨਹੀਂ...

## ਕਣਕ ਤਾਂ ਭਾਈ

ਕਣਕਾਂ ਪੱਕੀਆਂ ਨੀ - ਵਢਾਈਆਂ ਸ਼ੁਰੂ ਹੋਈਆਂ ਨੀ- ਸਾਡੀ ਕਣਕ ਤਾਂ ਮਾੜੀ ਮੋਟੀ ਜਿਹੜੀ ਹੁੰਦੀ ਹੈ - 'ਨੁਆਣਾ' ਆਲੇ ਖੇਤਾਂ ਵਿਚ ਹੀ ਹੁੰਦੀ ਹੈ।

'ਵਢਾਈ' ਘਰ ਦੇ ਆਦਮੀ ਤੀਵੀਆਂ ਸਭ ਮਿਲ ਕੇ ਕਰਦੇ ਹਨ ਤੇ ਵਢਾਈਆਂ ਦੇ ਦਿਨਾਂ ਵਿਚ ਅਸੀਂ ਵੀ ਚਲੇ ਜਾਂਦੇ ਹਾਂ ਆਪਣੇ ਖੇਤਾਂ ਵਿਚ - ਕੱਖਾਂ ਨੂੰ ਵੀ ਤੇ ਉਂਜ ਵੀ, ਆਨੇ ਬਹਾਨੇ - ਨਾਲੇ ਸਕੂਲਾਂ ਵਿਚ ਵੀ ਤਾਂ ਛੁੱਟੀਆਂ ਹੀ ਹੁੰਦੀਆਂ ਹਨ - "ਵਢਾਈਆਂ ਦੀਆਂ ਛੁੱਟੀਆਂ।"



ਦੁਪਹਿਰਾਂ ਹੋਣ ਤੱਕ ਇਕ 'ਝੱਟ' ਮੁੱਕ ਜਾਂਦੀ ਹੈ। ਘੜੀ ਭਰ ਥੋੜ੍ਹਾ ਅਰਾਮ ਕਰਦੇ ਹਨ ਸਾਰੇ - ਲੱਸੀ ਪਾਣੀ ਪੀਂਦੇ ਹਨ - ਐਧਰ ਖੂਹ 'ਤੇ ਆ - ਤੂਤ ਦੀ ਛਾਵੇਂ।

"ਚੱਲ ਜਿੰਦਰ, ਬੇਲੇ ਤੋਂ ਖ਼ਰਬੂਜ਼ੇ ਲਿਆਈਏ।" ਬੂਆ ਕਹਿੰਦੀ ਹੈ।

ਨੁਆਣਾ ਵਾਲੇ ਸਾਡੇ ਖੇਤ ਉਂਜ ਤਾਂ ਬਜਾਬਤ ਪਿੰਡ ਨਾਲ ਲਗਦੇ ਹਨ ਪਰ ਬੇਲਾ ਵੀ ਐਧਰ ਨੇੜੇ ਹੀ ਪੈਂਦਾ ਹੈ। ਬੂਆ ਕਣਕ ਦੀ ਨਿੱਕੀ ਜਿਹੀ 'ਸੱਥਰੀ' ਚੁੱਕ ਲੈਂਦੀ ਹੈ-

ਕਣਕ ਵੱਟੇ ਅਸੀਂ ਖ਼ਰਬੂਜੇ ਖਰੀਦ ਲੈਂਦੀਆਂ ਹਾਂ। ਇਕ ਇਕ ਖਰਬੂਜਾ - ਮੁੱਕੀ ਮਾਰ 'ਭੰਨ' ਖਾ ਲੈਂਦੀਆਂ ਹਾਂ ਉਥੇ ਹੀ, ਬੈਠ ਕੇ।

ਹੁਣ ਖੇਤ ਪੁੱਜਦੀਆਂ ਹਾਂ।

"ਕਹੇ ਜੇ ਆ ਖਰਬੂਜੇ ? ਮਿੱਠੇ ਵੀ ਲਿਆਈਆਂ ਕਿ ਨਹੀਂ ?" ਤਾਈ ਪੁੱਛਦੀ ਹੈ।

"ਮਿੱਠੇ ਹੀ ਹੋਣਗੇ - ਆਪਾਂ ਕਿਹੜਾ ਖਾ ਕੇ ਦੇਖੇ।" ਮੈਂ ਫਟਾਫਟ ਚਤਰਾਈ ਘੋਟਦੀ ਹਾਂ। "ਅੱਛਾਂ ਤਾਂ ਖਾ ਕੇ ਨਹੀਂ ਦੇਖੇ ?" ਭਾਬੀ ਮੇਰੀ ਗਲ ਤੋਂ ਰਤਾ ਗਰਦਨ ਵਾਲੇ ਪਾਸਿਓਂ ਖ਼ਰਬੂਜੇ ਦਾ ਬੀਜ ਚੁੱਕ ਮੇਰੀ ਤਲੀ 'ਤੇ ਧਰਦੀ ਹੈ- ਆਦਤ ਮੁਜਬ ਮੁਸਕੜੀਆਂ ਹੱਸਦੀ ਹੈ। ਸਾਰੇ ਹੀ ਹੱਸਣ ਲਗ ਜਾਂਦੇ ਹਨ ਤੇ ਬੂਆ ਵੀ। ਮੈਂ ਬੂਆ ਦੇ ਮੂੰਹ ਵੱਲ ਦੇਖਦੀ ਹਾਂ - ਸ਼ਰਮਿੰਦਾ ਹੋਈ - ਜਿਵੇਂ ਮੈਂ ਕਹਿ ਰਹੀ ਹੋਵਾਂ, "ਬੂਆ ਮੈਂ ਨਹੀਂ ਦਸਿਆ, ਇਹ ਤਾਂ ਇਸ ਖਸਮਖਾਣੇ 'ਬੀਜ' ਨੇ ਚੁਗਲੀ ਖਾਧੀ ਹੈ।" - ਮੈਨੂੰ ਤਾਂ ਐਨ ਯਾਦ ਹੈ - ਬੂਆ ਨੇ ਆਉਂਦੇ ਆਉਂਦੇ ਰਾਹ ਵਿਚ ਸਮਝਾਇਆ ਨਾਲੇ ਕਿਹਾ ਸੀ, "ਦੱਸੀਂ ਨਾ ਕਿਸੀ ਨੂੰ ਬਈ, ਅਸੀਂ ਖ਼ਰਬੂਜ਼ੇ ਖਾ ਕੇ ਆਈਆਂ ਹਾਂ।" -ਤੇ ਬੂਆ ਨੂੰ ਹੱਸਦਿਆਂ ਦੇਖ ਹੁਣ ਮੈਂ ਵੀ ਝਿੱਥਾ ਜਿਹਾ ਹਾਸਾ ਹੱਸਣ ਲੱਗਦੀ ਹਾਂ।

ਇੰਜ ਵਢਾਈਆਂ ਨੂੰ ਕਦੇ ਕਦੇ ਖੇਤਾਂ ਵਿਚ ਬੇਰ ਵੀ ਵਿਕਣੇ ਆ ਜਾਂਦੇ ਹਨ- ਗੋਲੂ ਬੇਰ ਤੇ ਲੰਮਚੂ ਵੀ - ਤੀਵੀਆਂ ਆਦਮੀ ਝੋਲੀਆਂ ਭਰੀ ਵੇਚਦੇ ਫਿਰਦੇ ਹਨ- ਕਣਕ ਵੱਟੇ।

ਖੇਤਾਂ ਵਿਚ ਕੰਮ ਕਰਦਿਆਂ ਨੂੰ ਇਹ ਨਿਆਮਤਾ ਵਰਗਾ ਲਗਦਾ ਹੈ - ਸਭੋ ਕੁਝ।

ਉਂਜ ਸਾਡੇ ਘਰਾਂ ਦੇ ਸਾਹਮਣੇ ਵਾਲੇ ਖੇਤਾਂ ਵਿਚ ਜੀਹਨੂੰ "ਸਾਹਮਣਾ" ਕਹਿੰਦੇ ਹਨ ਇੱਥੇ ਵੀ ਕਣਕ ਹੁੰਦੀ ਹੈ ਪਰ 'ਕਲਰ' ਹੋਣ ਕਰਕੇ ਬਹੁਤੀ ਵਧੀਆ ਨਹੀਂ - ਛਿੱਦੀ ਛਿੱਦੀ ਆਮ ਜਿਹੀ। ਕਣਕ ਵੱਢਣ ਪਿੱਛੋਂ ਇੱਥੇ ਹੀ 'ਪਿੜ' ਲਗਦੇ ਹਨ - ਆਪਣੇ ਆਪਣੇ ਪਿੜ - ਕਣਕਾਂ ਦੀਆਂ ਭਰੀਆਂ ਨਾਲ 'ਵਗਲ' ਕਰ ਕਰ ਕੇ।

ਇੱਥੇ 'ਪਰਿਆਂ' ਵਿਚ ਫੇਰ ਸਾਰੀ ਸਾਰੀ ਰਾਤ 'ਗਹਾਈ' ਹੁੰਦੀ ਰਹਿੰਦੀ ਹੈ, 'ਗਾਹ' ਪਾਏ ਜਾਂਦੇ ਹਨ।

ਕੋਠੇ 'ਤੇ ਬੈਠੇ ਅਸੀਂ ਗਈ ਰਾਤ ਤੱਕ ਦੇਖਦੇ ਰਹਿੰਦੇ ਹਾਂ ਇਹ ਨਜ਼ਾਰਾ - ਬੌਲਦਾਂ ਦੇ ਗਲਾਂ ਦੀਆਂ ਟੱਲੀਆਂ, ਘੁੰਗਰਾਲਾ, ਖੜਕਣ ਦੀਆਂ ਆਵਾਜ਼ਾਂ - ਟਿਕੀ ਰਾਤ ਵਿਚ ਗੱਲਾਂ ਕਰਦੇ ਆਦਮੀ - ਕਦੀ ਆਪੋ ਵਿਚ ਕਦੀ ਬਲਦਾਂ ਨਾਲ - ਪਿੜਾਂ ਵਿਚ ਪਈਆਂ ਲਾਲਟੈਣਾਂ ਦੀ ਝਿਲਮਿਲ ਝਿਲਮਿਲ - ਜਿਵੇਂ ਕਿਤੇ ਪੱਟ-ਬੀਜਣਿਆਂ ਨਾਲ ਖਹਿਬੜਖਹਿ ਕਰ ਰਹੀਆਂ ਹੋਣ- ਫੇਰੇ ਵੱਡੀ ਰਾਤ ਤੱਕ ਲੱਗੀ ਰਹਿੰਦੀ ਹੈ- ਆਵਾਜਾਈ ਪਿੜਾਂ ਵੱਲ।

ਰਾਤਾਂ ਨੂੰ 'ਗਹਾਈ' - ਫੇਰ ਜਦ ਦਿਨ ਵੇਲੇ ਤੇਜ਼ ਪੌਣ ਚਲਦੀ ਹੈ - ਉਡਾਈ ਜਾਂਦੀ ਛੱਜਾਂ ਤੰਗਲੀਆਂ ਨਾਲ ਕਣਕ - ਦਾਣੇ, ਘੁੰਡੀਆਂ - ਤੂੜੀ ਵੱਖ ਕਰਨ ਦਾ ਸਿਲਸਿਲਾ ਜਾਰੀ ਰਹਿੰਦਾ ਕਈ ਕਈ ਦਿਨਾਂ ਤੱਕ।

ਬੋਰੇ ਭਰ ਭਰ- ਗੱਠਾਂ ਭਰ ਭਰ - ਗੱਡੇ ਲੱਦ ਲੱਦ - ਪੁੱਜ ਜਾਂਦੀ ਹੈ ਤੂੜੀ- ਕੋਠਿਆਂ ਕੁੱਪਾਂ ਵਿਚ ਸਾਂਭਣ ਨੂੰ ਤੇ ਕਣਕ - ਬੋਰੀਆਂ ਭਰ ਭਰ ਘਰਾਂ ਕੋਠੀਆਂ ਤੇ ਮੰਡੀਆਂ ਵਿਚ।

ਬਾਈ (ਨਾਨਾ ਜੀ) ਅਕਸਰ ਕਹਿੰਦੇ, "ਕਣਕ ਤਾਂ ਭਾਈ 'ਕੋਠੀਆਂ' ਵਿਚ ਆ ਕੇ ਵੀ ਕਈ ਕਈ ਮਹੀਨੇ ਕੰਬਦੀ ਰਹਿੰਦੀ ਹੈ।"

ਇੰਜ ਬਾਈ ਉਦੋਂ ਹੀ ਕਹਿੰਦਾ ਜਦੋਂ ਕਦੀ ਪੱਕੀ ਖੜ੍ਹੀ ਫਸਲ ਤੇ ਜਾਂ ਖੇਤਾਂ ਪਿੜਾਂ ਵਿਚ ਪਈਆਂ ਭਰੀਆਂ 'ਤੇ - ਅਚਾਨਕ ਰੱਬ ਦਾ ਕਹਿਰ ਬਰਸਦਾ- ਗੜ੍ਹੇਮਾਰ ਹੋ ਜਾਂਦੀ - ਮੀਂਹ ਪੈ ਜਾਂਦਾ -ਤੇ ਵਿਚਾਰੇ ਜ਼ਿਮੀਦਾਰ, ਕਿਸਾਨ ਹਾਲ-ਪਾਰਿਆ ਕਰਦੇ ਨਾ ਥੱਕਦੇ। ਗੜੇ-ਮਾਰ ਫਸਲ ਤੇ ਨਾ ਹੁੰਦੀ ਸਗੋਂ ਉਨ੍ਹਾਂ ਦੀ ਸਾਲ ਭਰ ਦੀ ਕਮਾਈ - ਉਨ੍ਹਾਂ ਦੀ ਅੰਤਾਂ ਦੀ ਮਿਹਨਤ ਤੇ ਹੋ ਰਹੀ ਹੁੰਦੀ ਹੋਵੇ ਜਿਵੇਂ - ਪਰ ਕੌਣ ਸਾਹਿਬ ਨੂੰ ਆਖੇ, "ਇੰਜ ਨਹੀਂ ਇੰਜ ਕਰ।"

## ਅੱਗੇ ਦੀਵਾ ਬਲਦਾ ਏ

ਬੱਚੇ ਤੇ ਖੇਡਾਂ ਇੱਕੋ ਸਿੱਕੇ ਦੇ ਦੋ ਪਹਿਲੂ - ਨਾ ਇਨ੍ਹਾਂ ਦਾ ਕੋਈ ਵੱਖਰਾ ਦੇਸ, ਨਾ ਧਰਮ, ਨਾ ਜਾਤ ਪਾਤ, ਨਾ ਕੋਈ ਵੱਡਾ ਪਾੜ - ਬੱਸ ਬੱਚੇ, ਬੱਚੇ ਹਨ, ਖੇਡਾਂ, ਖੇਡਾਂ - ਨਹੁੰ ਮਾਸ ਦਾ ਰਿਸ਼ਤਾ।

ਪਿੰਡ ਅਸੀਂ ਬਹੁਤ ਸਾਰੀਆਂ ਖੇਡਾਂ ਖੇਡਦੇ ਹਾਂ। ਕੁੜੀਆਂ ਮੁੰਡੇ ਮਿਲਕੇ ਵੀ (ਛੋਟੇ ਵੱਡੇ ਸਾਰੇ ਨਿਆਣੇ) - ਤੇ ਅਸੀਂ ਕੁੜੀਆਂ ਇਕੱਲੀਆਂ ਵੀ। ਇਕੱਲੀਆਂ ਤਾਂ ਬਸ ਅਸੀਂ ਗੁੱਡੀ-ਪਟੋਲੇ ਹੀ ਖੇਡਦੀਆਂ ਹਾਂ ਸਾਰੀ ਸਾਰੀ ਦੁਪਹਿਰ - ਡੰਗਰਾਂ ਵਾਲੇ ਕੋਠੇ ਵਿਚ, ਲੁੱਕ ਲੁੱਕ ਕੇ - ਉਂਜ ਅਸੀਂ ਅਕਸਰ ਸੰਝਾਂ ਨੂੰ ਦੇਰ ਰਾਤ ਤੱਕ ਲੁੱਕਣ ਮੀਟੀ, ਪੀਲ ਪਲੰਘੜਾ, ਊਚ ਨੀਚ, ਧੁੱਪ ਛਾਂ, ਦਾਂਈ ਦੱਕੜੇ, ਛੂਹਣ-ਛੁਹਾਈ, ਕੋਕਲਾ-ਛਪਾਕੀ, ਭੰਡਾ ਭੰਡਾਰੀਆ, ਮਾਈ ਮਾਈ ਕੀ ਟੋਲਦੀ, ਡੁੱਗਣ-ਬੀਟੀ, ਗੀਠੇ, ਅਖਰੋਟ ਤੋਂ ਲੈ 'ਬਾਬੇ ਨਾਨਕ ਦਾ ਘਰ' ਟੋਲਣ ਤੱਕ (ਅੱਗੇ ਦੀਵਾ ਬਲਦਾ ਏ, ਚੰਡੋਲ ਪਾਣੀ ਭਰਦਾ ਏ) ਕਿੰਨੀਆਂ ਸਾਰੀਆਂ ਖੇਡਾਂ - ਸਾਡੇ ਮਨੋਰੰਜਨ ਦਾ ਸਾਧਨ ਹੁੰਦੀਆਂ।

ਪਰ ਕੁੜੀਆਂ ਦੀ ਸਭ ਤੋਂ ਪਿਆਰੀ ਖੇਡ ਹੁੰਦੀ ਹੈ ਗੁੱਡੀ-ਪਟੋਲੇ - ਘਰਾਂ ਬਾੜਿਆਂ ਚੁਬਾਰਿਆਂ ਦੇ ਲੁਕਵੇਂ ਕੋਨੇ - ਜਿੱਥੇ ਹੁੰਦੀ ਹੈ ਉਨ੍ਹਾਂ ਦੀ ਇਕ ਵੱਖਰੀ ਦੁਨੀਆਂ। ਗੁੱਡੀ ਪਟੋਲੇ ਤਾਂ ਅਸੀਂ ਬਹੁਤ ਨਿੱਕੇ ਹੁੰਦੇ ਤੋਂ ਖੇਡਦੀਆਂ ਹਾਂ ਲਹੌਰ ਤੋਂ ਹੀ - ਆਪਣੀ ਸਹੇਲੀਆਂ ਰਜ਼ੀਆ, ਮੁਨੀਫ਼ੀਆ ਹੋਰਾਂ ਤੋਂ ਲੈ ਕੇ -

ਪਰ ਇੱਥੇ ਪਿੰਡ ਆ ਜਦੋਂ ਦੁਪਹਿਰਾਂ ਨੂੰ ਸਭ ਸੌਂ ਜਾਂਦੇ ਤਾਂ ਸਾਡੀ ਖੇਡ ਸ਼ੁਰੂ ਹੋ ਜਾਂਦੀ - ਐਧਰ ਬਹਾਲ ਸਿਓਂ ਤਾਇਆ ਜੀ ਹੋਰਾਂ ਦੇ ਡੰਗਰਾਂ ਵਾਲੇ ਕੋਠੇ ਵਿਚ - ਦੁਪਹਿਰਾਂ ਨੂੰ ਅਤਿ ਠੰਢੇ ਕੋਠੇ - ਜਿੱਥੇ ਨਾ ਕਿਸੀ ਦੀ ਰੋਕ ਹੁੰਦੀ ਨਾ ਟੋਕ।

ਦੋ ਦੋ ਟੋਲੇ ਬਣਾ ਅਸੀਂ ਗੁੱਡੇ - ਗੁੱਡੀਆਂ ਦੇ ਵਿਆਹ ਰਚਾਉਂਦੀਆਂ ਹਾਂ - ਸਾਰੇ ਕਾਰਜ-ਸ਼ਗਨ ਕਰਦੀਆਂ ਹਾਂ - ਸ਼ੁਰੂ ਤੋਂ ਅੰਤ ਤੀਕ- ਆਪਣੀ ਸਮਝ ਅਨੁਸਾਰ।

ਘੋੜੀਆਂ ਗੀਤ ਸੁਹਾਗ ਸਿੱਠਣੀਆਂ ਸਭ - ਜੋ ਆਮ ਵਿਆਹਾਂ ਵਿਚ ਦੇਖਦੀਆਂ ਸੁਣੀਦੀਆਂ - ਤੇ ਗਿੱਧਾ ਪਾ ਪਾ ਧਰਤੀ ਪੱਟ ਦਿੰਦੀਆਂ ਸਾਰੀ ਸਾਰੀ ਦਪਹਿਰ - ਨਾ ਅੱਕਦੀਆਂ, ਨਾ ਥੱਕਦੀਆਂ - ਜਦ ਤੱਕ - ਜਦ ਤੱਕ ਹਾਕਾਂ ਮਾਰ ਮਾਰ ਘਰ ਦੇ ਸਾਨੂੰ ਨਾ ਲੈ ਜਾਂਦੇ।

ਪਿੱਪਲ ਦੇ ਪੱਤਿਆਂ ਦੇ ਕੋਕਲੇ ਬਣਾ - ਕੰਨੀ ਪਾਉਂਦੀਆਂ - ਸਜਣ ਲਈ - ਪੈਰਾਂ ਵਿਚ ਕਿੱਕਰਾਂ ਦੇ ਸੁੱਕੇ ਤੁੱਕੇ ਲਿਆ - ਧਾਗਿਆਂ ਨਾਲ ਬੰਨ ਬੰਨ 'ਤੋੜੇ' (ਝਾਂਜਰਾਂ) ਬਣਾਉਂਦੀਆਂ - ਨੱਚਦੀਆਂ - ਛਣਕਦੇ ਤੋੜੇ - ਧਮਾਲਾਂ ਪਾਉਂਦੀਆਂ ਅਸੀਂ, ਸਾਰੀ ਸਾਰੀ ਦੁਪਹਿਰ - ਨਾ ਸੌਂਦੀਆਂ ਨਾ ਆਸੇ ਪਾਸੇ ਹੋਰਾਂ ਨੂੰ ਅਰਾਮ ਕਰਨ ਦਿੰਦੀਆਂ ਭੋਰਾ - ਕਦੀ ਕਦੀ ਤਾਂ ਆ ਧਮਕਦੀ ਹੈ ਅੰਮਾ - ਝਿੜਕਦੀ - ਝੰਬਦੀ ਸੋਟੀ ਲੈ - "ਨਾ - ਕੀ ਧਰਤੀ ਪੱਟਣੀ ਲਈ ਆ ਤੁਸੀਂ - ਸਾਰੀ ਦੁਪਹਿਰ ਨੀ ਟਿਕਣ ਦਿੰਦੀਆਂ" ਤੇ ਸਾਨੂੰ ਉਹਦੀਆਂ ਗੱਲਾਂ ਸੁਣ ਹਾਸੀ ਆਉਂਦੀ ਤਾਂ ਅਸੀਂ ਹੋਰ ਵੀ ਹੱਸ ਹੱਸ ਦੂਹਰੀਆਂ ਚੌਹਰੀਆਂ ਹੁੰਦੀਆਂ, ਅੰਮਾ ਨੂੰ ਵੀ ਘੜੀਸ ਲੈਂਦੀਆਂ ਹਾਂ, "ਆਜਾ ਅੰਮਾ ਤੈਨੂੰ ਵੀ ਨਚਾਈਏ - ਸਾਡੇ ਗੁੱਡੇ ਦਾ ਵਿਆਹ ਹੈ।" ਪਰ ਅੰਮਾ ਝੋਨਾ ਸੰਭਾਲਦੀ ਖ਼ਬਰੇ ਕੀ ਕੀ ਕਹਿੰਦੀ ਮੁੜ ਜਾਂਦੀ ਸਾਨੂੰ ਹਿੜ ਹਿੜ ਕਰਦੀਆਂ ਨੂੰ ਦੇਖ - ਝਿੜਕਾਂ ਦੇਂਦੀ ਦੁਆਂਦੀ - ਖ਼ਬਰਨੀ ਉਹਨੂੰ ਕਦੀ ਇਹ ਅਹਿਸਾਸ ਵੀ ਹੁੰਦਾ ਹੋਊ ਕਿ ਨਾ ਕਿ ਕਦੀ ਉਹ ਵੀ ਨਿਆਣੀ ਹੁੰਦੀ ਹੋਊ - ਸਾਡੇ ਵਰਗੀ ਹੀ ਕਿਤੇ - ਅੰਮਾ ਕੀ, ਇੱਥੇ ਤਾਂ ਕੋਈ ਆ ਜਾਏ ਕੀਹਨੇ ਹਟਣਾ ਹੁੰਦਾ ਹੈ - ਇਹ ਤਾਂ ਹੈ ਦੁਪਹਿਰਾਂ ਦਾ ਰੌਣਕ ਮੇਲਾ - ਜਦੋਂ ਵੀ ਮੌਕਾ ਲਗਦਾ, ਅਸੀਂ ਹੱਥੋਂ ਨਾ ਜਾਣ ਦਿੰਦੀਆਂ।

ਉਧਰ ਚੰਨ - ਚਾਨਣੀਆਂ ਰਾਤਾਂ ਵਿਚ ਤਾਂ ਅੱਧੀ ਅੱਧੀ ਰਾਤ ਤੱਕ ਖੇਡਦੇ ਰਹਿੰਦੇ ਅਸੀਂ ਨਿਆਣੇ, ਊਚ ਨੀਚ ਧੁੱਪ ਛਾਂ, ਕਾਵਾਂ ਰੌਲੀ ਮਚੀ ਰਹਿੰਦੀ ਹੈ ਸਾਡੇ ਐਧਰ ਲੇਡਣ ਬੂਆ ਦੇ ਬਾੜੇ ਵਿਚ - ਕਦ ਖਾਣਾ ਪੀਣਾ ਕਦ ਸੌਣਾ ਹੁੰਦਾ - ਕੌਣ ਜਾਣਦਾ, ਬਸ ਹਾਕਾਂ ਮਾਰ ਮਾਰ ਥੱਕ ਜਾਂਦੇ ਘਰਦੇ ਤੇ ਵਿਚ ਵਿਚ ਨੂੰ ਬੁੜੀਆਂ ਧੂ ਘੜੀਸ ਕਰਦੀਆਂ ਹੀ ਲੈ ਜਾਂਦੀਆਂ ਘਰਾਂ ਨੂੰ - ਖੇਡਦੇ ਨਿਆਣਿਆਂ ਨੂੰ, ਗਾਲ੍ਹਾਂ ਕੱਢਦੀਆਂ ਥੱਪੜ ਠੋਕਦੀਆਂ, ਲਟਾ-ਪੀਂਘ ਕਰਦੀਆਂ ਲਟਾ-ਪੀਂਘ ਹੁੰਦੀਆਂ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

## GIRL WANTED

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

## ਨੈਨੀ/ਬੇਬੀ ਸਿਟਰ ਦੀ ਜ਼ਰੂਰਤ

ਦੋ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਇੱਕ ਔਰਤ ਦੀ ਜ਼ਰੂਰਤ ਹੈ। ਰਿਹਾਇਸ਼ ਤੇ ਖਾਣਾ ਪੀਣਾ ਮੁਫਤ ਹੋਏਗਾ। ਲੋੜਵੰਦ ਸੱਜਣ ਇਸ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹਨ। +1 (612) 849-5258

## Seeking a Nanny/Babysitter

Wanted a Nanny for two small kids. Job included free accomodation and meals. Those interested can Call : 1 (612) 849-5258

## Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279


## 13ਵਾਂ ਵਿਸ਼ਵ ਕਬੱਡੀ ਕੱਪ 17 ਸਤੰਬਰ ਐਤਵਾਰ ਨੂੰ

ਉਹ ਇਸ ਨਿਯਮ ਦਾ ਖਾਸ ਖਿਆਲ ਰੱਖਣ। ਕਬੱਡੀ ਦੇ ਅੰਤਰਰਾਸ਼ਟਰੀ ਨਿਯਮਾਂ ਨੂੰ ਲਾਗੂ ਕਰਨ ਲਈ ਕਲੱਬ ਵਚਨਬੱਧ ਹੈ ਫਿਰ ਵੀ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਯੂਨਾਈਟਡ ਸਪੋਰਟਸ ਕਲੱਬ ਨੂੰ ਹੀ ਹੋਵੇਗਾ।

ਸ. ਅਮੋਲਕ ਸਿੰਘ ਗਾਖਲ ਨੇ ਇਸ ਕਬੱਡੀ ਕੱਪ 'ਚ ਸਹਿਯੋਗ ਦੇਣ ਲਈ ਆਪਣੇ ਸਪਾਂਸਰਾਂ ਅਤੇ ਕਬੱਡੀ ਦੇ ਹਮਦਰਦ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਤਿਹਾਸ ਰਚਣ ਜਾ ਰਿਹਾ ਇਹ ਵਿਸ਼ਵ ਕਬੱਡੀ ਕੱਪ ਉਨ੍ਹਾਂ ਦੇ ਸਹਿਯੋਗ ਨਾਲ ਹੀ ਕਬੱਡੀ ਖੇਤਰ ਦਾ ਇਕ ਅਹਿਮ ਹਿੱਸਾ ਬਣੇਗਾ। ਉਨ੍ਹਾਂ ਕਿਹਾ ਇਸ ਖੇਡ ਮੇਲੇ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਇਸ ਵਾਰ ਦਰਸ਼ਕਾਂ ਸਮੇਤ ਕਿਸੇ ਨੂੰ ਵੀ ਕੋਈ ਅਸੁਵਿਧਾ ਨਾ ਹੋਵੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ, ਸਾਰਾ ਦਿਨ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਜਾਂਦਾ ਰਹੇਗਾ। ਯੂਨੀਅਨ ਸਿਟੀ ਦੇ ਰਾਜਾ ਸਵੀਟਸ ਵਿਖੇ ਹੋਈ ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਇਨ੍ਹਾਂ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਅਤੇ ਸਮੂਹ ਕਲੱਬਾਂ ਅਤੇ ਖਿਡਾਰੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੀ ਹਾਜ਼ਰੀ ਸਵੇਰੇ 9:00 ਵਜੇ ਯਕੀਨੀ ਬਣਾਉਣ ਤਾਂ ਕਿ ਉਹਨਾਂ ਦੀ ਟੀਮਾਂ ਮਾਰਚ ਪਾਸਟ ਵਿਚ ਹਿੱਸਾ ਲੈ ਸਕਣ।

ਸ. ਇਕਬਾਲ ਸਿੰਘ ਗਾਖਲ ਨੇ ਦੱਸਿਆ ਕਿ ਬਾਹਰੋਂ ਆਉਣ ਵਾਲੇ ਵਿਸ਼ੇਸ਼ ਮਹਿਮਾਨਾਂ ਅਤੇ ਇਸ ਖੇਡ ਮੇਲੇ ਦੇ ਸਮਰੱਥਕਾਂ ਅਤੇ ਸਹਿਯੋਗੀਆਂ ਦੇ ਸਵਾਗਤ ਲਈ ਇਕ ਵੱਖਰੀ ਕਮੇਟੀ ਬਾਣਈ ਗਈ ਹੈ। ਉਨ੍ਹਾਂ ਨੇ ਇਕ ਵਾਰ ਫਿਰ ਦਰਸ਼ਕਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਉਹ ਆਪਣੇ ਰੁਝੇਵਿਆਂ ਭਰੇ ਜੀਵਨ ਵਿਚੋਂ ਇਹ 17 ਸਤੰਬਰ ਦਾ ਦਿਨ ਮਾਂ ਖੇਡ ਕਬੱਡੀ ਦੇ ਲੇਖੇ ਲਾਉਣ ਤਾਂ ਕਿ ਪੰਜਾਬੀਆਂ ਦੀ ਪਛਾਣ ਵਾਲੀ ਇਸ ਖੇਡ ਨੂੰ ਦੁਨੀਆਂ ਭਰ ਵਿਚ ਹੋਰ ਮਾਣ ਸਤਿਕਾਰ ਦੁਆਇਆ ਜਾ ਸਕੇ।

ਰਾਜਵਿੰਦਰ ਰੰਡਿਆਲਾ, ਇਕਬਾਲ ਗਾਲਿਬ, ਮੱਖਣ ਅਲੀ, ਸੁਰਜੀਤ ਕਕਰਾਲਾ, ਯੋਧਵੀਰ ਸਿੰਘ ਅਤੇ ਆਸ਼ਾ ਸ਼ਰਮਾ ਕੁਮੈਂਟਰੀ ਦੀ ਸੇਵਾ ਨਿਭਾਉਣਗੇ। ਵਿਸ਼ਵ ਕਬੱਡੀ ਕੱਪ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਚੇਅਰਮੈਨ ਸ੍ਰ. ਮੱਖਣ ਸਿੰਘ ਬੈਂਸ ਨਾਲ ਫੋਨ ਨੰਬਰ 510-715-1619 ਜਾਂ ਮੀਡੀਆ ਇੰਚਾਰਜ ਐੱਸ ਅਸ਼ੋਕ ਭੌਰਾ ਨਾਲ 510-415-3315 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੇ ਕਾਤਲਾਂ ਦੀ ਸੂਹ ਲਾਉਣ ਲਈ ਕਰਨਾਟਕ ਸਰਕਾਰ ਵੱਲੋਂ 'ਸਿਟ' ਕਾਇਮ

ਐਡੀਸ਼ਨ, 'ਸੰਡੇ' ਰਸਾਲੇ ਅਤੇ ਇਕ ਤੇਲਗੂ ਟੈਲੀਵਿਜ਼ਨ ਚੈਨਲ ਨਾਲ ਕੰਮ ਕਰਨ ਮਗਰੋਂ ਗੌਰੀ ਨੇ ਆਪਣੇ ਪਿਤਾ ਪੀ ਲੰਕੇਸ਼ ਤੋਂ 'ਲੰਕੇਸ਼ ਪੱਤ੍ਰਿਕੇ' ਦਾ ਜ਼ਿੰਮਾ ਸੰਭਾਲਿਆ ਸੀ। ਪਰਿਵਾਰਕ ਵਿਵਾਦ ਮਗਰੋਂ ਉਸ ਨੇ 2005 ਵਿੱਚ ਆਪਣਾ ਪਰਚਾ 'ਗੌਰੀ ਲੰਕੇਸ਼ ਪੱਤ੍ਰਿਕੇ' ਕੱਢਿਆ ਸੀ।

ਇਸ ਦੌਰਾਨ ਸਿਆਸੀ ਪਾਰਟੀਆਂ ਨੇ ਗੌਰੀ ਲੰਕੇਸ਼ ਦੇ ਕਤਲ ਦੀ ਨਿਖੇਧੀ ਕੀਤੀ ਹੈ। ਕਾਂਗਰਸ ਨੇ ਇਸ ਨੂੰ ਵਧਦੀ ਅਸਹਿਣਸ਼ੀਲਤਾ ਦਾ ਦੁਹਰਾਅ ਦੱਸਿਆ, ਜਦੋਂ ਕਿ ਭਾਜਪਾ ਨੇ ਮੁਲਜ਼ਮਾਂ ਨੂੰ ਸਜ਼ਾ ਦੇਣ ਲਈ ਤੇਜ਼ ਜਾਂਚ ਦੀ ਮੰਗ ਕੀਤੀ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਕਿ ਪਾਰਟੀ ਤਰਕਸ਼ੀਲਾਂ, ਚਿੰਤਕਾਂ, ਪੱਤਰਕਾਰਾਂ ਤੇ ਹੋਰ ਮੀਡੀਆ ਕਰਮਚਾਰੀਆਂ ਨਾਲ ਖੜ੍ਹੀ ਹੈ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਜਿਹੜਾ ਵੀ ਭਾਜਪਾ ਤੇ ਆਰਐਸਐਸ ਦੀ ਵਿਚਾਰਧਾਰਾ ਖ਼ਿਲਾਫ਼ ਬੋਲਦਾ ਹੈ, ਉਸ 'ਤੇ ਦਬਾਅ ਪਾਇਆ ਜਾਂਦਾ ਹੈ। ਨਾ ਮੰਨਣ ਉਤੇ ਕਤਲ ਕਰ ਦਿੱਤਾ ਜਾਂਦਾ ਹੈ। ਇਸ ਦੌਰਾਨ ਚੰਡੀਗੜ੍ਹ ਤੋਂ ਜਾਰੀ ਪ੍ਰੈੱਸ ਬਿਆਨ ਵਿੱਚ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਸੂਬਾਈ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਗੌਰੀ ਲੰਕੇਸ਼ ਦੇ ਕਤਲ ਦੀ ਸਖ਼ਤ ਨਿਖੇਧੀ ਕੀਤੀ।

## ਕਿਉਂ ਹੋਈ ਗੌਰੀ ਲੰਕੇਸ਼ ਦੀ ਹੱਤਿਆ ?

ਖਰਾਪਣ ਪ੍ਰਦਾਨ ਕਰਦਾ ਹੈ, ਇਸੇ ਲਈ ਇਸ ਦਾ ਵਿਰੋਧ ਹੁੰਦਾ ਹੈ ਤੇ ਉਸ ਨੂੰ ਲੋੜ ਪੈਣ 'ਤੇ ਤਾਕਤ ਨਾਲ ਖੇਰੂੰ-ਖੇਰੂੰ ਕਰ ਕੇ ਰੱਖ ਦਿੱਤਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਜਦੋਂ ਇੰਨੇ ਮਸ਼ਹੂਰ ਤੇ ਚਕਾਚੌਂਧ ਵਾਲੇ ਜਾਣੇ-ਪਛਾਣੇ ਚਿਹਰੇ ਅਖੌਤੀ ਰਾਸ਼ਟਰੀ ਟੈਲੀਵਿਜ਼ਨ 'ਤੇ ਕਾਬੂ ਵਿੱਚ ਆ ਸਕਦੇ ਹਨ ਜਾਂ ਉਨ੍ਹਾਂ ਦੀ ਮਾਨਸਿਕਤਾ ਤਬਦੀਲ ਹੋ ਸਕਦੀ ਹੈ, ਤਾਂ ਇਹ ਕਿਹੜੀ ਮਾਮੂਲੀ ਜਿਹੀ ਔਰਤ ਹੈ, ਜਿਹੜੀ ਲੀਹ 'ਤੇ ਨਹੀਂ ਆ ਰਹੀ। ਜੇ ਉਹ ਨਵੇਂ ਭਾਰਤ ਦੀ ਆੜ ਹੇਠ ਹੋਣ ਵਾਲੀ ਮੌਜੂਦਾ ਮਹਾਨ ਰਾਸ਼ਟਰੀ ਪੁਨਰ-ਜਾਗ੍ਰਿਤੀ ਅਤੇ ਯਾਦਗਾਰੀ ਤਰੱਕੀ ਦੀ ਸ਼ਲਾਘਾ ਕਰਨ ਤੋਂ ਇਨਕਾਰ ਕਰ ਦਿੰਦੀ ਹੈ, ਤਦ ਉਸ ਨੂੰ ਤਾਂ ਫਿਰ ਚੁੱਪ ਕਰਵਾਉਣਾ ਹੀ ਹੋਇਆ।

ਇਹ ਜਾਣਿਆ-ਪਛਾਣਿਆ ਤੱਤ ਹੈ। ਚੁੱਪ ਕਰਵਾਉਣ ਤੇ ਕਾਬੂ ਹੇਠ ਲਿਆਉਣ ਦੀ ਇਹ ਪ੍ਰਕਿਰਿਆ ਮੱਧਕਾਲ ਵਿੱਚ ਵੀ ਜ਼ੋਰਾਵਰਾਂ ਤੇ ਸੱਤਾਧਾਰੀਆਂ ਵੱਲੋਂ ਵਰਤੀ ਜਾਂਦੀ ਸੀ। ਹੈਨਰੀ-ਦੋਇਮ ਨੇ ਵੀ ਉੱਚੀ ਆਵਾਜ਼ ਵਿੱਚ ਇਹ ਆਖਿਆ ਸੀ 'ਕੀ ਇਸ ਤਬਾਹਕੁਨ ਪਾਦਰੀ ਤੋਂ ਕੋਈ ਮੇਰਾ ਖਹਿੜਾ ਛੁਡਾਏਗਾ ?' ਅਤੇ ਤਦ ਕੁਝ ਵਫ਼ਾਦਾਰਾਂ ਨੇ ਉਸ ਉਲੰਘਣਾਕਾਰ ਪਾਦਰੀ ਭਾਵ ਕੈਂਟਰਬਰੀ ਦੇ ਆਰਚਬਿਸ਼ਪ ਨੂੰ ਸਦਾ ਲਈ ਚੁੱਪ ਕਰਵਾ ਦਿੱਤਾ ਸੀ। ਉਹ ਘਟਨਾ 1170 ਈਸਵੀ ਦੀ ਹੈ। ਉਦੋਂ ਤੋਂ ਬਾਅਦ ਗ਼ਦਰ ਮਚਾਉਣ ਵਾਲੇ ਇਸ ਜਾਂ ਉਸ ਪਾਦਰੀ ਨੂੰ ਖ਼ਾਮੋਸ਼ ਕਰਨ ਦਾ ਵਿਧੀ-ਵਿਧਾਨ ਮਾਂਜਿਆ-ਸੰਵਾਰਿਆ ਜਾਣਾ ਜਾਰੀ ਹੈ।

ਆਧੁਨਿਕ ਯੁੱਗ ਵਿੱਚ, ਤਾਨਾਸ਼ਾਹ ਨੇ ਆਮ ਜਨਤਾ ਨੂੰ ਆਪਣੇ ਹੱਕ ਵਿੱਚ ਇਸ ਤਰੀਕੇ ਭੜਕਾ ਦਿੱਤਾ ਹੈ ਕਿ ਤਾਂ ਜੋ ਲੋਕਾਂ ਦੇ 'ਦੁਸ਼ਮਣ' ਦਾ ਜਾਂ 'ਤਰੱਕੀ' ਦੇ 'ਦੁਸ਼ਮਣ' ਦਾ ਖ਼ਾਤਮਾ ਕੀਤਾ ਜਾ ਸਕੇ। ਅਤੇ ਹੁਣ, ਇਸ ਡਿਜੀਟਲ ਜੁੱਗ ਵਿੱਚ, ਘੁਸਪੈਠ ਕਰਨ ਵਾਲੀ ਨਵੀਂ ਤਕਨਾਲੋਜੀ ਨੇ ਨਵੇਂ ਭਾਰਤ ਦੇ ਪ੍ਰਭੂਆਂ ਨੂੰ ਅਜਿਹਾ ਬਲਸ਼ਾਹੀ ਬਣਾ ਦਿੱਤਾ ਹੈ ਕਿ ਉਹ ਦੂਰ-ਦੁਰਾਡੇ ਦੀਆਂ ਘਟਨਾਵਾਂ ਨੂੰ ਅਤੇ ਵਿਅਕਤੀਆਂ ਨੂੰ ਆਪਣੇ ਕਾਬੂ ਹੇਠ ਰੱਖਣ ਲਈ ਇਸ ਦੀ ਖੁੱਲ੍ਹ ਕੇ ਵਰਤੋਂ ਕਰਨ ਲੱਗ ਪਏ ਹਨ। ਅਜਿਹੇ ਆਲਮ ਵਿੱਚ ਗੌਰੀ ਲੰਕੇਸ਼ ਵਰਗੀਆਂ ਮਲੂਕ ਆਵਾਜ਼ਾਂ ਨੂੰ ਤਾਂ ਵਿਰੋਧ ਪ੍ਰਗਟਾਉਣ ਦੀ ਇਜਾਜ਼ਤ ਦਿੱਤੀ ਹੀ ਨਹੀਂ ਜਾ ਸਕਦੀ। ਇਸੇ ਲਈ ਉਸ ਨੂੰ ਤਾਂ ਮਰਨਾ ਹੀ ਪੈਣਾ ਸੀ।

('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)

## ਸੀਨੀਅਰ ਅਤੇ ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ

ਹੈ। ਉਨ੍ਹਾ ਕਿਹਾ ਕਿ ਅਮਰੀਕਾ 'ਤੇ ਸਮੁੱਚਾ ਪੰਜਾਬੀ ਪੱਤਰਕਾਰ ਭਾਈਚਾਰਾ ਗੌਰੀ ਲੰਕੇਸ਼ ਦੀ ਇਸ ਹੱਤਿਆ ਦਾ ਰੱਜ ਕੇ ਵਿਰੋਧ ਅਤੇ ਨਿੰਦਾ ਕਰਦਾ ਹੈ। ਪੱਤਰਕਾਰ ਐੱਸ ਅਸ਼ੋਕ ਭੌਰਾ ਨੇ ਕਿਹਾ ਕਿ ਨਰਿੰਦਰ ਗਾਵੋਲਕਰ, ਗੋਵਿੰਦ ਪੰਸਾਰੇ, ਐਮ ਐਨ ਕੁਲਵਰਗੀ ਅਤੇ ਰਾਮ ਚੰਦਰ ਛਤਰਪਤੀ ਤੋਂ ਬਾਅਦ ਗੌਰੀ ਲੰਕੇਸ਼ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣੀ ਤਾਂ ਚਿੰਤਾ ਪੈਦਾ ਹੀ ਕਰਦੀ ਹੈ ਸਗੋਂ ਕਾਤਲਾਂ ਨੂੰ ਸਖਤ ਸਜ਼ਾਵਾਂ ਨਾ ਦੇਣੀਆਂ ਤੇ ਉਹਨਾਂ ਦਾ ਸ਼ਰੇਆਮ ਘੁੰਮਣਾ ਤੇ ਸ਼ੋਸ਼ਲ ਮੀਡੀਏ ਤੇ ਗੈਰਇਖ਼ਲਾਕੀ ਸ਼ਬਦਾਂ ਨਾਲ ਇਸ ਕਤਲ ਦੀ ਖਿੱਲੀ ਉਡਾਉਣਾ ਆਉਣ ਵਾਲੇ ਸਮੇਂ ਵਿਚ ਪੱਤਰਕਾਰਾਂ ਨੂੰ ਦਲੇਰੀ ਨਾਲ ਕੰਮ ਕਰਨ ਦੇ ਰਸਤੇ ਵਿਚ ਵੱਡਾ ਰੋੜਾ ਬਣੇਗਾ ਅਤੇ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਕਾਤਲਾਂ ਨੂੰ ਗ੍ਰਿਫਤਾਰ ਕਰਕੇ ਕਟਿਹਰੇ 'ਚ ਨੰਗਾ ਕਰੇ ਤਾਂ ਜੋ ਪੱਤਰਕਾਰਾਂ ਅੰਦਰ ਪੈਦਾ ਹੋ ਰਹੀ ਅਸੁਰੱਖਿਆ ਭਾਵਨਾ ਨੂੰ ਖਤਮ ਕਰਨ ਦਾ ਮਹੌਲ ਸਿਰਜਿਆ ਜਾ ਸਕੇ। ਸੱਚ ਦੀ ਆਵਾਜ਼ ਨੂੰ ਦਬਾਉਣਾ ਲਕਰਾਜ ਦਾ ਘਾਣ ਕਰਨ ਦੇ ਬਰਾਬਰ ਹੀ ਹੁੰਦਾ ਹੈ। ਇਸ ਸ਼ੋਕ ਸਭਾ ਨੂੰ ਸੰਤੋਸ਼ ਐਡਾਗੁਲਾ, ਜਸਵੰਤ ਸਿੰਘ ਹੋਠੀ, ਬਲਵੀਰ ਸਿੰਘ ਐੱਮ ਏ, ਡਾ. ਜਗਵਿੰਦਰ ਸਿੰਘ ਅਤੇ ਡਾ. ਇਕਵਿੰਦਰ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ। ਗੌਰੀ ਲੰਕੇਸ਼ ਦੀ ਤਸਵੀਰ ਅੱਗੇ ਮੋਮਬੱਤੀਆਂ ਜਗਾ ਕੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਇਸ ਸ਼ੋਕ ਸਭਾ ਦੇ ਮਾਧਿਅਮ ਤੋਂ ਭਾਰਤ ਸਰਕਾਰ ਨੂੰ ਚੁਕੰਨਿਆਂ ਹੋਣ ਦੀ ਅਪੀਲ ਵੀ ਕੀਤੀ। ਹੱਥਾਂ ਵਿਚ ਫੜੇ ਹੋਏ ਬੈਨਰਾਂ ਤੇ 'ਪ੍ਰੈੱਸ ਅਤੇ ਵਿਚਾਰਾਂ ਦੀ ਆਜ਼ਾਦੀ ਤੇ ਹਮਲੇ ਬੰਦ ਕਰੋ' ਇਕ ਤਰ੍ਹਾਂ ਨਾਲ ਇਹੋ ਸੰਕੇਤ ਸੀ। ਇਸ ਸਭਾ ਵਿਚ ਮਨਜਿੰਦਰ ਸੰਧੂ, ਤੇਜਪਾਲ ਸਿੰਘ, ਅਨਵੇਗਾਂਤਰ, ਹਰਮਿੰਦਰ ਸਿੰਘ, ਪ੍ਰਭਾਤ ਸ਼ਰਮਾ, ਮਾਇਆ ਵਿਸ਼ਕਰਮਾ, ਸੁਖਮੀਤ ਕੌਰ, ਸਵਾਬੀ ਜੇਰਾਨ, ਰਮਨਪਾਲ ਸਿੰਘ, ਪ੍ਰੀਤਮ ਚੱਕਰਵਰਤੀ, ਰਾਜਵੰਤ ਕੌਰ, ਪ੍ਰਮਿੰਦਰ ਸਿੰਘ, ਮਿੱਕੀ ਸਰਾਂ, ਮਨਵੀਰ ਭੌਰਾ, ਸੁਖਵਿੰਦਰ ਸਿੰਘ, ਬਲਜੀਤ ਸਿੰਘ, ਸਿਮਰਜੋਤ ਸਿੰਘ, ਮਹਿੰਗਾ ਸਿੰਘ, ਅਮਰਜੀਤ ਸਿੰਘ ਜੌਹਲ, ਰਵਿੰਦਰ ਸਿੰਘ, ਅਵਤਾਰ ਸਿੰਘ ਮਿਸ਼ਨਰੀ, ਹਰਸਿਮਰਤ ਕੌਰ ਖਾਲਸਾ, ਗੁਰਮੀਤ ਸਿੰਘ ਬਰਸਾਲ, ਜਗਮੋਹਨ ਕੌਰ ਗਿੱਲ, ਅਨਮੋਲ ਭੌਰਾ, ਹਰਬੰਸ ਸਿੰਘ ਅਤੇ ਹੋਰਨਾਂ ਨੇ ਸ਼ਮੂਲੀਅਤ ਕਰਕੇ ਗੌਰੀ ਲੰਕੇਸ਼ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

## ਦਰਿਆਈ ਪਾਣੀਆਂ ਦੇ ਹੱਲ ਲਈ 6 ਹਫਤਿਆਂ ਦਾ ਸਮਾਂ

ਰੱਦ ਕਰ ਦਿੱਤੇ ਸਨ। ਉਧਰ ਸੁਪਰੀਮ ਕੋਰਟ ਨੇ 2002 ਵਿੱਚ ਫ਼ੈਸਲਾ ਦਿੱਤਾ ਸੀ ਕਿ ਪੰਜਾਬ ਨੂੰ ਨਹਿਰ ਦੀ ਉਸਾਰੀ ਸਬੰਧੀ ਆਪਣੇ ਵਾਅਦੇ ਪੂਰੇ ਕਰਨੇ ਚਾਹੀਦੇ ਹਨ।

**ਹਰਿਆਣਾ ਵਲੋਂ ਕਾਨੂੰਨੀ ਤੇ ਸਿਆਸੀ ਰਣਨੀਤੀ**

ਚੰਡੀਗੜ੍ਹ: ਐਸਵਾਈਐਲ ਮਾਮਲੇ ਦਾ ਦੋਸਤਾਨਾ ਹੱਲ ਕੱਢਣ ਲਈ ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਛੇ ਹਫ਼ਤਿਆਂ ਦਾ ਸਮਾਂ ਦਿੱਤੇ ਜਾਣ ਤੋਂ ਬਾਅਦ ਹਰਿਆਣਾ ਸਰਕਾਰ ਨੇ ਮਾਮਲਾ ਆਪਣੇ ਪੱਖ ਵਿੱਚ ਕਰਨ ਲਈ ਦੋਵੇਂ ਕਾਨੂੰਨੀ ਤੇ ਸਿਆਸੀ ਦਾਅ ਮਾਰਨ ਲਈ ਦੋ-ਪੱਖੀ ਰਣਨੀਤੀ ਘੜੀ ਹੈ। ਹਰਿਆਣਾ ਦੀ ਭਾਜਪਾ ਸਰਕਾਰ ਕੇਂਦਰ ਵਿੱਚ ਵੀ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਦਾ ਹੋਣਾ ਆਪਣੇ ਫ਼ਾਇਦੇ ਵਾਲੇ ਗੱਲ ਸਮਝ ਰਹੀ ਹੈ। ਹਰਿਆਣਾ ਵੱਲੋਂ ਸੁਪਰੀਮ ਕੋਰਟ ਵਿੱਚ ਪਹਿਲਾਂ ਹੀ ਮਾਮਲਾ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਨਾਲ ਹੀ ਹਰਿਆਣਾ ਵੱਲੋਂ ਪੰਜਾਬ ਉਤੇ ਕੇਂਦਰ ਤੋਂ ਦਬਾਅ ਪਵਾਉਣ ਵਿੱਚ ਵੀ ਕੋਈ ਕਸਰ ਨਹੀਂ ਛੱਡੀ ਜਾ ਰਹੀ। ਇਸੇ ਸਿਆਸੀ ਰਣਨੀਤੀ ਤਹਿਤ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਆਪਣੇ ਸੀਨੀਅਰ ਮੰਤਰੀਆਂ ਸਣੇ ਸੁਪਰੀਮ ਕੋਰਟ ਵਿੱਚ ਅੱਜ ਦੀ ਸੁਣਵਾਈ ਤੋਂ ਪਹਿਲਾਂ ਕੇਂਦਰੀ ਪਾਣੀ ਵਸੀਲਾ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ ਸੀ।

## ਦਰਿਆਈ ਪਾਣੀਆਂ ਦੇ ਹੱਲ ਲਈ 6 ਹਫਤਿਆਂ ਦਾ ਸਮਾਂ

ਪੱਧਰ 'ਚ ਲਗਾਤਾਰ ਗਿਰਾਵਟ ਆਉਂਦੀ ਜਾ ਰਹੀ ਹੈ। ਪੰਜਾਬ 'ਚ ਹਰ ਸਾਲ ਜ਼ਮੀਨੀ ਪਾਣੀ ਦਾ ਪੱਧਰ 12 ਐਮਏਐਫ ਘੱਟ ਰਿਹਾ ਹੈ ਜਿਸ ਕਾਰਨ ਸੂਬੇ ਕੋਲ ਐਸਵਾਈਐਲ ਰਾਹੀਂ ਹੋਰ ਸੂਬਿਆਂ ਨੂੰ ਦੇਣ ਲਈ ਫਾਲਤੂ ਪਾਣੀ ਨਹੀਂ ਹੈ। ਖੇਤੀ ਲਈ 52 ਐਮਏਐਫ ਪਾਣੀ ਦੀ ਲੋੜ ਹੈ ਪਰ ਦਰਿਆਵਾਂ ਤੋਂ ਸਿਰਫ਼ 27 ਫ਼ੀਸਦੀ ਪਾਣੀ ਹੀ ਮਿਲ ਰਿਹਾ ਹੈ।

ਜ਼ਿਕਰਯੋਗ ਹੈ ਕਿ ਜੁਲਾਈ 'ਚ ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੂੰ ਜਾਣਕਾਰੀ ਦਿੱਤੀ ਗਈ ਸੀ ਕਿ ਐਸਵਾਈਐਲ ਮੁੱਦੇ ਦੇ ਹੱਲ ਲਈ ਪ੍ਰਧਾਨ ਮੰਤਰੀ ਵੱਲੋਂ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨਾਲ ਬੈਠਕਾਂ ਕੀਤੀਆਂ ਜਾਣਗੀਆਂ। ਇਹ ਬੈਠਕ ਨਹੀਂ ਹੋਈ ਪਰ ਪੰਜਾਬ ਅਤੇ ਹਰਿਆਣਾ ਦੇ ਅਧਿਕਾਰੀਆਂ ਨੇ ਜ਼ਰੂਰ ਕੁਝ ਬੈਠਕਾਂ ਕੀਤੀਆਂ ਹਨ। ਸੂਤਰਾਂ ਨੇ ਕਿਹਾ ਕਿ ਸ਼ਾਹਪੁਰ ਕੰਡੀ ਬੈਰਾਜ ਪ੍ਰਾਜੈਕਟ 'ਚ ਦਖ਼ਲ ਦੇ ਕੇ ਇਸ ਨੂੰ ਸਿਰੇ ਚੜ੍ਹਾਉਣ ਕਰਕੇ ਕੇਂਦਰ ਨੂੰ ਜਾਪਦਾ ਹੈ ਕਿ ਐਸਵਾਈਐਲ ਮਾਮਲੇ ਨੂੰ ਵੀ ਸੁਲਝਾਇਆ ਜਾ ਸਕਦਾ ਹੈ।

## ਪਿੰਡ ਸੱਦਾ 'ਚ ਗੁਰਦੁਆਰੇ ਦੀ ਪ੍ਰਧਾਨਗੀ ਨੂੰ ਲੈ ਕੇ ਚੱਲੀਆਂ ਡਾਂਗਾਂ; 7 ਜਣੇ ਜ਼ਖ਼ਮੀ, ਪੱਗਾਂ ਲੱਥੀਆਂ

ਵਿਚ ਗਾਲੀ ਗਲੋਚ ਤੋਂ ਬਾਅਦ ਘਸੁੰਨ-ਮੁੱਕੀ ਅਤੇ ਤਲਵਾਰਾਂ ਚੱਲ ਗਈਆਂ। ਪੁਲੀਸ ਮੌਕੇ 'ਤੇ ਮੌਜੂਦ ਨਾ ਹੁੰਦੀ ਤਾਂ ਕਾਫ਼ੀ ਖ਼ੂਨ ਖ਼ਰਾਬਾ ਹੋ ਸਕਦਾ ਸੀ। ਇਸ ਝੜਪ ਵਿਚ ਇਕ ਧੜੇ ਦੇ ਪ੍ਰੀਤਮ ਸਿੰਘ, ਬਲਵੰਤ ਸਿੰਘ, ਸ਼ਿੰਗਾਰਾ ਸਿੰਘ, ਸੁਖਜਿੰਦਰ ਸਿੰਘ ਤੇ ਪ੍ਰਵੀਨ ਕੌਰ ਜ਼ਖ਼ਮੀ ਹੋਏ ਹਨ ਜਦੋਂ ਕਿ ਦੂਜੇ ਧੜੇ ਦੇ ਚੰਦ ਸਿੰਘ, ਇੰਦਰਜੀਤ ਸਿੰਘ ਤੇ ਗੁਰਪ੍ਰੀਤ ਸਿੰਘ (ਜੋ ਇੱਕ ਧੜੇ ਵੱਲੋਂ ਪ੍ਰਧਾਨ ਚੁਣਿਆ ਹੋਇਆ ਹੈ) ਫੱਟੜ ਹੋਇਆ ਹੈ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਗੁਰਦੁਆਰੇ ਦੀ ਪੁਰਾਣੀ ਪ੍ਰਬੰਧਕ ਕਮੇਟੀ ਆਗੂ ਵੱਲੋਂ ਸੇਵਾ ਛੱਡਣ ਦਾ ਹੋਕਾ ਦਿਵਾਏ ਜਾਣ ਬਾਅਦ ਪਿੰਡ ਦੋ ਧੜਿਆਂ ਵਿਚ ਵੰਡਿਆ ਗਿਆ। ਦੋਵਾਂ ਧਿਰਾਂ ਨੇ ਆਪੋ ਆਪਣੀ ਪ੍ਰਬੰਧਕ ਕਮੇਟੀ ਬਣਾ ਲਈ ਤੇ 23 ਜੁਲਾਈ ਨੂੰ ਦੋਵਾਂ ਧਿਰਾਂ ਨੇ ਗੋਲਕ ਨੂੰ ਤਾਲੇ ਲਗਾ ਦਿੱਤੇ। ਪੁਰਾਣੀ ਕਮੇਟੀ ਆਗੂ ਗੁਰਭੇਜ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨਾਲ ਜੁੜੇ ਕੁਝ ਗਰਮ ਖ਼ਿਆਲੀ ਪਿੰਡ ਦਾ ਮਾਹੌਲ ਖ਼ਰਾਬ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪਿੰਡ ਦੀ ਸੰਗਤ ਤੇ ਹੋਰ ਮੋਹਤਬਰਾਂ ਨੇ ਨਵੀਂ ਕਮੇਟੀ ਪ੍ਰਧਾਨ ਗੁਰਪ੍ਰੀਤ ਸਿੰਘ ਨੂੰ ਰੱਦ ਕਰ ਦਿੱਤਾ ਹੈ, ਪਰ ਉਹ ਪ੍ਰਧਾਨਗੀ ਲਈ ਬਜ਼ਿੱਦ ਹੈ। ਨਵੀਂ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਿਚ ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀਆਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਸਨ ਤੇ ਚੋਣਾਂ ਵਿੱਚ 'ਆਪ' ਦੀ ਮਦਦ ਕੀਤੀ ਸੀ। ਇਸ ਬਾਅਦ ਇਹ ਫ਼ੈਸਲਾ ਹੋਇਆ ਕਿ ਖਜ਼ਾਨਚੀ ਤੇ ਮੀਤ ਪ੍ਰਧਾਨਗੀ ਦਾ ਅਹੁਦਾ ਪੁਰਾਣੀ ਕਮੇਟੀ ਜਦੋਂ ਕਿ ਪ੍ਰਧਾਨ ਤੇ ਸੈਕਟਰੀ ਨਵੀਂ ਕਮੇਟੀ ਦਾ ਹੋਵੇਗਾ। ਇਸ ਬਾਅਦ ਕਮੇਟੀ ਦੀ ਚੋਣ ਕਰ ਲਈ ਸੀ, ਪਰ ਪਿੰਡ ਦੇ ਕੁਝ ਲੋਕ ਬਿਨਾਂ ਕਾਰਨ ਮੁੱਦੇ ਨੂੰ ਉਛਾਲ ਰਹੇ ਹਨ।

## ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸਮਰਪਿਤ ਗੈਲਰੀ ਦਾ ਉਦਘਾਟਨ

ਭੇਟ ਕੀਤੀ ਜਾਵੇਗੀ। ਇਸ ਮੌਕੇ ਸਾਬਕਾ ਥਲ ਸੈਨਾ ਮੁਖੀ ਜਨਰਲ ਜੇ.ਜੇ ਸਿੰਘ, ਬਰਤਾਨੀਆ ਰਾਇਲ ਆਰਮੀ ਦੇ ਅਧਿਕਾਰੀ ਡੁਨਕੈਨ ਕੈਂਪਸ, ਸਾਰਾਗੜ੍ਹੀ ਫਾਉਂਡੇਸ਼ਨ ਦੇ ਚੇਅਰਮੈਨ ਗੁਰਿੰਦਰਪਾਲ ਸਿੰਘ ਜੋਸਨ ਤੇ ਹੋਰਾਂ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਰਾਗੜ੍ਹੀ ਫਾਊਂਡੇਸ਼ਨ ਦੇ ਚੇਅਰਮੈਨ ਗੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਹੁਣ ਤੱਕ 21 ਸਿੱਖ ਸ਼ਹੀਦਾਂ ਵਿੱਚੋਂ 19 ਸ਼ਹੀਦਾਂ ਦੇ ਪਰਿਵਾਰਾਂ ਬਾਰੇ ਪਤਾ ਲੱਗ ਚੁੱਕਾ ਹੈ ਅਤੇ ਦੋ ਪਰਿਵਾਰ ਪਾਕਿਸਤਾਨ ਵਿੱਚ ਹਨ, ਜਿਨ੍ਹਾਂ ਦਾ ਪਤਾ ਲਾਉਣ ਲਈ ਯਤਨ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਾਰਾਗੜ੍ਹੀ ਜੰਗ ਨੂੰ ਉਭਾਰਨ ਸਬੰਧੀ ਇਹ ਮਿਸ਼ਨ ਉਨ੍ਹਾਂ 1995 ਵਿੱਚ ਸ਼ੁਰੂ ਕੀਤਾ ਸੀ। ਇਸ ਮੌਕੇ ਇਕ ਕਿਤਾਬ ਵੀ ਜਾਰੀ ਕੀਤੀ ਗਈ। ਸ਼ਹੀਦ ਸਿੱਖ ਫੌਜੀਆਂ ਈਸ਼ਰ ਸਿੰਘ, ਚੰਦਾ ਸਿੰਘ, ਬਖਤੌਰ ਸਿੰਘ, ਲਾਲ ਸਿੰਘ, ਗੁਰਮੁਖ ਸਿੰਘ, ਨੰਦ ਸਿੰਘ ਅਤੇ ਹੀਰਾ ਸਿੰਘ ਦੇ ਪਰਿਵਾਰਾਂ ਦੇ ਜੀਅ ਇੱਥੇ ਹਾਜ਼ਰ ਸਨ।

## ਕੈਪਟਨ ਹਕੂਮਤ ਦੇ ਪਹਿਲੇ ਵਿਧਾਨ ਸਭਾ ਸੈਸ਼ਨ 'ਚੋਂ 35 ਵਿਧਾਇਕਾਂ ਨੇ ਵੱਟੀ ਰੱਖੀ ਚੁੱਪ

ਬਰਾੜ, ਸੁਖਜੀਤ ਸਿੰਘ ਧਰਮਕੋਟ, ਜੋਗਿੰਦਰਪਾਲ, ਅਮਿਤ ਵਿੱਜ, ਰਾਜਿੰਦਰ ਸਿੰਘ ਸਮਾਣਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਜੇਇੰਦਰ ਸਿੰਗਲਾ, ਰਮਨਜੀਤ ਸਿੰਘ ਸਹੋਤਾ ਤੇ ਡਾ. ਧਰਮਬੀਰ ਅਗਨੀਹੋਤਰੀ ਸ਼ਾਮਲ ਹਨ।

ਕਾਮਰੇਡ ਹਰਦੇਵ ਅਰਸ਼ੀ ਦਾ ਪ੍ਰਤੀਕਰਮ ਸੀ ਕਿ ਹੁਣ ਸਿਆਸਤ ਸੇਵਾ ਨਹੀਂ, ਵਪਾਰ ਬਣ ਗਈ ਹੈ। ਇਸ ਦਾ ਪਤਾ ਇੱਥੋਂ ਲੱਗਦਾ ਹੈ ਕਿ 35 ਵਿਧਾਇਕਾਂ ਨੇ ਸੈਸ਼ਨ ਦੌਰਾਨ ਕੋਈ ਸੁਆਲ ਹੀ ਨਹੀਂ ਕੀਤਾ। ਉਨ੍ਹਾਂ ਆਖਿਆ ਕਿ ਲੋਕ ਨੁਮਾਇੰਦੇ, ਲੋਕਾਂ ਪ੍ਰਤੀ ਜੁਆਬਦੇਹੀ ਤੋਂ ਭੱਜਣ ਲੱਗੇ ਹਨ ਅਤੇ ਹੁਣ ਪੁਰਾਣੇ ਆਗੂ ਵੀ ਨਵੇਂ ਵਿਧਾਇਕਾਂ ਨੂੰ ਸੈਸ਼ਨ ਬਾਰੇ ਗਿਆਨ ਦੇਣ ਦੀ ਖੇਚਲ ਨਹੀਂ ਕਰਦੇ।

## ਭਾਰਤ ਨੂੰ ਵੰਡ ਰਹੀ ਹੈ ਨਫ਼ਰਤ ਦੀ ਸਿਆਸਤ : ਰਾਹੁਲ ਗਾਂਧੀ

ਪੀ.ਡੀ.ਪੀ. ਅੱਗੇ ਰਹੀ ਹੈ ਪਰ ਜਿਸ ਦਿਨ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੀ.ਡੀ.ਪੀ. ਨਾਲ ਗਠਜੋੜ ਕੀਤਾ, ਉਨ੍ਹਾਂ ਨੇ ਪੀ.ਡੀ.ਪੀ. ਨੂੰ ਤਬਾਹ ਕਰ ਦਿੱਤਾ। ਮੋਦੀ ਨੇ ਘਾਟੀ ਵਿਚ ਅਤਿਵਾਦੀਆਂ ਲਈ ਜਗ੍ਹਾ ਫੇਰ ਤੋਂ ਪੈਦਾ ਕਰ ਦਿੱਤੀ। ਹੁਣ ਤੁਸੀਂ ਦੇਖ ਸਕਦੇ ਹੋ ਕਿ ਕਸ਼ਮੀਰ ਦਾ ਕੀ ਹਾਲ ਹੈ ਤੇ ਉਥੇ ਕਿਵੇਂ ਹਿੰਸਾ ਵਧ ਗਈ ਹੈ। ਰਾਹੁਲ ਨੇ ਕਿਹਾ, "ਮੈਂ, ਡਾ. ਮਨਮੋਹਨ ਸਿੰਘ, ਪੀ. ਚਿਦੰਬਰਮ ਤੇ ਜੈਰਾਮ ਰਮੇਸ਼ ਨੇ ਮਿਲ ਕੇ ਜੰਮੂ-ਕਸ਼ਮੀਰ 'ਤੇ ਕੰਮ ਕੀਤਾ ਸੀ। 2013 ਵਿਚ ਮੈਂ ਮਨਮੋਹਨ ਸਿੰਘ ਨੂੰ ਗਲ ਲਾ ਕੇ ਕਿਹਾ ਕਿ ਤੁਹਾਡੀ ਸਭ ਤੋਂ ਵੱਡੀ ਸਫ਼ਲਤਾ ਕਸ਼ਮੀਰ ਵਿਚ ਅਤਿਵਾਦ ਨੂੰ ਘੱਟ ਕਰਨਾ ਹੈ। ਅਸੀਂ ਕਸ਼ਮੀਰ 'ਤੇ ਵੱਡੇ ਵੱਡੇ ਭਾਸ਼ਣ ਨਹੀਂ ਦਿੱਤੇ।"

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਆਰਥਿਕ ਨੀਤੀਆਂ ਦੀ ਸਖ਼ਤ ਆਲੋਚਨਾ ਕਰਦੇ ਹੋਏ ਸਰਕਾਰ ਦੇ ਨੋਟਬੰਦੀ ਦੇ ਫ਼ੈਸਲੇ ਨੂੰ ਆਪਣੇ ਪੈਰਾਂ 'ਤੇ ਕੁਹਾੜੀ ਮਾਰਨਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਨੋਟਬੰਦੀ ਵਰਗੇ ਖ਼ਤਰਨਾਕ ਫ਼ੈਸਲੇ ਤੇ ਜਲਦਬਾਜ਼ੀ ਵਿਚ ਲਾਗੂ ਕੀਤੀ ਗਈ ਜੀ.ਐਸ.ਟੀ. ਵਿਵਸਥਾ ਭਾਰਤੀ ਅਰਥਵਿਵਸਥਾ ਲਈ ਭਾਰੀ ਨੁਕਸਾਨ ਦਾ ਕਾਰਨ ਬਣੇ ਹਨ। ਉਨ੍ਹਾਂ ਨੇ ਭਾਰਤ ਨੇ ਮਨੁੱਖੀ ਬਦਲਾਅ ਦੀ ਬਿਹਤਰ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ ਹੈ। ਸਾਡੀ ਸਫ਼ਲਤਾ ਵਿਸ਼ਵ ਨੂੰ ਪ੍ਰਭਾਵਤ ਕਰਦੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਰਫ਼ਤਾਰ ਨੂੰ ਨਫ਼ਰਤ, ਨਾਰਾਜ਼ਗੀ ਤੇ ਹਿੰਸਾ ਖ਼ਤਮ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ 8 ਨਵੰਬਰ ਨੂੰ ਨੋਟਬੰਦੀ ਦਾ ਫ਼ੈਸਲਾ ਮੁੱਖ ਆਰਥਿਕ ਸਲਾਹਕਾਰ ਜਾਂ ਸੰਸਦ ਦੀ ਸਲਾਹ ਤੋਂ ਬਿਨਾਂ ਲਿਆ ਗਿਆ। ਇਸ ਨਾਲ ਅਰਥਵਿਵਸਥਾ ਨੂੰ ਕਾਫ਼ੀ ਨੁਕਸਾਨ ਹੋਇਆ। ਉਨ੍ਹਾਂ ਦੋਸ਼ ਲਾਇਆ ਕਿ ਨੋਟਬੰਦੀ ਦੀ ਦੇਸ਼ ਨੂੰ ਭਾਰੀ ਕੀਮਤ ਚੁਕਾਉਣੀ ਪਈ ਹੈ।

ਰਾਹੁਲ ਨੇ ਕਿਹਾ, ਭਾਰਤ ਦੇ ਬੇਮਿਸਾਲ ਗਿਆਨ ਨੂੰ ਨਜ਼ਰਅੰਦਾਜ਼ ਕਰਕੇ ਇਸ ਤਰ੍ਹਾਂ ਦਾ ਫ਼ੈਸਲਾ ਲੈਣਾ ਗੈਰ-ਜ਼ਿੰਮੇਵਾਰਾਨਾ ਤੇ ਖ਼ਤਰਨਾਕ ਸੀ।' ਉਨ੍ਹਾਂ ਕਿਹਾ ਕਿ ਭਾਰਤ ਵਿਚ ਹਰ ਰੋਜ਼ 30 ਹਜ਼ਾਰ ਨਵੇਂ ਨੌਜਵਾਨ ਕਿਰਤ ਮੰਡੀ ਵਿਚ ਪਹੁੰਚ ਰਹੇ ਹਨ ਜਦਕਿ ਸਰਕਾਰ ਪ੍ਰਤੀ ਦਿਨ ਦੇ ਹਿਸਾਬ ਨਾਲ ਰੁਜ਼ਗਾਰ ਦੇ ਮਹਿਜ਼ 500 ਮੌਕੇ ਮੁਹੱਈਆ ਕਰਵਾ ਰਹੀ ਹੈ। ਆਰਥਿਕ ਵਾਧੇ ਵਿਚ ਗਿਰਾਵਟ ਨਾਲ ਅੱਜ ਦੇਸ਼ ਦੇ ਲੋਕਾਂ ਵਿਚ ਗੁੱਸਾ ਵੱਧ ਰਿਹਾ ਹੈ।

ਗਾਂਧੀ ਨੇ ਮੋਦੀ ਸਰਕਾਰ 'ਤੇ ਨੋਟਬੰਦੀ ਰਾਹੀਂ ਲੱਖਾਂ ਲੋਕਾਂ ਨੂੰ ਤਬਾਹ ਕਰਨ ਦਾ ਦੋਸ਼ ਵੀ ਲਾਇਆ। ਨੋਟਬੰਦੀ ਦੇ ਸਿੱਟੇ ਵਜੋਂ ਲੱਖਾਂ ਛੋਟੇ ਕਾਰੋਬਾਰ ਤਬਾਹ ਹੋ ਗਏ। ਕਿਸਾਨ ਤੇ ਹੋਰ ਲੋਕ ਜੋ ਨਕਦੀ ਦਾ ਇਸਤੇਮਾਲ ਕਰਦੇ ਹਨ, ਬੁਰੀ ਤਰ੍ਹਾਂ ਪ੍ਰਭਾਵਤ ਹੋਏ। ਖੇਤੀ ਬੁਰੀ ਹਾਲਤ ਵਿਚ ਹੈ ਤੇ ਦੇਸ਼ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵੱਧ ਰਹੀਆਂ ਹਨ। ਹਾਲਾਂਕਿ ਵਿਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਸੀ ਕਿ ਨੋਟਬੰਦੀ ਦਾ ਸਿੱਟਾ ਅਨੁਮਾਨ ਮੁਤਾਬਕ ਹੀ ਰਿਹਾ ਤੇ ਇਸ ਨਾਲ ਅਰਥਵਿਵਸਥਾ ਨੂੰ ਮੱਧਮ ਤੇ ਹੌਲੀ ਸਮੇਂ ਵਿਚ ਲਾਭ ਹੋਵੇਗਾ। ਜੇਤਲੀ ਦਾ ਇਹ ਬਿਆਨ ਉਦੋਂ ਆਇਆ ਜਦੋਂ ਰਿਜ਼ਰਵ ਬੈਂਕ ਨੇ ਕਿਹਾ ਕਿ ਬੰਦ ਨੋਟਾਂ ਵਿਚੋਂ 99 ਫੀਸਦੀ ਬੈਂਕਿੰਗ ਪ੍ਰਣਾਲੀ ਵਿਚ ਵਾਪਸ ਆਏ ਹਨ। ਜੇਤਲੀ ਨੇ ਕਿਹਾ ਸੀ ਕਿ ਬੈਂਕਾਂ ਵਿਚ ਪੈਸਾ ਜਮ੍ਹਾ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਇਹ ਸਾਰਾ ਧੰਨ ਕਾਲਾ ਹੈ।

ਗਾਂਧੀ ਨੇ ਕਿਹਾ ਕਿ ਭਾਰਤ ਮੌਜੂਦਾ ਦਰ ਦਾ ਆਰਥਿਕ ਵਾਧਾ ਅਤੇ ਰੁਜ਼ਗਾਰ ਪੈਦਾ ਕਰਨ ਦੀ ਰਫ਼ਤਾਰ ਨਾਲ ਅੱਗੇ ਵਧਣ ਦਾ ਖ਼ਤਰਾ ਨਹੀਂ ਲੈ ਸਕਦਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਅਸੀਂ ਇਸੇ ਦਰ ਨਾਲ ਅੱਗੇ ਵਧਦੇ ਰਹੇ, ਜੇਕਰ ਭਾਰਤ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਾਉਂਦਾ ਤਾਂ ਇਸ ਨਲ ਨਾਰਾਜ਼ਗੀ ਵਧੇਗੀ। ਇਸ ਨਾਲ ਹੁਣ ਤਕ ਜੋ ਵੀ ਹਾਸਲ ਹੋਇਆ ਹੈ, ਉਹ ਸਭ ਖ਼ਤਮ ਹੋਣ ਦਾ ਖ਼ਤਰਾ ਹੈ। ਇਹ ਸਥਿਤੀ ਭਾਰਤ ਤੇ ਬਾਕੀ ਵਿਸ਼ਵ ਲਈ ਕਾਫ਼ੀ ਨੁਕਸਾਨਦੇਹ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਜਮਹੂਰੀ ਮੁਲਕ ਹੈ, ਇੱਥੇ ਜ਼ੋਰ ਜ਼ਬਰਦਸਤੀ ਵਾਲਾ ਚੀਨੀ ਤਰੀਕਾ ਨਹੀਂ ਚੱਲ ਸਕਦਾ। ਸਾਨੂੰ ਚੀਨ ਦੇ ਤੌਰ ਤਰੀਕਿਆਂ ਤੋਂ ਹਟ ਕੇ ਜਮਹੂਰੀ ਮਾਹੌਲ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹੋਣਗੇ। ਅਸੀਂ ਕੁਝ ਲੋਕਾਂ ਵਲੋਂ ਕੰਟਰੋਲ ਵੱਡੇ ਵੱਡੇ ਕਾਰਖਾਨਿਆਂ ਦਾ ਮਾਡਲ ਨਹੀਂ ਅਪਣਾ ਸਕਦੇ। ਉਨ੍ਹਾਂ ਕਿਹਾ ਕਿ ਭਾਰਤ ਵਿਚ ਨੌਕਰੀਆਂ ਛੋਟੇ ਤੇ ਮੱਧ ਸ਼੍ਰੇਣੀ ਦੇ ਉਦਯੋਗਾਂ ਤੋਂ ਆਉਣਗੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੂੰ ਵੱਡੀ ਸੰਖਿਆ ਵਿਚ ਛੋਟੇ ਤੇ ਮੱਧ ਉਦਯੋਗਾਂ ਨੂੰ ਕੌਮਾਂਤਰੀ ਕੰਪਨੀਆਂ ਵਿਚ ਤਬਦੀਲ ਕਰਨਾ ਹੋਵੇਗਾ। ਰਾਹੁਲ ਨੇ ਦੋਸ਼ ਲਾਇਆ ਕਿ ਭਾਰਤ ਵਿਚ ਇਸ ਸਮੇਂ ਮੋਹਰੀ 100 ਕੰਪਨੀਆਂ 'ਤੇ ਸਾਰਾ ਧਿਆਨ ਦਿੱਤਾ ਜਾ ਰਿਹਾ ਹੈ। ਸਭ ਕੁਝ ਉਨ੍ਹਾਂ ਲਈ ਉਪਲਬਧ ਹੈ, ਬੈਂਕਿੰਗ ਪ੍ਰਣਾਲੀ 'ਤੇ ਉਨ੍ਹਾਂ ਦਾ ਏਕਾਧਿਕਾਰ ਹੈ ਤੇ ਸਰਕਾਰ ਦੇ ਦਰਵਾਜ਼ੇ ਵੀ ਉਨ੍ਹਾਂ ਲਈ ਹਮੇਸ਼ਾ ਖੁੱਲ੍ਹੇ ਹੋਏ ਹਨ। ਉਨ੍ਹਾਂ ਵਲੋਂ ਹੀ ਕਾਨੂੰਨ ਬਾਰੇ ਸੁਝਾਅ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਛੋਟੇ ਦੇ ਦਰਮਿਆਨੇ ਕਾਰੋਬਾਰ ਵਾਲੇ ਕਾਰੋਬਾਰੀਆਂ ਨੂੰ ਕਰਜ਼ਾ ਲੈਣ ਵਿਚ ਚੱਕਰ ਕੱਟਣੇ ਪੈ ਰਹੇ ਹਨ। ਉਨ੍ਹਾਂ ਨੂੰ ਕੋਈ ਸਮਰਥਨ ਜਾ ਸੁਰੱਖਿਆ ਨਹੀਂ ਮਿਲ ਰਹੀ। ਵੱਡੇ ਕਾਰੋਬਾਰੀ ਭਾਰਤ ਵਿਚ ਹੰਗਾਮੀ ਸਥਿਤੀ ਦਾ ਆਸਾਨੀ ਨਾਲ ਸਾਹਮਣਾ ਕਰ ਸਕਦੇ ਹਨ। ਉਹ ਆਪਣੀ ਵੱਡੀਆਂ ਵੱਡੀਆਂ ਜਾਇਦਾਦਾਂ ਤੇ ਉਚੇ ਸੰਪਰਕਾਂ ਦੇ ਦਮ 'ਤੇ ਸੁਰੱਖਿਅਤ ਹਨ।

ਰਾਹੁਲ ਗਾਂਧੀ ਨੇ ਪਹਿਲੀ ਵਾਰ ਕਿਹਾ ਹੈ ਕਿ ਜੇਕਰ ਪਾਰਟੀ ਕਹੇਗੀ ਤਾਂ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਨ ਲਈ ਤਿਆਰ ਹਨ। ਉਨ੍ਹਾਂ ਨੇ ਇਹ ਵੀ ਸਵੀਕਾਰ ਕੀਤਾ ਕਿ 2012 ਵਿਚ ਕਾਂਗਰਸ ਪਾਰਟੀ ਅੰਦਰ ਹੰਕਾਰ ਭਰ ਗਿਆ ਸੀ ਤੇ ਪਾਰਟੀ ਨੇ ਜਨਤਾ ਨਾਲ ਸੰਵਾਦ ਘੱਟ ਕਰ ਦਿੱਤਾ, ਜਿਸ ਕਾਰਨ ਲੋਕਾਂ ਤੋਂ ਦੂਰੀ ਬਣ ਗਈ। ਰਾਹੁਲ ਗਾਂਧੀ ਨੇ ਕਿਹਾ ਕਿ ਪਰਿਵਾਰਵਾਦ ਦੇ ਚਲਦਿਆਂ ਸਿਖਰਲਾ ਅਹੁਦਾ ਹਾਸਲ ਹੋ ਜਾਣ ਲਈ ਉਨ੍ਹਾਂ ਨੂੰ ਕੋਸਿਆ ਜਾਣਾ ਬੰਦ ਹੋਣਾ ਚਾਹੀਦਾ ਹੈ ਕਿਉਂਕਿ ਸਾਰਾ ਮੁਲਕ ਹੀ ਇਸੇ ਤਰ੍ਹਾਂ ਪਰਿਵਾਰਵਾਦ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਇਸੇ ਤਰ੍ਹਾਂ ਕੰਮ ਕਰਦਾ ਹੈ। ਉਨ੍ਹਾਂ ਨੇ ਅਖਿਲੇਸ਼ ਯਾਦਵ, ਅਭਿਸ਼ੇਕ ਬਚਨ ਸਮੇਤ ਕਈ ਸ਼ਖ਼ਸੀਅਤਾਂ ਦੇ ਨਾਂ ਗਿਣਾਏ।

ਭਾਜਪਾ ਨੇ ਰਾਹੁਲ ਨੂੰ ਨਾਕਾਮ ਰਾਜਵੰਸ਼ੀ ਕਿਹਾ

ਦੂਜੇ ਪਾਸੇ ਖਾਨਦਾਨੀ ਰਾਜਨੀਤੀ ਦਾ ਸਮਰਥਨ ਕਰਨ 'ਤੇ ਭਾਜਪਾ ਨੇ ਰਾਹੁਲ ਦੀ ਆਲੋਚਨਾ ਕਰਦਿਆਂ ਉਨ੍ਹਾਂ ਨੂੰ ਨਾਕਾਮ ਰਾਜਵੰਸ਼ੀ ਅਤੇ ਨਾਕਾਮ ਰਾਜਨੇਤਾ ਕਹਿ ਕੇ ਭੰਡਿਆ। ਭਾਜਪਾ ਵੱਲੋਂ ਨਵੀਂ ਦਿੱਲੀ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਰਾਹੁਲ ਦੇ ਦਾਖਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਂਗਰਸ 2012 ਤੋਂ ਹੰਕਾਰੀ ਹੋ ਗਈ ਸੀ ਜੋ ਵੱਡਾ ਰਾਜਨੀਤਕ ਕਬੂਲਨਾਮਾ ਹੈ ਜਿਸ ਦਾ ਪਰਛਾਵਾਂ ਸੋਨੀਆ ਗਾਂਧੀ ਤੋਂ ਮਿਲਦਾ ਹੈ ਜੋ ਉਦੋਂ ਤੋਂ ਹੀ ਕਾਂਗਰਸ ਪ੍ਰਧਾਨ ਚਲੇ ਆ ਰਹੇ ਹਨ। ਸ੍ਰੀਮਤੀ ਇਰਾਨੀ ਨੇ ਕਿਹਾ ਕਿ ਇਸ ਨਾਕਾਮ ਰਾਜਵੰਸ਼ੀ ਨੇ ਆਪਣੇ ਨਾਕਾਮ ਰਾਜਨੀਤਕ ਸਫਰ ਬਾਰੇ ਅਮਰੀਕਾ ਵਿੱਚ ਬੋਲਣ ਦਾ ਫੈਸਲਾ ਕੀਤਾ ਕਿਉਂਕਿ ਉਸ ਨੂੰ ਭਾਰਤ ਵਿੱਚ ਕੋਈ ਨਹੀਂ ਸੁਣਦਾ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਕਾਂਗਰਸ ਦੇ ਮੀਤ ਪ੍ਰਧਾਨ ਨੇ ਪਾਰਟੀ ਪ੍ਰਧਾਨ 'ਤੇ ਕਟਾਖਸ਼ ਕੀਤਾ ਹੈ। ਹੁਣ ਪਾਰਟੀ ਨੂੰ ਇਸ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਉਨ੍ਹਾਂ ਮੋਦੀ ਦੀ ਆਲੋਚਨਾ ਕਰਨ 'ਤੇ ਰਾਹੁਲ ਨੂੰ ਖੁਲ੍ਹੀ ਬਹਿਸ ਦੀ ਚੁਣੌਤੀ ਵੀ ਦਿੱਤੀ।

ਭਾਜਪਾ ਵੱਲੋਂ ਰਾਹੁਲ ਦੀ ਆਲੋਚਨਾ ਦਾ ਜਵਾਬ ਦਿੰਦਿਆਂ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵਿਦੇਸ਼ੀ ਧਰਤੀ 'ਤੇ ਭਾਰਤ ਦਾ ਅਪਮਾਨ ਕਰਨ ਦਾ ਦੋਸ਼ ਲਾਇਆ। ਕਾਂਗਰਸ ਦੇ ਸੀਨੀਅਰ ਬੁਲਾਰੇ ਆਨੰਦ ਸ਼ਰਮਾ ਨੇ ਰਾਹੁਲ ਗਾਂਧੀ ਦਾ ਬਚਾਅ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੇ ਪਹਿਲੇ ਵਿਦੇਸ਼ ਦੌਰੇ 'ਤੇ ਭਾਰਤ ਨੂੰ ਭ੍ਰਿਸ਼ਟ ਮੁਲਕ ਕਿਹਾ ਸੀ ਤੇ ਕਿਹਾ ਸੀ ਕਿ ਇਸ ਦੀ ਪਛਾਣ ਹੱਥ ਵਿੱਚ ਕਟੋਰਾ ਲੈ ਕੇ ਘੁੰਮਣ ਵਾਲੇ ਭਿਖਾਰੀਆਂ ਦੀ ਹੈ। ਇਸ ਟਿੱਪਣੀ ਕਾਰਨ ਵਿਦੇਸ਼ੀ ਧਰਤੀ ਵਿੱਚ ਰਹਿਣ ਵਾਲੇ ਭਾਰਤੀਆਂ ਨੂੰ ਭਾਰੀ ਨਮੋਸ਼ੀ ਹੋਈ ਸੀ। ਉਨ੍ਹਾਂ ਕਿਹਾ ਕਿ ਸ੍ਰੀ ਗਾਂਧੀ ਨੇ ਸਰਕਾਰ ਅਤੇ ਪ੍ਰਧਾਨ ਮੰਤਰੀ ਦੀ ਆਲੋਚਨਾ ਕੀਤੀ ਨਾ ਕਿ ਦੇਸ਼ ਦੀ, ਜੋ ਲੋਕਤੰਤਰ ਦੀ ਵਿਸ਼ੇਸ਼ਤਾ ਹੈ।

### ਸਿੱਖ ਭਾਈਚਾਰੇ ਵਲੋਂ ਰਾਹੁਲ ਖ਼ਿਲਾਫ਼ ਰੋਸ ਮੁਜ਼ਾਹਰਾ

ਜਿਸ ਸਮੇਂ ਅੰਤਰਰਾਸ਼ਟਰੀ ਹਾਊਸ ਬਾਹਰ ਸਿੱਖ ਭਾਈਚਾਰੇ ਵਲੋਂ ਵਿਰੋਧ ਕੀਤਾ ਜਾ ਰਿਹਾ ਸੀ ਤਾਂ ਅੰਦਰ ਮੇਜ਼ਬਾਨ ਨੇ ਰਾਹੁਲ ਤੋਂ ਇਸ ਸਬੰਧੀ ਸਵਾਲ ਕੀਤਾ, ਜਿਸ ਦੇ ਜਵਾਬ 'ਚ ਰਾਹੁਲ ਨੇ ਕਿਹਾ "ਮੈਂ ਸਿੱਖ ਭਾਈਚਾਰੇ ਨਾਲ ਪਿਆਰ ਕਰਦਾ ਹਾਂ, ਮੈਂ ਸਮਝ ਸਕਦਾ ਹਾਂ ਕਿ ਹਿੰਸਾ ਕੀ ਹੈ । ਅਸਲ ਵਿਚ ਮੈਂ ਨਿਆਂ ਲਈ ਉਨ੍ਹਾਂ ਦੇ ਨਾਲ ਹਾਂ ।"

ਇਸ ਤੋਂ ਬਾਅਦ ਇਕ ਵਿਦਿਆਰਥੀ ਸੋਬੀਆ ਚਾਹਲ ਨੇ ਰਾਹੁਲ ਨੂੰ ਸਵਾਲ ਕੀਤਾ ਕਿ ਜੇਕਰ ਤੁਸੀਂ ਨਿਆਂ ਦੇ ਮਾਮਲੇ 'ਚ ਸਿੱਖਾਂ ਦੇ ਨਾਲ ਹੋ ਤਾਂ ਫ਼ਿਰ ਹੁਣ ਤੱਕ ਕਾਂਗਰਸੀ ਆਗੂਆਂ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਗਈ, ਜੋ ਕਿ 1984 ਦੇ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਹਨ । ਇਸ ਸਵਾਲ ਦਾ ਜਵਾਬ ਦੇਣ ਤੋਂ ਰਾਹੁਲ ਗਾਂਧੀ ਨੇ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਇਸ ਪ੍ਰੋਗਰਾਮ ਤੋਂ ਬਾਅਦ ਵਿਅਕਤੀਗਤ ਤੌਰ 'ਤੇ ਜਵਾਬ ਦੇਵੇਗਾ ।

ਜ਼ਿਕਰਯੋਗ ਹੈ ਕਿ ਸਿੱਖ ਭਾਈਚਾਰੇ ਨਾਲ ਸਬੰਧਤ ਸੈਂਕੜੇ ਲੋਕ ਯੂਨੀਵਰਸਿਟੀ 'ਚ ਲਾਮਬੰਦ ਹੋਏ, ਜਿਨ੍ਹਾਂ ਨੇ ਰਾਹੁਲ ਗਾਂਧੀ ਦੀ ਕਾਂਗਰਸ 1984 ਸਿੱਖ ਕਤਲੇਆਮ ਦੀ ਦੋਸ਼ੀ ਹੈ' ਅਤੇ ਗਾਂਧੀ ਵਾਪਿਸ ਜਾਓ' ਦੇ ਸੰਦੇਸ਼ ਵਾਲੀਆਂ ਤਖ਼ਤੀਆਂ ਫ਼ੜੀਆਂ ਸਨ । ਜਦੋਂ ਰਾਹੁਲ ਗਾਂਧੀ ਯੂਨੀਵਰਸਿਟੀ ਤੋਂ ਬਾਹਰ ਆ ਰਹੇ ਸਨ ਤਾਂ ਬਾਹਰ ਖੜੇ ਪ੍ਰਦਰਸ਼ਨਕਾਰੀਆਂ ਤੋਂ ਬਚਾਉਂਦੇ ਹੋਏ ਉਸ ਨੂੰ ਸਖ਼ਤ ਸੁਰੱਖਿਆ ਦੇ ਘੇਰੇ 'ਚ ਬਾਹਰ ਕੱਢਿਆ ਗਿਆ, ਜਦ ਕਿ ਉਸ ਦੇ ਕਾਫ਼ਲੇ 'ਤੇ ਪ੍ਰਦਰਸ਼ਨਕਾਰੀਆਂ ਨੇ ਜੁੱਤੀਆਂ ਵੀ ਸੁੱਟੀਆਂ ।

ਰਾਹੁਲ ਗਾਂਧੀ ਦੀ 1984 ਸਿੱਖ ਪੀੜਤਾਂ ਪ੍ਰਤੀ ਹਮਦਰਦੀ ਸਬੰਧੀ ਮਨੁੱਖੀ ਅਧਿਕਾਰ ਸੰਗਠਨ ਸਿਖ਼ਸ ਫ਼ਾਰ ਜਸਟਿਸ' ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪਨੂੰ ਨੇ ਕਿਹਾ ਕਿ ਜੇਕਰ ਰਾਹੁਲ ਗਾਂਧੀ ਨੂੰ ਸਿੱਖਾਂ ਪ੍ਰਤੀ ਹਮਦਰਦੀ ਹੈ ਤਾਂ ਉਹ ਇਕ ਹੀ ਸਮੇਂ ਸਿੱਖਾਂ ਦਾ ਅਤੇ ਟਾਈਟਲ, ਸੱਜਣ, ਕਮਲਨਾਥ ਵਰਗੇ ਦੋਸ਼ੀਆਂ ਦਾ ਸਾਥ ਨਹੀਂ ਦੇ ਸਕਦੇ । ਰਾਹੁਲ ਨੂੰ ਅੱਜ ਸਿੱਖ ਭਾਈਚਾਰੇ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਅਤੇ ਅਸੀਂ 20 ਸਤੰਬਰ ਨੂੰ ਟਾਇਮਜ਼ ਸਕੇਅਰ 'ਤੇ ਦੁਬਾਰਾ ਰਾਹੁਲ ਗਾਂਧੀ ਤੋਂ ਆਪਣੇ ਸਵਾਲਾਂ ਦੇ ਜਵਾਬ ਲੈਣ ਲਈ ਤਿਆਰ ਹਾਂ ।

ਗੁਰਪਤਵੰਤ ਸਿੰਘ ਪਨੂੰ ਨੇ ਦੱਸਿਆ ਕਿ ਭਾਸ਼ਨ ਦੌਰਾਨ ਰਾਹੁਲ ਨੂੰ ਸਿੱਖਾਂ ਦੇ ਸਵਾਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਉਹ ਕਈ ਸਵਾਲਾਂ ਦਾ ਜਵਾਬ ਨਹੀਂ ਦੇ ਸਕੇ। ਇਸੇ ਦੌਰਾਨ ਸਿੱਖ ਫਾਰ ਜਸਟਿਸ ਨੇ ਸਿੱਖ ਕਤਲੇਆਮ ਦਾ ਹਵਾਲਾ ਦਿੰਦਿਆਂ ਯੂਨੀਵਰਸਿਟੀ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਰਾਹੁਲ ਗਾਂਧੀ ਨੂੰ ਯੂਨੀਵਰਸਿਟੀ ਵਿਚ ਭਾਸ਼ਣ ਦੇਣ ਲਈ ਨਾ ਸੱਦਿਆ ਜਾਵੇ। ਯੂਨੀਵਰਸਿਟੀ ਅਧਿਕਾਰੀਆਂ ਨੂੰ ਪੱਤਰ ਲਿਖਦਿਆਂ ਜਥੇਬੰਦੀ ਨੇ ਕਿਹਾ ਸੀ ਕਿ ਰਾਹੁਲ ਗਾਂਧੀ 1984 ਵਿਚ ਹੋਏ ਸਿੱਖ ਕਤਲੇਆਮ ਲਈ ਦੋਸ਼ੀ ਹੈ।

## ਗੁਰਦਾਸਪੁਰ ਜ਼ਿਮਨੀ ਚੋਣ ਲਈ 11 ਅਕਤੂਬਰ ਨੂੰ ਵੋਟਾਂ

ਅਤੇ ਵਿਧਾਇਕਾਂ ਵੱਲੋਂ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਟਿਕਟ ਦੇਣ 'ਤੇ ਜ਼ੋਰ ਪਾਇਆ ਜਾ ਰਿਹਾ ਹੈ। ਜਦੋਂ ਕਿ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਪਤਨੀ ਸ੍ਰੀਮਤੀ ਚਰਨਜੀਤ ਕੌਰ ਬਾਜਵਾ ਸਮੇਤ ਅੱਧੀ ਦਰਜਨ ਤੋਂ ਵੱਧ ਸਥਾਨਕ ਆਗੂ ਟਿਕਟ ਹਾਸਲ ਕਰਨ ਲਈ ਜ਼ੋਰ ਅਜ਼ਮਾਈ ਕਰ ਰਹੇ ਹਨ। ਉਧਰ ਆਮ ਆਦਮੀ ਪਾਰਟੀ ਨੇ ਅਜੇ ਤੱਕ ਪੱਤੇ ਨਹੀਂ ਖੋਲ੍ਹੇ, ਪਰ ਪਾਰਟੀ ਨੇ ਜ਼ਿਮਨੀ ਚੋਣ ਲੜਨ ਦਾ ਐਲਾਨ ਕੀਤਾ ਹੋਇਆ ਹੈ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਆਗੂਆਂ ਨੇ ਵੀ ਸਰਗਮੀਆਂ ਵਿੱਢੀਆਂ ਹੋਈਆਂ ਹਨ। ਭਾਜਪਾ ਵੱਲੋਂ ਸੰਸਦੀ ਸੀਟ 'ਤੇ ਕਬਜ਼ਾ ਕਾਇਮ ਰੱਖਣ ਲਈ ਜੱਦੋਜਹਿਦ ਕੀਤੀ ਜਾ ਰਹੀ ਹੈ। ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਕੁਮਾਰ ਸਾਂਪਲਾ ਸਮੇਤ ਹੋਰਨਾਂ ਆਗੂਆਂ ਨੇ ਗੁਰਦਾਸਪੁਰ ਸੰਸਦੀ ਹਲਕੇ ਵਿੱਚ ਪੈਂਦੇ ਵਿਧਾਨ ਸਭਾ ਹਲਕਿਆਂ ਵਿੱਚ ਸਰਗਮੀਆਂ ਸ਼ੁਰੂ ਕੀਤੀਆਂ ਹੋਈਆਂ ਹਨ ਤੇ ਸੀਨੀਅਰ ਭਾਜਪਾ ਆਗੂਆਂ ਦੀਆਂ ਵਿਧਾਨ ਸਭਾ ਹਲਕਾਵਾਰ ਡਿਊਟੀਆਂ ਵੀ ਲਗਾਈਆਂ ਗਈਆਂ ਹਨ।

## ਰੋਹਿੰਗਯਾ ਮੁਸਲਮਾਨਾਂ ਨੂੰ ਭਾਰਤ 'ਚੋਂ ਕੱਢਣ ਦੀਆਂ ਕੋਸ਼ਿਸ਼ਾਂ ਦੀ ਸੰਯੁਕਤ ਰਾਸ਼ਟਰ ਵਲੋਂ ਨਿੰਦਾ

ਨੂੰ ਬੰਗਲਾਦੇਸ਼ ਦੇ ਇਕ ਬੰਜਰ ਦੀਪ 'ਤੇ ਆਪਣਾ ਨਵਾਂ ਆਸ਼ਿਆਨਾ ਵਸਾਉਣ ਲਈ ਮਜਬੂਰ ਹੋਣਾ ਪੈ ਸਕਦਾ ਹੈ। ਇਕ ਅਜਿਹਾ ਦੀਪ ਜਿੱਥੇ ਹਰ ਸਾਲ ਹੜ੍ਹ ਆਉਂਦੇ ਹਨ। ਰੋਹਿੰਗਯਾ ਨੇਤਾਵਾਂ ਅਤੇ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਦੇ ਇੱਛਾ ਨਾ ਹੋਣ ਦੇ ਬਾਵਜੂਦ ਬੰਗਲਾਦੇਸ਼ ਦੇ ਅਧਿਕਾਰੀ ਗੈਰ ਆਬਾਦੀ ਵਾਲੇ ਥੇਨਗਾਰ ਛਾਪ ਦੀਪ 'ਤੇ ਕੈਂਪ ਬਣਾਉਣ 'ਤੇ ਵਿਚਾਰ ਕਰ ਰਹੇ ਹਨ। ਇਸ ਦੀਪ ਦਾ ਹਾਲ ਵਿਚ ਨਾਮ ਬਦਲ ਕੇ ਭਾਸਾਨ ਛਾਰ ਕੀਤਾ ਗਿਆ ਸੀ। ਰਖਾਈਨ ਸੂਬੇ ਵਿਚ ਇਸੇ ਸਾਲ 25 ਅਗਸਤ ਤੋਂ ਸ਼ੁਰੂ ਹੋਈ ਹਿੰਸਾ ਦੇ ਨਵੇਂ ਦੌਰ ਮਗਰੋਂ ਬੰਗਲਾਦੇਸ਼ ਵਿਚ 3 ਲੱਖ ਤੋਂ ਜ਼ਿਆਦਾ ਰੋਹਿੰਗਯਾ ਮੁਸਲਮਾਨ ਆ ਗਏ ਹਨ। ਲਗਭਗ 3 ਲੱਖ ਸ਼ਰਨਾਰਥੀ ਪਹਿਲਾਂ ਤੋਂ ਹੀ ਮਿਆਂਮਾਰ ਸੀਮਾ ਨੇੜੇ ਕਾਕਸ ਬਾਜ਼ਾਰ ਜ਼ਿਲ੍ਹੇ ਵਿਚ ਸੰਯੁਕਤ ਰਾਸ਼ਟਰ ਦੇ ਕੈਂਪਾਂ ਵਿਚ ਰਹਿ ਰਹੇ ਹਨ।

ਇਸੇ ਦੌਰਾਨ ਰੋਹਿੰਗਿਆ ਮੁਸਲਮਾਨਾਂ ਦੀ ਮਦਦ ਲਈ ਸਿੱਖ ਭਾਈਚਾਰੇ ਦੇ ਲੋਕ ਅੱਗੇ ਆਏ ਹਨ। ਸਿੱਖ ਸੰਗਠਨ 'ਖਾਲਸਾ ਏਡ' ਦੇ ਵਲੰਟੀਅਰਜ਼ ਐਤਵਾਰ ਦੀ ਰਾਤ ਨੂੰ ਬੰਗਲਾਦੇਸ਼-ਮਿਆਂਮਾਰ ਦੀ ਸਰਹੱਦ 'ਤੇ ਪਹੁੰਚੇ ਅਤੇ ਮਿਆਂਮਾਰ ਤੋਂ ਆਏ ਲੱਖਾਂ ਪਰਿਵਾਰਾਂ ਦੀ ਮਦਦ ਕਰ ਰਹੇ ਹਨ ਅਤੇ ਉਨ੍ਹਾਂ ਲਈ ਲੰਗਰ ਲਾਏ ਗਏ ਹਨ।

ਸਿੱਖ ਵਲੰਟੀਅਰਜ਼ ਇਨ੍ਹਾਂ ਸ਼ਰਣਾਰਥੀਆਂ ਲਈ ਖਾਣ-ਪੀਣ ਅਤੇ ਰਹਿਣ ਦੀ ਵਿਵਸਥਾ ਕਰਨ ਵਿਚ ਮਦਦ ਕਰ ਰਹੇ ਹਨ। ਖਾਲਸਾ ਏਡ ਦੇ ਮੈਨੇਜਿੰਗ ਡਾਇਰੈਕਟਰ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਅਸੀਂ ਮਦਦ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਇੱਥੋਂ ਦੇ ਹਲਾਤਾਂ ਦਾ ਮੁਆਇਨਾ ਕੀਤਾ, ਇੱਥੇ ਹਾਲਾਤ ਬਹੁਤ ਖਰਾਬ ਹਨ ਅਤੇ ਇਹ ਲੋਕ ਬਹੁਤ ਹੀ ਮਾੜੇ ਹਲਾਤਾਂ ਵਿਚ ਰਹਿ ਰਹੇ ਹਨ। ਉਨ੍ਹਾਂ ਦੱਸਿਆ ਕਿ ਅਸੀਂ ਤਕਰੀਬਨ 50,000 ਲੋਕਾਂ ਦੀ ਮਦਦ ਲਈ ਮਦਦ ਸਮੱਗਰੀ ਲਿਆਏ ਸੀ ਪਰ ਇੱਥੇ 2 ਲੱਖ ਤੋਂ ਵਧ ਲੋਕ ਹਨ, ਜੋ ਬਿਨਾਂ ਰੋਟੀ-ਪਾਣੀ ਅਤੇ ਬਿਨਾਂ ਘਰਾਂ ਦੇ ਰਹਿ ਰਹੇ ਹਨ। ਜਿਸ ਨੂੰ ਜਿੱਥੇ ਵੀ ਥਾਂ ਮਿਲ ਰਹੀ ਹੈ, ਉਹ ਉੱਥੇ ਹੀ ਬੈਠਾ ਹੈ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਇਨ੍ਹਾਂ ਲੋਕਾਂ ਦੀ ਕੁਝ ਮਦਦ ਕੀਤੀ ਜਾ ਸਕੇ, ਅਸੀਂ ਆਪਣੇ ਵਲੋਂ ਲੋਕਾਂ ਦੀ ਮਦਦ ਦੀ ਕੋਸ਼ਿਸ਼ ਕਰਾਂਗੇ। ਅਮਰਪ੍ਰੀਤ ਨੇ ਦੱਸਿਆ ਕਿ ਬੰਗਲਾਦੇਸ਼ ਸਰਹੱਦ ਕੋਲ ਪਿੰਡ ਟੇਕਨਫ 'ਚ ਰੋਹਿੰਗਿਆ ਸ਼ਰਣਾਰਥੀ ਕੈਂਪ 'ਚ ਰਹਿ ਰਹੇ ਹਨ। ਉਨ੍ਹਾਂ ਦੱਸਿਆ ਕਿ ਸਾਡੀ ਟੀਮ ਨੇ ਸ਼ਰਣਾਰਥੀਆਂ ਨੂੰ ਲੰਗਰ ਅਤੇ ਪਾਣੀ ਮੁਹੱਈਆ ਕਰਵਾ ਰਹੀ ਹੈ।

## ਕੈਨੇਡੀਅਨ ਅਦਾਲਤ ਵਲੋਂ ਜੱਸੀ ਸਿੱਧੂ ਕਤਲ ਮਾਮਲੇ 'ਚ ਮਾਂ ਤੇ ਮਾਮੇ ਨੂੰ ਭਾਰਤ ਹਵਾਲੇ ਕਰਨ ਦਾ ਰਾਹ ਪੱਧਰਾ

ਕਈ ਸਾਲ ਜੱਦੋ-ਜ਼ਹਿਦ ਕਰਨੀ ਪਈ। ਕੈਨੇਡਾ ਦੇ ਨਿਆਂ ਮੰਤਰੀ ਨੇ ਸਾਲ 2014 ਵਿਚ ਇਨ੍ਹਾਂ ਦੀ ਸੁਪਰਦਗੀ ਲਈ ਮਨਜ਼ੂਰੀ ਦੇ ਦਿੱਤੀ ਸੀ ਪਰ ਸਾਲ 2016 ਵਿਚ ਇਕ ਅਪੀਲ ਉਤੇ ਇਸ ਫ਼ੈਸਲੇ ਨੂੰ ਪਲਟ ਦਿੱਤਾ ਗਿਆ ਸੀ। ਹੁਣ ਸੁਪਰੀਮ ਕੋਰਟ ਦੇ 9 ਜੱਜਾਂ ਨੇ ਸਰਬਸੰਮਤੀ ਨਾਲ ਇਨ੍ਹਾਂ ਦੋਹਾਂ ਨੂੰ ਭਾਰਤ ਹਵਾਲੇ ਕਰਨ ਦਾ ਆਦੇਸ਼ ਦਿੱਤਾ ਹੈ।

### ਮਿੱਠੂ ਨੇ ਫ਼ੈਸਲੇ 'ਤੇ ਤਸੱਲੀ ਪ੍ਰਗਟਾਈ :

**ਚੰਡੀਗੜ੍ਹ** : ਕੈਨੇਡੀਅਨ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਤਸੱਲੀ ਜ਼ਾਹਰ ਕਰਦਿਆਂ ਸੁਖਵਿੰਦਰ ਸਿੰਘ ਮਿੱਠੂ ਨੇ ਕਿਹਾ, 'ਮੈਂ ਅੱਜ ਦਾ ਦਿਨ ਦੇਖਣ ਲਈ ਬਚ ਗਿਆ ਸੀ ਜਦੋਂ ਮੇਰੀ ਪਤਨੀ ਜੱਸੀ ਸਿੱਧੂ ਦੇ ਕਾਤਲਾਂ ਨੂੰ ਭਾਰਤ ਭੇਜਿਆ ਜਾਵੇਗਾ ਅਤੇ ਉਹ ਕਤਲ ਦੇ ਮੁਕੱਦਮੇ ਦਾ ਸਾਹਮਣਾ ਕਰਨਗੇ। ਅੱਜ ਦਾ ਦਿਨ ਦੇਖਣ ਦੀ ਉਮੀਦ ਵਿਚ ਪਿਛਲੇ 17 ਸਾਲਾਂ ਦੌਰਾਨ ਮੈਂ ਕਈ ਵਾਰ ਮੌਤ ਦੇ ਮੂੰਹ ਵਿਚੋਂ ਨਿਕਲਿਆ ਹਾਂ।' ਪਿੰਡ ਕਾਉਂਕੇ ਖੋਸਾ ਦੇ ਮਿੱਠੂ ਨੇ ਕਿਹਾ, 'ਹੁਣ ਮਲਕੀਤ ਕੌਰ ਤੋਂ ਮੈਂ ਸਾਹਮਣੇ ਖੜ੍ਹ ਪੁੱਛ ਸਕਦਾ ਹਾਂ ਕਿ ਉਸ ਨੇ ਆਪਣੇ ਧੀ ਦੇ ਮੇਰੇ ਲਈ ਪਿਆਰ ਨੂੰ ਐਨਾ ਵੱਡਾ ਅਪਰਾਧ ਕਿਉਂ ਸਮਝਿਆ, ਜੋ ਉਸ ਨੂੰ ਜਾਨੋਂ ਮਾਰਨਾ ਪਿਆ।' 8 ਜੂਨ, 2000 ਨੂੰ ਹੋਏ ਇਸ ਕਤਲ ਵਿਚ ਪੁਲੀਸ ਵੱਲੋਂ ਦਾਖ਼ਲ ਚਾਰਜਸ਼ੀਟ ਮੁਤਾਬਕ ਜੱਸੀ ਦੀ ਮਾਂ ਤੇ ਮਾਮੇ ਨੇ ਇਸ ਕਤਲ ਦੀ ਕੈਨੇਡਾ ਵਿਚ ਸਾਜ਼ਿਸ਼ ਰਚੀ ਸੀ, ਜਿਸ ਨੂੰ ਭਾਰਤ ਵਿਚ ਅੰਜਾਮ ਤਕ ਪਹੁੰਚਾਇਆ ਗਿਆ। ਅੱਜ ਕੱਲ੍ਹ ਮਿੱਠੂ ਟਰੱਕ ਚਲਾਉਂਦਾ ਹੈ। ਉਸ ਨੇ ਦੱਸਿਆ, 'ਜੱਸੀ ਦੇ ਕਤਲ ਬਾਅਦ ਮੇਰੀ ਹੋਂਦ ਦਾ ਇਕ ਹੀ ਮਕਸਦ ਸੀ ਕਿ ਉਸ ਦੀ ਮਾਂ ਤੇ ਮਾਮੇ ਨੂੰ ਇਕ ਦਿਨ ਸਲਾਖਾਂ ਪਿੱਛੇ ਦੇਖਣਾ। ਉਸ ਦੇ ਮਾਪੇ ਸਾਡੇ ਉਤੇ ਤਾਂ ਗੁੱਸੇ ਹੁੰਦੇ ਜੇ ਮੈਂ ਉਸ ਨਾਲ ਵਿਆਹ ਨਾ ਕਰਾਉਂਦਾ ਪਰ ਅਸੀਂ ਵਿਆਹ ਦੇ ਪਵਿੱਤਰ ਬੰਧਨ ਦੀ ਪਾਲਣਾ ਕੀਤੀ। ਮੈਂ ਅਜੇ ਵੀ ਉਸ ਦਾ ਪਤੀ ਹਾਂ। ਇਨਸਾਫ਼ ਦੀ ਲੜਾਈ ਦੌਰਾਨ ਮੈਂ ਕਰੋੜਾਂ ਰੁਪਏ ਤੇ ਵਿਆਹ ਦੀਆਂ ਸੈਂਕੜੇ ਪੇਸ਼ਕਸ਼ਾਂ ਠੁਕਰਾਈਆਂ ਹਨ ਅਤੇ ਝੂਠੇ ਕੇਸਾਂ ਦਾ ਤਸ਼ੱਦਦ ਝੱਲਿਆ ਹੈ। ਮੈਂ ਉਸ ਦੀ ਮਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਪਿਆਰ ਸੱਚਾ ਸੀ।'

## ਸਿਆਸੀ ਪਾਰਟੀਆਂ ਨੇ ਗੁਰਦਾਸਪੁਰ ਜ਼ਿਮਨੀ ਚੋਣ ਲਈ ਤੇਜ਼ ਕੀਤੀਆਂ ਸਰਗਰਮੀਆਂ

ਚੋਣ ਜਿੱਤਣ ਤੋਂ ਬਾਅਦ ਇਸ ਪਾਰਟੀ ਦੇ ਆਗੂਆਂ ਦੇ ਹੌਸਲੇ ਬੁਲੰਦ ਹਨ। ਸ਼੍ਰੋਮਣੀ ਅਕਾਲੀ ਦਲ ਦੀ ਜਬਰ ਵਿਰੋਧੀ ਲਹਿਰ' ਦਾ ਕੇਂਦਰ ਵੀ ਗੁਰਦਾਸਪੁਰ ਸੰਸਦੀ ਹਲਕੇ ਵਿੱਚ ਪੈਂਦੇ ਵਿਧਾਨ ਸਭਾ ਹਲਕੇ ਰਹੇ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਹਲਕਿਆਂ 'ਚ ਰੈਲੀਆਂ ਕਰ ਕੇ ਵਰਕਰਾਂ ਨੂੰ ਲਾਮਬੰਦ ਕਰਨ ਦਾ ਯਤਨ ਕੀਤਾ।

ਭਾਜਪਾ ਦੇ ਸੂਬਾਈ ਪ੍ਰਧਾਨ ਵਿਜੈ ਕੁਮਾਰ ਸਾਂਪਲਾ ਤੇ ਹੋਰ ਆਗੂਆਂ ਨੇ ਵੀ ਪਿਛਲੇ ਦੋ ਕੁ ਮਹੀਨਿਆਂ ਤੋਂ ਗਤੀਵਿਧੀਆਂ ਤੇਜ਼ ਕੀਤੀਆਂ ਹੋਈਆਂ ਹਨ। ਭਾਜਪਾ ਵੱਲੋਂ ਇਸ ਹਲਕੇ 'ਤੇ ਕਬਜ਼ਾ ਕਾਇਮ ਰੱਖਣ ਲਈ ਜ਼ੋਰ ਲਾਇਆ ਜਾ ਰਿਹਾ ਹੈ, ਜਦੋਂ ਕਿ ਹਾਕਮ ਧਿਰ ਕਾਂਗਰਸ ਲਈ ਇਹ ਚੋਣ ਵੱਕਾਰੀ ਬਣੀ ਹੋਈ ਹੈ ਕਿਉਂਕਿ ਇਸ ਚੋਣ ਨਾਲ ਕਾਂਗਰਸ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਵੀ ਲੋਕਾਂ ਨੇ ਇਕ ਤਰ੍ਹਾਂ ਨਾਲ ਆਪਣੀ ਰਾਇ ਦੇਣੀ ਹੈ।

## ਸਤਿੰਦਰ ਸੱਤੀ ਦੀ ਕੀਤੀ ਪੱਕੀ ਛੁੱਟੀ

ਕਲਾਕਾਰਾਂ ਦੀ ਪਾਰਲੀਮੈਂਟ ਦਾ ਰੂਪ ਦਿੱਤਾ ਜਾਵੇਗਾ ਅਤੇ ਇਸ ਲਈ ਨਾਮਜ਼ਦਗੀਆ ਕਰਨ ਦੇ ਪੂਰੇ ਅਖਤਿਆਰ ਡਾ. ਪਾਤਰ ਨੂੰ ਹੋਣਗੇ। ਡਾ. ਪਾਤਰ ਨੇ ਕਿਹਾ ਕਿ ਉਹ ਇਸ ਸੰਸਥਾ ਰਾਹੀਂ ਪੰਜਾਬੀ ਸੱਭਿਆਚਾਰ ਅਤੇ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਹਰੇਕ ਯਤਨ ਕਰਨਗੇ। ਸ੍ਰੀ ਸਿੱਧੂ ਨੇ ਸ਼ਾਮ ਨੂੰ ਕਲਾ ਪ੍ਰੀਸ਼ਦ ਅਤੇ ਸਬੰਧਿਤ ਅਕਾਦਮੀਆਂ ਦੇ ਅਹੁਦੇਦਾਰਾਂ ਨਾਲ ਮੀਟਿੰਗ ਕਰਕੇ ਇਸ ਅਦਾਰੇ ਨੂੰ ਵਿਸ਼ਾਲ ਰੂਪ ਦੇਣ ਉਪਰ ਚਰਚਾ ਕੀਤੀ। ਸੂਤਰਾਂ ਅਨੁਸਾਰ ਕਲਾ ਪ੍ਰੀਸ਼ਦ ਨੂੰ ਪੰਜਾਬ ਭਰ ਵਿੱਚ ਸਥਾਪਿਤ ਕਰਨ ਦੀ ਰਣਨੀਤੀ ਬਣਾਈ ਗਈ ਹੈ ਅਤੇ ਇਸ ਬਾਬਤ ਪ੍ਰੀਸ਼ਦ ਦੇ ਸਾਬਕਾ ਸਕੱਤਰ ਜਨਰਲ ਪ੍ਰੋ. ਰਾਜਪਾਲ ਸਿੰਘ ਵੱਲੋਂ ਮੰਤਰੀ ਨੂੰ ਇੱਕ ਤਜਵੀਜ਼ ਦਿੱਤੀ ਗਈ ਹੈ, ਜਿਸ ਵਿੱਚ ਕਲਾ ਪ੍ਰੀਸ਼ਦ ਦੇ ਪਿੰਡ, ਤਹਿਸੀਲ ਅਤੇ ਜ਼ਿਲ੍ਹਾ ਪੱਧਰ 'ਤੇ 'ਸੱਭਿਆਚਾਰਕ ਸੱਥ' ਬਣਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਪਿੰਡ ਪੱਧਰ ਤੱਕ ਸੱਭਿਆਚਾਰਕ ਕੇਂਦਰ ਬਣਾ ਕੇ ਸੂਬਾ ਭਰ ਵਿੱਚ ਵਿਆਪਕ ਪੱਧਰ 'ਤੇ ਸੱਭਿਆਚਾਰਕ ਸਰਗਰਮੀਆਂ ਚਲਾਉਣ ਦੀ ਰਣਨੀਤੀ ਬਣਾਈ ਹੈ।



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

**VISA IN ONE DAY**

Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)



**Serving Around the World Community Since 1994**
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to **Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345



# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
32116-Alvarado Blvd. Union City, CA-94587
Email: info@travelforlessinc.com

**CALL 510-791-3300** Book online 24x7 @ www.Letsflyhome.com


THATH
ਵੱਖਰੇ
BIKKAR
BADSHAH
ENTERTAINMENT
BULLET
JUS 24X7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24X7
9X TASHAN
4 channels for only $14.99 on dish | sling
Call 1-888-246-6242 to Subscribe
and get a worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com